SAINI BHAWAN RUPNAGAR
PUNJAB
ਸਰਬੱਤ ਦਾ ਭਲਾ

# ਸੈਣੀ ਸੰਸਾਰ
# Saini Sansar

ਗੁਰੂ ਨਾਨਕ ਦੇਵ
ਜੀ ਦੇ
550ਵੇਂ ਪ੍ਰਕਾਸ਼ ਪੁਰਬ
ਨੂੰ ਸਮਰਪਿਤ
ਵਿਸ਼ੇਸ਼ ਅੰਕ



## ਕਲਿ ਤਾਰਣਿ ਗੁਰੁ ਨਾਨਕੁ ਆਇਆ ॥


PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

35

October - December 2019

ਮੁੱਲ : 30 ਰੁਪਏ

Volume - IX, Issue - IV

# Saini Sansar

(Quarterly)

October- December 2019

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**FOUNDER**

**Late Sh. L.R. Mundra**
Asstt. Police Commissioner
(Delhi) (Retd.)

**CHIEF EDITOR**

**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate
(Retd.)
Ph. : 94646-49922

**MANAGER (Circulation)**
**S. Ajmer Singh Dhamrait**
Supdt. Edu. Deptt. (Retd.)
Ph. : 9417586075

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Gurcharan Singh**
Supdt. Edu. Deptt. (Retd.)
Ph. : 01881220040

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **S. Malkiat Singn Saini,**
#4, Arnika Court, Jereme Grove, Glenwoood, Sydney-Australia

**U.S.A.** : **Dr. Manavpreet Kaur** Professor (English)
# 2421, Bryce Wood Lane, Plano-Tx-75025 (USA).

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

| **Subscription / Assistance Money** | **India** | **Abroad** |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| **ਚੰਦਾ/ਸਹਾਇਤਾ ਰਾਸ਼ੀ** | **ਭਾਰਤ** | **ਵਿਦੇਸ਼** |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ________ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 83562779**
**E-mail : sainibhawanrpr@gmail.com**
**Website : www.sainibhawan.org**

**Date of Publication : 05.10.2019**

# ਸੈਣੀ ਸੰਸਾਰ

(ਤਿਮਾਹੀ)

ਜਿਲਦ 9, ਅੰਕ 4 — ਅਕਤੂਬਰ - ਦਸੰਬਰ 2019

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

ਮੁੱਖ ਪੰਨੇ 'ਤੇ ਫੋਟੋ : ਮਹਾਨ ਦਾਰਸ਼ਨਿਕ ਬਾਬਾ ਨਾਨਕ

## ਤੱਤਕਰਾ

| ਕੀ | ਕਿੱਥੇ |
|---|---|
| ਸੰਪਾਦਕੀ | 3-4 |
| ਯੁੱਗਪੁਰਸ਼ - ਗੁਰੂ ਨਾਨਕ | 5-6 |
| ਕਵਿਤਾ - ਸੱਪ ਤੇ ਸੂਰਜ ਅਤੇ ਗਜ਼ਲ | 7 |
| ਸੈਣੀ ਬਰਾਦਰੀ ਦੀਆਂ ਵਿਸ਼ਵਪੱਧਰੀ ਸਖਸ਼ੀਅਤਾਂ | 8 |
| ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ | 9-10 |
| ਸੈਣੀ ਭਵਨ ਦੀਆਂ ਸਰਗਰਮੀਆਂ | 11-13 |
| ਜੱਗ ਚਾਨਣ ਹੋਆ | 14-15 |
| ਗੁਰੂ ਨਾਨਕ ਦਾ ਭਾਈ - ਮਰਦਾਨਾ ਰਬਾਬੀ | 16-17 |
| ਕਹਾਣੀ - ਮੇਰੇ ਪਾਪਾ ਵਾਪਸ ਬੁਲਾ ਦਿਓ | 18 |
| Donors, July-September 2019 | 19 |
| ਸਾਈਂ ਦਾ ਬਿਰਹਾ | 20 |
| ਕਵਿਤਾ - ਨਾਨਕ ਦੇ ਸੰਦੇਸ਼ | 21 |
| ਪਰਮਵੀਰ ਚੱਕਰ ਵਿਜੇਤਾ-ਕੈਪ. ਗੁਰਬਚਨ ਸਿੰਘ ਸਲਾਰੀਆ | 22 |
| ਧਰਮ-ਗੁਰੂ ਨਾਨਕ ਦੇਵ ਜੀ ਦੇ ਦ੍ਰਿਸ਼ਟੀਕੋਨ ਤੋਂ | 23-24 |
| ਕਹਾਣੀ- ਅਜਮਾਇਸ਼ੀ ਸਮਾਂ | 25-26 |
| ਕਵਿਤਾ - ਆਸ ਦਾ ਅਹਿਸਾਨ | 26 |
| Synergy between natural and artificial products | 27 |
| ਗੁਰੂ ਨਾਨਕ ਦੇ ਸੇਵਕ | 28-29 |
| Donors of Regular Scholarships | 30 |
| ਗੁਰੂ ਨਾਨਕ ਸਾਹਿਬ ਦਾ ਬ੍ਰਹਿਮੰਡ ਵਿਗਿਆਨ | 31-32 |
| ਗੁਰੂ ਨਾਨਕ ਫਲਸਫਾ - ਇੱਕ ਸਮਾਜਿਕ ਕ੍ਰਾਂਤੀ | 33 |
| ਗੁਰੂ ਨਾਨਕ ਦੇਵ ਦੇ ਵੰਸ਼ਜ਼ - ਬਾਬਾ ਸਾਹਿਬ ਸਿੰਘ ਬੇਦੀ | 34-35 |
| ਵਿਥਿਆ, ਚੋਲਾ ਸਾਹਿਬ ਦੀ | 36 |
| ਕਵਿਤਾ - ਨਾਨਕ ਜ਼ੀਰਾ, ਬਿਦਰ | 37 |
| ਗੁਰੂ ਨਾਨਕ ਦੇ ਸਿੱਖੀ ਸਿਧਾਂਤਾ 'ਤੇ ਅਮਲ | 38-39 |
| ਨਾਰੀ ਸ਼ਕਤੀ ਦੀਆਂ ਪ੍ਰਤੀਕ- ਅੰਤਰਰਾਸ਼ਟਰੀ ਖਿਡਾਰਨਾਂ | 40 |
| ਮੈਂ ਧਰਤੀ ਪੰਜਾਬ ਦੀ | 41 |
| Matrimonials | 42-48 |

## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ

# ਆਓ ! ਅਸਫ਼ਲਤਾ ਤੋਂ ਸਿੱਖੀਏ

ਅਜਮੇਰ ਸਿੰਘ (ਡਾ.)
ਰੂਪਨਗਰ



ਚੰਦ ਦੇ ਪਿੰਡੇ ਨੂੰ ਸਹਿਜ ਨਾਲ ਛੋਹ ਕੇ ਉਸ ਦੀ ਖੂਬਸੂਰਤੀ ਦਾ ਅਹਿਸਾਸ ਕਰਨ ਵਾਲਾ ਵਿਸ਼ਵ ਦਾ ਚੌਥਾ ਦੇਸ਼ ਅਖਵਾਉਣ ਦਾ ਭਾਰਤ ਦਾ ਚਾਅ ਹਾਲ ਦੀ ਘੜੀ ਪੂਰਾ ਨਹੀਂ ਹੋਇਆ। ਇਸ ਦਾ ਚੰਦਰਯਾਨ-2, ਚੰਦ ਦੀ ਸਤਹਿ 'ਤੇ ਪੁਲਾੜੀ ਯੰਤਰ ਦਾ 'ਸਹਿਜ ਉਤਾਰਾ' ਕਰਵਾਉਣ ਵਿੱਚ ਸਫ਼ਲ ਨਹੀ ਹੋਇਆ। ਇਸ ਕੰਮ ਵਿੱਚ ਪਹਿਲ ਸੋਵੀਅਤ ਯੂਨੀਅਨ ਨੇ 1959 ਵਿੱਚ ਚੰਦ 'ਤੇ ਆਪਣਾ ਲੂਨਾ-2 ਉਤਾਰ ਕੇ ਕੀਤੀ। ਅਮਰੀਕਾ ਨੇ ਇਸ ਤੋਂ 10 ਸਾਲ ਬਾਅਦ 1969 ਵਿੱਚ ਇਸ ਤੋਂ ਬਹੁਤ ਅੱਗੇ ਲੰਘਦਿਆਂ, ਅਪੋਲੋ-11 ਰਾਹੀਂ ਆਪਣੇ ਪੁਲਾੜ ਯਾਤਰੀ, ਨੀਲ ਆਰਮਜ਼ਸਟ੍ਰਾਂਗ ਨੂੰ ਚੰਦ ਦੀ ਧਰਤੀ 'ਤੇ ਉਤਾਰ ਕੇ ਮਾਅਰੁਕਾ ਮਾਰਿਆ। ਇਨ੍ਹਾਂ ਦੇ ਪਿੱਛੇ ਪਿੱਛੇ ਚੱਲਦਿਆਂ ਚੀਨ ਨੇ ਸੰਨ 2013 ਵਿੱਚ ਸਫਲਤਾ ਹਾਸਲ ਕਰ ਲਈ। ਇਸ ਲਈ ਸਾਨੂੰ ਇਹ ਮੰਨਣ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ ਕਿ ਅਸੀਂ ਪੁਲਾੜੀ ਵਿਗਿਆਨ ਵਿੱਚ ਰੂਸ ਤੋਂ ਸੱਠ ਸਾਲ ਅਤੇ ਅਮਰੀਕਾ ਤੋਂ ਪੰਜਾਹ ਸਾਲ ਪਿੱਛੇ ਹਾਂ।

ਭਾਰਤ ਨੇ ਇਹ ਸੁਪਨਾ 15 ਅਗਸਤ, 2003 ਵਿੱਚ ਲਿਆ ਜਿਸ ਦੀ ਪੂਰਤੀ ਲਈ ਭਾਰਤੀ ਪੁਲਾੜ ਖੋਜ ਸੰਸਥਾ ( ਇਸਰੋ) ਦੇ ਵਿਗਿਆਨੀਆਂ ਨੇ ਦਿਨ-ਰਾਤ ਮਿਹਨਤ ਕਰ ਕੇ 22 ਅਕਤੂਬਰ, 2008 ਨੂੰ ਆਪਣੇ ਦੇਸ਼ ਵਿੱਚ ਬਣੇ ਰਾਕਟ ਚੰਦਰਯਾਨ-1 ਨੂੰ ਭੇਜਿਆ ਜਿਸ ਨੇ ਦੂਰ ਤੋਂ ਹੀ ਪੂਰੇ ਜ਼ੋਰ ਨਾਲ ਇੱਕ ਪੁਲਾੜੀ ਪਰੋਬ ਨੂੰ ਚੰਦ ਦੇ ਦੱਖਣੀ ਧਰੁਵ ਲਾਗੇ ਵਗਾਹ ਕੇ ਸੁੱਟ ਕੇ ਆਪਣਾ ਨਿਰਧਾਰਿਤ ਕਾਰਜ ਸਫ਼ਲਤਾਪੂਰਬਕ ਪੂਰਾ ਕਰ ਦਿੱਤਾ। ਇਸ ਪੁਲਾੜੀ ਯੰਤਰ ਨੇ ਜੋ ਫੋਟੋਆਂ ਵਿਗਿਆਨੀਆਂ ਨੂੰ ਭੇਜੀਆਂ ਉਨ੍ਹਾਂ ਤੋਂ ਪਤਾ ਲੱਗਾ ਕਿ ਚੰਦ 'ਤੇ ਪਾਣੀ ਹੋਣ ਦੀ ਪੂਰੀ ਸੰਭਾਵਨਾ ਹੈ। ਇਸ ਨਾਲ ਭਾਰਤੀ ਵਿਗਿਆਨੀਆਂ ਦੀ ਚੰਦ ਵੱਲ ਦਿਲਚਸਪੀ ਹੋਰ ਵੀ ਵਧ ਗਈ।

ਇਸ ਮਿਸ਼ਨ ਨੂੰ ਹੋਰ ਅੱਗੇ ਵਧਾਉਣ ਲਈ ਇਸਰੋ ਦੇ ਪੁਲਾੜ ਵਿਗਿਆਨੀਆਂ ਨੇ ਧਾਰਮਿਕ ਰਸਮਾਂ ਅਤੇ ਸ਼ਗਨਾ ਨਾਲ 22 ਜੁਲਾਈ, 2019 ਦੇ ਸ਼ੁੱਭ ਦਿਹਾੜੇ ਚੰਦਰਯਾਨ-2 ਨੂੰ ਹਰੀਕੋਟਾ ਵਿਖੇ ਸਥਿਤ ਸਤੀਸ਼ ਧਵਨ ਸਪੇਸ ਸੈਂਟਰ ਤੋਂ 384000 ਕਿਲੋਮੀਟਰ ਦੀ ਚੰਦ ਯਾਤਰਾ ਲਈ ਵਿਦਾ ਕੀਤਾ। ਇਹ 2379 ਕਿੱਲੋ ਭਾਰਾ ਬਾਹੂਬਲੀ ( ਜੀ.ਐਸ.ਐਲ.ਵੀ. ਐਮ ਕੇ-3) ਪੂਰੀ ਸਫ਼ਲਤਾ ਨਾਲ ਚੰਦ ਦੀ ਧਰਾਤਲ ਵੱਲ ਵਧਦਾ ਗਿਆ ਪਰ ਮੰਜ਼ਲ ਤੋਂ ਕੇਵਲ 2.1 ਕਿਲੋਮੀਟਰ ਦੂਰ 7 ਸਤੰਬਰ, 2019 ਨੂੰ ਆਪਣੇ 1471 ਕਿੱਲੋ ਭਾਰੇ ਪੁੱਤਰ, ਬਿਕਰਮ (ਲੈਂਡਰ) ਨੂੰ ਕਾਬੂ ਵਿੱਚ ਨਾ ਰੱਖ ਸਕਿਆ। ਬਿਕਰਮ ਨੇ ਆਪਣੇ ਬਾਪ (ਆਰਬੀਟਰ) ਨਾਲੋਂ ਨਾਤਾ ਤੋੜ ਲਿਆ ਅਤੇ ਘੁੱਪ ਹਨੇਰੇ ਵਿੱਚ ਭਟਕ ਕੇ ਆਪਣੇ ਛੋਟੇ ਭਰਾ, ਪ੍ਰਗਿਆਨ(ਰੋਵਰ) ਸਮੇਤ ਪੂਰੇ ਜ਼ੋਰ ਨਾਲ ਚੰਦ ਦੀ ਧਰਾਤਲ ਨਾਲ ਟਕਰਾ ਕੇ ਮੂੰਹ-ਦੇ-ਮੂੰਹ ਜਾ ਡਿਗਿਆ। ਬਾਪ ਨੇ ਤਾਂ ਉਸ ਨੂੰ ਪੂਰੇ ਆਰਾਮ ਨਾਲ ਚੰਦ ਦੇ ਦੱਖਣੀ ਧਰੁਵ 'ਤੇ ਉਤਾਰਨਾ ਸੀ ਪਰ ਬਦਕਿਸਮਤ ਪੁੱਤਰ ਹੀ ਮਾੜਾ ਨਿਕਲਿਆ। ਆਰਬੀਟਰ ਤਾਂ ਅਜੇ ਵੀ ਚੰਦ ਦੁਆਲੇ ਘੁੰਮਦਿਆਂ ਆਪਣੇ ਪੁੱਤਰਾਂ ਨੂੰ ਕਿਸੇ ਸਿਰੇ ਲਾਉਣ ਲਈ ਵਿਆਕੁਲ ਹੈ।

ਨਿਰਧਾਰਿਤ ਪ੍ਰੋਗਰਾਮ ਅਨੁਸਾਰ 21 ਕਿੱਲੋ ਦੇ ਪ੍ਰਗਿਆਨ ਨੇ ਬਿਕਰਮ ਵਿੱਚੋਂ ਨਿਕਲ ਕੇ 14 ਦਿਨਾਂ ਤੱਕ ਚੰਦ ਦੀ ਧਰਾਤਲ 'ਤੇ 500 ਮੀਟਰ ਸਫਰ ਤੈਅ ਕਰਦਿਆਂ ਕਈ ਪ੍ਰਯੋਗ ਕਰਨੇ ਸਨ ਅਤੇ ਧਰਤੀ 'ਤੇ ਬੈਠੇ ਆਪਣੇ ਮਾਲਕ ਵਿਗਿਆਨੀਆਂ ਨੂੰ ਸੰਦੇਸ਼ੇ ਭੇਜਣੇ ਸਨ ਜਿਨਾਂ ਦਾ ਵਿਸ਼ਲੇਸ਼ਣ ਕਰ ਕੇ ਬਹੁਮੁੱਲੇ ਨਤੀਜੇ ਕੱਢੇ ਜਾਣੇ ਸਨ ਜਿਨਾਂ ਦਾ ਪੂਰੀ ਮਨੁੱਖਤਾ ਨੂੰ ਲਾਭ ਹੋਣਾ ਸੀ। ਇਨ੍ਹਾਂ ਪ੍ਰੇਖਣਾਂ ਤੋਂ ਚੰਦ ਦੀ ਆਯੂ, ਬਣਤਰ ਅਤੇ ਭਵਿੱਖ ਬਾਰੇ ਕੀਮਤੀ ਜਾਣਕਾਰੀ ਹਾਸਲ ਹੋਣੀ ਸੀ। ਇਹ ਮਿਸ਼ਨ ਇਸ ਕਰਕੇ ਵੀ ਅਹਿਮ ਸੀ ਕਿ ਚੰਦ ਦੇ ਦੱਖਣੀ ਧਰੁਵ ਵਾਲੇ ਇਲਾਕੇ ਵਿੱਚ ਹਨ੍ਹੇਰ ਪਸਰਿਆ ਰਹਿੰਦਾ ਹੈ ਜਿਸ ਕਾਰਨ ਇਹ ਖੇਤਰ ਅਜੇ ਤੱਕ ਵਿਗਿਆਨੀਆਂ ਲਈ ਅਪਹੁੰਚ ਹੀ ਹੈ।

ਭਾਰਤੀ ਵਿਗਿਆਨੀਆਂ ਨੇ ਇਹ ਤਿੰਨ-ਪੜਾਵੀ ਰਾਕਟ ਆਪਣੀ ਸੁਦੇਸ਼ੀ ਤਕਨੀਕ ਨਾਲ ਬਹੁਤ ਘੱਟ ਖਰਚ ਭਾਵ 978 ਕਰੋੜ ਰੁਪਏ ਨਾਲ ਤਿਆਰ ਕੀਤਾ ਸੀ। ਇਸ ਦੀ ਅਸਫਲਤਾ ਨਾਲ ਵਿਗਿਆਨੀਆਂ ਨੂੰ ਬਹੁਤ ਧੱਕਾ ਲੱਗਾ ਹੈ। ਬਦਸ਼ਗਨੀ ਤਾਂ ਆਰੰਭ ਵਿੱਚ ਹੀ ਹੋ ਗਈ ਸੀ ਜਦੋਂ ਕਿਸੇ ਤਕਨੀਕੀ ਨੁਕਸ ਕਾਰਨ ਰਾਕਟ ਦਾਗਣ ਦਾ ਸਮਾਂ 12 ਘੰਟੇ ਲੇਟ ਕਰਨਾ ਪਿਆ ਸੀ। ਪਰ ਵੱਡੇ ਕੰਮਾਂ ਵਿੱਚ ਅਜਿਹੇ ਅੜਿੱਕੇ ਪੈਣੇ ਕੋਈ ਬੜੀ ਗੱਲ ਨਹੀਂ। ਭਾਰਤੀ ਵਿਗਿਆਨੀਆਂ ਨੂੰ ਨਿਰਾਸ਼ ਹੋਣ ਦੀ ਜ਼ਰੂਰਤ ਨਹੀਂ। ਅਮਰੀਕਾ ਦੀ ਨਾਸਾ ਪੁਲਾੜ ਏਜੰਸੀ ਦਾ ਕਹਿਣਾ ਹੈ ਕਿ ਪਿਛਲੇ ਸੱਠ ਸਾਲਾਂ ਦੌਰਾਨ ਵਿਸ਼ਵ ਦੇ ਭਿੰਨ ਭਿੰਨ ਦੇਸ਼ਾਂ ਵਲੋਂ ਕੀਤੀਆਂ 109 ਲੂਨਰ ਮਿਸ਼ਨਾਂ ਵਿੱਚੋ 48 (40%) ਅਸਫਲ ਹੋਈਆਂ ਹਨ।

ਹੁਣ ਸੋਚਣਾ ਤਾਂ ਇਹ ਹੈ ਕਿ ਇਸ ਅਸਫ਼ਲਤਾ ਨੂੰ ਸਫ਼ਲਤਾ ਵਿੱਚ ਕਿਵੇਂ ਬਦਲਣਾ ਹੈ? ਇਸ ਉਦੇਸ਼ ਦੀ ਪੂਰਤੀ ਹਿਤ ਸਰਕਾਰ ਦੀ ਇੱਛਾ-ਸ਼ਕਤੀ ਤੇ ਵਿਗਿਆਨੀਆਂ ਦੀ ਮਿਹਨਤ ਤੇ ਨਿਸ਼ਠਾ ਦੀ ਜ਼ਰੂਰਤ ਹੈ। ਵਿਗਿਆਨ ਦਾ ਸਬੰਧ ਪਦਾਰਥ ਦੇ ਤੋੜ-ਜੋੜ ਨਾਲ ਹੈ। ਦੁਆਵਾਂ, ਦਿਲਵਰੀਆਂ, ਅਰਦਾਸਾਂ ਅਤੇ ਸ਼ੁਭਕਾਮਨਾਵਾਂ ਕਿਸੇ ਵਿਗਿਆਨੀ ਦੇ ਡਿਗਦੇ ਆਤਮਵਿਸ਼ਵਾਸ ਨੂੰ ਤਾਂ ਢਾਰਸ ਦੇ ਸਕਦੀਆਂ ਹਨ ਪਰ ਉਸ ਦੀ ਕਾਰਗੁਜ਼ਾਰੀ ਵਿੱਚ ਬਿਹਤਰੀ ਨਹੀਂ ਲਿਆ ਸਕਦੀਆਂ।

ਲੋੜ ਹੈ, ਵਿਗਿਆਨੀਆਂ ਲਈ ਅਨੁਕੂਲ ਕੰਮ-ਮਾਹੌਲ ਪੈਦਾ ਕਰਨ ਦੀ। ਵਿਗਿਆਨ ਹਮੇਸ਼ਾਂ ਅੱਗੇ ਵੱਲ ਦੇਖਦਾ ਹੈ, ਪਿੱਛੇ ਝਾਕਣਾ ਇਸ ਦੀ ਫਿਤਰਤ ਨਹੀਂ। ਰੂੜ੍ਹੀਵਾਦੀ ਅਤੇ ਪਿਛਾਖੜੀ ਸੋਚ ਵਿਗਿਆਨ ਦੇ ਵਿਕਾਸ ਦਾ ਰੋੜਾ ਬਣਦੀ ਹੈ। ਪੁਰਾਤਨ ਭਾਰਤੀ ਲੋਕ-ਕਥਾਵਾਂ ਦੇ ਪਾਤਰ ਕਲਪਿਤ ਅਤੇ ਯੰਤਰ ਆਧੁਨਿਕ ਵਿਗਿਆਨੀਆਂ ਦੇ ਰਾਹ-ਦਸੇਰੇ ਨਹੀਂ ਬਣ ਸਕਦੇ। ਜੇ ਅਜਿਹਾ ਹੁੰਦਾ ਤਾਂ ਭਾਰਤ ਦੇ ਪੁਲਾੜ ਵਿਗਿਆਨੀ ਆਪਣੇ ਉਡਣ ਖਟੋਲਿਆਂ ਦੀ ਤਕਨੀਕ ਦਾ ਵਿਕਾਸ ਕਰਕੇ ਰਾਕਟ ਬਣਾ ਲੈਂਦੇ ਅਤੇ ਸਦੀਆਂ ਪਹਿਲਾਂ ਚੰਦ 'ਤੇ ਪੁੱਜ ਜਾਂਦੇ। ਆਧੁਨਿਕ ਤਕਨਾਲੋਜੀ ਦੇ ਵਿਕਾਸ ਲਈ ਅਤਿ ਆਧੁਨਿਕ ਪ੍ਰਯੋਗਸ਼ਾਲਾਵਾਂ ਅਤੇ ਮਿਆਰੀ ਸਿੱਖਿਆ-ਸੰਸਥਾਵਾਂ ਦੀ ਲੋੜ ਹੈ।

ਰਾਜਨੀਤਿਕ ਆਗੂਆਂ ਦੇ ਜੁਮਲੇ ਅਤੇ ਅੰਧਰਾਸ਼ਟਰਵਾਦੀ ਤੇ ਫਿਰਕਾਪ੍ਰਸਤ ਨਾਅਰੇ ਉਨ੍ਹਾਂ ਨੂੰ ਗੱਦੀ 'ਤੇ ਤਾਂ ਬਿਠਾ ਸਕਦੇ ਹਨ ਪਰ ਵਿਗਿਆਨਕ ਵਿਕਾਸ ਦਾ ਕੁੱਝ ਨਹੀਂ ਸੰਵਾਰ ਸਕਦੇ। ਇਸ ਲਈ ਤਾਂ ਠੋਸ ਉਪਰਾਲੇ ਕਰਨੇ ਪੈਣਗੇ। ਵਿਗਿਆਨਕ ਪ੍ਰਾਪਤੀਆਂ ਦਾ ਸਿਹਰਾ, ਸਮੇਂ ਦੇ ਸ਼ਾਸਕਾਂ ਦੀ ਬਿਜਾਏ ਵਿਗਿਆਨੀਆਂ ਦੇ ਸਿਰ ਬੰਨ੍ਹਣਾ ਜ਼ਰੂਰੀ ਹੈ। ਇਸ ਨਾਲ ਉਨ੍ਹਾਂ ਨੂੰ ਹੌਸਲਾ ਮਿਲੇਗਾ। ਜੇ ਭਾਰਤੀ ਵਿਗਿਆਨੀ ਅਮਰੀਕਾ ਦੇ ਨਾਗਰਿਕ ਬਣ ਕੇ ਨੋਬਲ ਇਨਾਮ ਲੈ ਸਕਦੇ ਹਨ ਤਾਂ ਆਪਣੇ ਦੇਸ਼ ਦਾ ਚੰਦ 'ਤੇ ਪਹੁੰਚਣ ਦਾ ਸੁਪਨਾ ਸਾਕਾਰ ਕਿਉਂ ਨਹੀਂ ਕਰ ਸਕਦੇ? ਸਭ ਕੁੱਝ ਸੰਭਵ ਹੈ, ਲੋੜ ਹੈ ਸਾਡੇ ਰਾਜਨੀਤਿਕ ਆਗੂਆਂ ਨੂੰ ਆਪਣੀ ਸੋਚ ਨੂੰ ਸਹੀ ਦਿਸ਼ਾ ਵਿਚ ਸੇਧਿਤ ਕਰਨ ਦੀ।

❋ ❋ ❋

## ਨਵੇਂ ਟਰੱਸਟੀਆਂ ਨੂੰ ਜੀ ਆਇਆਂ



**ਸ. ਬਹਾਦੁਰਜੀਤ ਸਿੰਘ** ਪੁੱਤਰ ਸਵ. ਐਡਵੋਕੇਟ ਹਜ਼ੂਰਾ ਸਿੰਘ ਨਿਵਾਸੀ ਰੂਪਨਗਰ। ਆਪ 'ਪੰਜਾਬੀ ਟ੍ਰਿਬਿਊਨ' ਅਖਬਾਰ ਦੇ ਨਾਮਾਨਿਗਾਰ ਅਤੇ ਰੂਪਨਗਰ ਪ੍ਰੈਸ ਕਲੱਬ ਦੇ ਪ੍ਰਧਾਨ ਹਨ।



**ਸ. ਰਾਜਿੰਦਰ ਸਿੰਘ ਗਿਰਨ** ਵਾਸੀ ਰੂਪਨਗਰ, ਜੋ ਕਿ ਪੰਜਾਬ ਸਿਵਲ ਸਕੱਤਰੇਤ ਤੋਂ ਆਫਿਸ ਸੁਪਰਡੈਂਟ ਦੇ ਅਹੁਦੇ ਤੋਂ ਸੇਵਾਮੁਕਤ ਹੋਣ ਉਪਰੰਤ ਕਈ ਸਾਲਾਂ ਤੋਂ ਸੈਣੀ ਭਵਨ ਵਿੱਚ ਆਡਿਟਰ ਵਜੋਂ ਡਿਊਟੀ ਨਿਭਾ ਰਹੇ ਹਨ।

ਆਪ ਦੋਵਾਂ ਦਾ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਦੀ ਪ੍ਰਬੰਧਕ ਕਮੇਟੀ ਵਿੱਚ ਸਵਾਗਤ ਹੈ।

ਜਰੂਰੀ ਸੂਚਨਾ

## ਸਾਲਾਨਾ ਭਾਸ਼ਣ ਮੁਕਾਬਲੇ

ਵਿਦਿਆਰਥੀਆਂ ਦੇ ਆਤਮ-ਵਿਸ਼ਵਾਸ ਅਤੇ ਸਵੈ-ਪ੍ਰਗਟਾਵੇ ਦੀ ਭਾਵਨਾ ਨੂੰ ਦ੍ਰਿੜ ਕਰਨ ਦੇ ਮੰਤਵ ਨਾਲ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.), ਸੈਣੀ ਭਵਨ ਰੂਪਨਗਰ ਦੀ ਪ੍ਰਬੰਧਕੀ ਕਮੇਟੀ ਵੱਲੋ ਹਰ ਸਾਲ ਭਾਸ਼ਣ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਸਾਲ ਇਹ ਮੁਕਾਬਲੇ ਮਿਤੀ 31 ਅਕਤੂਬਰ, 2019 ਦਿਨ ਵੀਰਵਾਰ ਨੂੰ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਮੁਕਾਬਲੇ ਦੋ ਵਰਗਾਂ ਦੇ ਵਿਦਿਆਰਥੀਆਂ ਲਈ ਹੋਣਗੇ।

1. ਜੂਨੀਅਰ ਵਰਗ :- ਇਹ ਮੁਕਾਬਲਾ ਪੰਜਾਬੀ ਭਾਸ਼ਾ ਵਿੱਚ ਹੋਵੇਗਾ ਅਤੇ ਇਸ ਵਿੱਚ +2 ਤੱਕ ਦੇ ਵਿਦਿਆਰਥੀ ਭਾਗ ਲੈਣ ਦੇ ਯੋਗ ਹੋਣਗੇ। ਇਸ ਦਾ ਵਿਸ਼ਾ ਹੈ-**''ਪਾਣੀ ਦੀ ਸਾਂਭ-ਸੰਭਾਲ''**

**2.** ਸੀਨੀਅਰ ਵਰਗ :- ਇਹ ਮੁਕਾਬਲਾ ਅੰਗੇਰਜ਼ੀ ਭਾਸ਼ਾ ਵਿੱਚ ਹੋਵੇਗਾ ਅਤੇ ਇਸ ਵਿੱਚ +2 ਅਤੇ ਇਸ ਤੋਂ ਹਾਇਰ ਕਲਾਸਾਂ ਦੇ ਵਿਦਿਆਰਥੀ ਭਾਗ ਲੈਣ ਦੇ ਯੋਗ ਹੋਣਗੇ। ਇਸ ਦਾ ਵਿਸ਼ਾ ਹੈ- **"Drawbacks in Indian electoral system and suggestions for improvement."**

ਆਪਣਾ ਭਾਸ਼ਣ 4 ਤੋਂ 5 ਮਿੰਟ ਵਿੱਚ ਖਤਮ ਕਰਨਾ ਹੋਵੇਗਾ। ਇਸ ਤੋਂ ਘੱਟ ਜਾਂ ਵੱਧ ਸਮਾਂ ਲੈਣ ਵਾਲੇ ਵਿਦਿਆਰਥੀ ਨੂੰ ਅਯੋਗ ਕਰ ਦਿੱਤਾ ਜਾਵੇਗਾ। ਵਿਦਿਆਰਥੀਆਂ ਦੇ ਭਾਸ਼ਣ ਦਾ ਮੁਲਾਕਣ ਨਿਰਪੱਖ ਜੱਜਾਂ ਵਲੋਂ ਕੀਤਾ ਜਾਵੇਗਾ।ਜੇਤੂ ਵਿਦਿਆਰਥੀਆਂ ਨੂੰ ਹੇਠ ਅਨੁਸਾਰ ਨਕਦ ਇਨਾਮ ਦਿੱਤੇ ਜਾਣਗੇ।

ਸੀਨੀਅਰ ਵਰਗ:-ਪਹਿਲਾ ਇਨਾਮ-2000 ਰੁਪਏ, ਦੂਜਾ ਇਨਾਮ-1600 ਰੁਪਏ ਅਤੇ ਤੀਜਾ ਇਨਾਮ-1200 ਰੁਪਏ।

ਜੂਨੀਅਰ ਵਰਗ:-ਪਹਿਲਾ ਇਨਾਮ-1500 ਰੁਪਏ, ਦੂਜਾ ਇਨਾਮ-1200 ਰੁਪਏ ਅਤੇ ਤੀਜਾ ਇਨਾਮ-1000 ਰੁਪਏ।

ਚੌਥਾ ਅਤੇ ਪੰਜਵਾਂ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਕਿਤਾਬਾਂ ਦਾ ਸੈਟ ਦਿੱਤਾ ਜਾਵੇਗਾ। ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟਾਂ ਨਾਲ ਸਨਮਾਨਿਆ ਜਾਵੇਗਾ। ਹਰ ਮੁਕਾਬਲੇ ਵਿੱਚ ਇੱਕ ਵਿਦਿਅਕ ਸੰਸਥਾ ਤੋਂ ਇੱਕ ਵਿਸ਼ੇ ਵਿੱਚ ਵੱਧ ਤੋਂ ਵੱਧ ਦੋ ਵਿਦਿਆਰਥੀ ਭਾਗ ਲੈ ਸਕਦੇ ਹਨ। ਇਹ ਭਾਸ਼ਣ ਮੁਕਾਬਲੇ ਸਵੇਰੇ 9 ਵਜੇ ਅਰੰਭ ਕੀਤੇ ਜਾਣਗੇ। ਆਪ ਜੀ ਨੂੰ ਬੇਨਤੀ ਹੈ ਕਿ ਇਨ੍ਹਾਂ ਭਾਸ਼ਣ ਮੁਕਾਬਲਿਆਂ ਵਿੱਚ ਭਾਗ ਲੈਣ ਦੇ ਚਾਹਵਾਨ ਵਿਦਿਆਰਥੀਆਂ ਦੇ ਨਾਂ 28 ਅਕਤੂਬਰ 2019 ਤੱਕ ਸੰਸਥਾ ਦੇ ਦਫਤਰ ਵਿੱਚ ਦਰਜ ਕਰਵਾ ਦਿੱਤੇ ਜਾਣ। ਰਜਿਸਟਰੇਸ਼ਨ ਫੀਸ 20 ਰੁਪਏ ਪ੍ਰਤੀ ਵਿਦਿਆਰਥੀ ਹੈ।



# ਯੁੱਗਪੁਰਸ਼ - ਗੁਰੂ ਨਾਨਕ

ਡਾ. ਰਣਜੀਤ ਸਿੰਘ ਤੰਬੜ
ਲੁਧਿਆਣਾ

ਪੰਦਰਵੀਂ ਸਦੀ ਦੌਰਾਨ ਭਾਰਤ ਦੀ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਸਥਿਤੀ ਬਹੁਤ ਹੀ ਭੈੜੀ ਸੀ। ਦੇਸ਼ ਵਿਚ ਰਾਜਸੀ ਅਸਥਿਰਤਾ ਸੀ। ਬਾਹਰੋਂ ਧਾੜਵੀਂ ਹਮਲੇ ਹੋ ਰਹੇ ਸਨ। ਹਰ ਪਾਸੇ ਧੱਕੇਸ਼ਾਹੀ ਸੀ। ਧਰਮ ਦੇ ਠੇਕੇਦਾਰ ਆਪਣੇ ਫਰਜ਼ਾਂ ਨੂੰ ਭੁੱਲ ਕੇ ਲੋਟੂ ਟੋਲੇ ਨਾਲ ਰਲ ਕੇ ਲੋਕਾਈ ਦੀ ਲੁੱਟ ਕਰ ਰਹੇ ਸਨ। ਸਮਾਜ, ਵਰਗ-ਵੰਡ ਵਿਚ ਜਕੜਿਆ ਹੋਇਆ ਸੀ। ਦੇਸ਼ ਦੀ ਬਹੁਗਿਣਤੀ ਗਰੀਬ, ਅਨਪੜ੍ਹ ਤੇ ਨੀਵੀਆਂ ਜਾਤਾਂ ਦੀ ਹੋਣ ਕਰਕੇ ਉਨ੍ਹਾਂ ਨੂੰ ਅਛੂਤ ਸਮਝਿਆ ਜਾ ਰਿਹਾ ਸੀ।



ਵੇਲੇ ਦੇ ਹਾਕਮਾਂ ਨੇ ਧਰਮ ਦੇ ਠੇਕੇਦਾਰ ਅਤੇ ਉੱਚੀ ਜਾਤੀ ਦੇ ਆਗੂਆਂ ਨੂੰ ਖਰੀਦ ਕੇ ਉਨ੍ਹਾਂ ਹੱਥੋਂ ਹੀ ਇਨ੍ਹਾਂ ਵੰਡੀਆਂ ਨੂੰ ਮਜਬੂਤ ਕਰਵਾਇਆ। ਗਰੀਬ, ਨਿਮਾਣੇ ਤੇ ਲਿਤਾੜੇ ਜਾ ਰਹੇ ਲੋਕਾਂ ਦੇ ਦਿਮਾਗ ਵਿਚ ਧਾਰਮਿਕ ਆਗੂਆਂ ਨੇ ਇਹ ਗੱਲ ਬਿਠਾ ਦਿੱਤੀ ਕਿ ਤੁਹਾਡੀ ਦੁਰਦਸ਼ਾ ਤੁਹਾਡੇ ਪਿਛਲੇ ਜਨਮਾਂ ਵਿਚ ਕੀਤੇ ਕਰਮਾਂ ਕਰਕੇ ਹੈ। ਉਨ੍ਹਾਂ ਸਮਝਾਇਆ ਗਿਆ ਕਿ ਅਗਲੇ ਜਨਮ ਵਿਚ ਭਲੇ ਦਿਨ ਵੇਖਣ ਲਈ ਉਚੀਆਂ ਜਾਤੀਆਂ ਦੀ ਸੇਵਾ ਕਰੋ, ਦੇਵੀ-ਦੇਵਤਿਆਂ ਦੀ ਪੂਜਾ ਕਰੋ ਅਤੇ ਧਾਰਮਿਕ ਆਗੂਆਂ ਨੂੰ ਰੱਬ ਦੇ ਨੁਮਾਇੰਦੇ ਮੰਨ ਕੇ ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਕਰੋ। ਸਮੇਂ ਦੇ ਰਾਜਸੀ ਅਤੇ ਧਾਰਮਿਕ ਆਗੂਆਂ ਨੇ ਨੀਚ ਅਤੇ ਅਛੂਤ ਸਮਝੇ ਜਾਂਦੇ ਲੋਕਾਂ ਲਈ ਵਿਦਿਆ-ਪ੍ਰਾਪਤੀ ਅਤੇ ਧਾਰਮਿਕ ਸਥਾਨਾਂ ਉਤੇ ਜਾਣ ਦੀ ਸਖ਼ਤ ਮਨਾਹੀ ਕੀਤੀ ਹੋਈ ਸੀ। ਧਾੜਵੀਆਂ ਦੇ ਹਮਲਿਆਂ ਅਤੇ ਵਿਦੇਸ਼ੀਆਂ ਦੀ ਗੁਲਾਮੀ ਨੇ ਲੋਕਾਂ ਵਿਚੋਂ ਸਵੈਮਾਣ ਖਤਮ ਹੀ ਕਰ ਦਿੱਤਾ ਸੀ। ਆਪਣੇ ਆਪ ਦੀ ਰਾਖੀ ਕਰਨਾ ਉਹ ਭੁੱਲ ਹੀ ਗਏ ਸਨ। ਧਾੜਵੀ ਆਉਂਦੇ, ਆਪਣੀ ਮਰਜੀ ਨਾਲ ਲੁਟ ਮਚਾਉਂਦੇ ਅਤੇ ਲੋਕਾਂ ਉਤੇ ਜ਼ੁਲਮ ਕਰਦੇ। ਇਥੋਂ ਤੱਕ ਕਿ ਇਥੋਂ ਦੀਆਂ ਔਰਤਾਂ ਨੂੰ ਵੀ ਲੁੱਟ ਦੇ ਮਾਲ ਵਾਂਗ ਹੀ ਆਪਣੇ ਨਾਲ ਲੈ ਜਾਂਦੇ ਸਨ। ਇਸ ਜ਼ੁਲਮ ਵਿਰੁੱਧ ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਨੇ ਅਵਾਜ਼ ਬੁਲੰਦ ਕੀਤੀ। ਉਨ੍ਹਾਂ ਜ਼ੁਲਮ ਨੂੰ ਲਲਕਾਰਿਆ, ਧਾਰਮਿਕ ਆਗੂਆਂ ਨੂੰ ਫਿਟਕਾਰਿਆ ਅਤੇ ਦੱਬੇ ਕੁਚਲੇ ਲੋਕਾਂ ਨੂੰ ਆਪਣੇ ਹੱਕਾਂ ਦੀ ਰਾਖੀ ਲਈ ਜੂਝਣ ਵਾਸਤੇ ਵੰਗਾਰਿਆ। ਉਨ੍ਹਾਂ ਨੇ ਬੜੀ ਦਲੇਰੀ ਨਾਲ ਸ਼ਾਸਕਾਂ ਨੂੰ ਦੁਰਕਾਰਦਿਆਂ ਆਖਿਆ-

ਕੂੜੁ ਬੋਲਿ ਮੁਰਦਾਰੁ ਖਾਇ।।
ਅਵਰੀ ਜੋ ਸਮਝਾਵਣਿ ਜਾਇ।।
ਮੁਠਾ ਆਪਿ ਮੁਹਾਏ ਸਾਥੈ।।
ਨਾਨਕ ਐਸਾ ਆਗੂ ਜਾਪੈ।। (140)

ਇਸੇ ਤਰ੍ਹਾਂ ਉਨ੍ਹਾਂ ਧਾਰਮਿਕ ਆਗੂਆਂ ਨੂੰ ਵੀ ਫਿਟਕਾਰਿਆ :

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ।।
ਕਾਜੀਆਂ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ।। (722)

ਉਨ੍ਹਾਂ ਲੁੱਟੀ ਜਾ ਰਹੀ ਲੋਕਾਈ ਨੂੰ ਆਪਣੇ ਹੱਕਾਂ ਦੀ ਰਾਖੀ ਵਾਸਤੇ ਲੜਨ ਲਈ ਤਿਆਰ ਕੀਤਾ। ਉਨ੍ਹਾਂ ਆਖਿਆ :

ਜੇ ਜੀਵੈ ਪਤਿ ਲੱਥੀ ਜਾਇ।।
ਸਭੁ ਹਰਾਮੁ ਜੇਤਾ ਕਿਛੁ ਖਾਇ।। (142)

ਉਸ ਸਮੇਂ ਦੀ ਸਮਾਜਿਕ ਅਤੇ ਰਾਜਸੀ ਸਥਿਤੀ ਦਾ ਵੀ ਉਨ੍ਹਾਂ ਬੜੀ ਦਲੇਰੀ ਨਾਲ ਵਿਖਿਆਨ ਕੀਤਾ :

ਕਲਿ ਕਾਤੀ ਰਾਜੇ ਕਸਾਈ ਧਰਮੁ ਪੰਖ ਕਰਿ ਉਡਰਿਆ।।
ਕੂੜੁ ਅਮਾਵਸ ਸਚੁ ਚੰਦਰਮਾਂ ਦੀਸੈ ਨਾਹੀਂ ਕਹ ਚੜਿਆ।। (145)

ਅਜਿਹੇ ਸਮੇਂ ਹੀ ਗੁਰੂ ਨਾਨਕ ਜੀ ਦਾ ਜਨਮ 1469 ਈਸਵੀ ਨੂੰ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਵਿਖੇ ਮਹਿਤਾ ਕਾਲੂ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਹੋਇਆ।

ਗੁਰੂ ਨਾਨਕ ਸਾਹਿਬ ਨੇ ਸਮਾਜਿਕ ਨਾਬਰਾਬਰੀ ਵਿਰੁੱਧ ਅਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਸੰਘਰਸ਼ ਸ਼ੁਰੂ ਕੀਤਾ। ਉਨ੍ਹਾਂ ਸ਼ਬਦ ਅਤੇ ਤਰਕ ਨੂੰ ਆਪਣਾ ਹਥਿਆਰ ਬਣਾਇਆ। ਉਨ੍ਹਾਂ ਆਪਣੇ ਬਚਪਨ ਦੇ ਸਾਥੀ ਨੀਵੀਂ ਜਾਤ ਦੇ ਸਮਝੇ ਜਾਂਦੇ ਰਬਾਬੀ ਮਰਦਾਨਾ ਜੀ ਨੂੰ ਨਾਲ ਲੈ ਕੇ ਕੋਈ 24 ਸਾਲ ਚੀਨ ਤੋਂ ਲੈ ਕੇ ਮੱਕਾ ਮਦੀਨਾ ਤੀਕ ਪੈਦਲ ਯਾਤਰਾ ਕੀਤੀ। ਆਪਣੀਆਂ ਚਾਰ ਉਦਾਸੀਆਂ ਸਮੇਂ ਉਹ ਧਰਤੀ ਦੇ ਹਰ ਉਸ ਖਿੱਤੇ ਵਿੱਚ ਗਏ ਜਿੱਥੇ ਉਸ ਸਮੇਂ ਪਹੁੰਚਿਆ ਜਾ ਸਕਦਾ ਸੀ। ਉਨ੍ਹਾਂ ਸੱਚ ਅਤੇ ਸੱਚੇ-ਸੁੱਚੇ ਜੀਵਨ ਨੂੰ ਮਨੁੱਖ ਦੀ ਸਭ ਤੋਂ ਵੱਡੀ ਸ਼ਕਤੀ ਅਤੇ ਸੁਖਾਵੇਂ ਜੀਵਨ ਦਾ ਅਧਾਰ ਮੰਨਿਆ। ਉਨ੍ਹਾਂ ਹਮੇਸ਼ਾਂ ਸੱਚ, ਗਰੀਬ ਤੇ ਨਿਮਾਣੇ ਦਾ ਸਾਥ ਦਿੱਤਾ। ਉਨ੍ਹਾਂ ਉਚਾਰਿਆ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।।

ਨਾਨਕੁ ਤਿੰਨ ਕੈ ਸੰਗਿ ਸਾਥਿ ਵੱਡਿਆ ਸਿਉ ਕਿਆ ਰੀਸ।। (15)

ਉਨ੍ਹਾਂ ਦੇ ਸਮੇਂ ਬਾਬਰ ਨੇ ਭਾਰਤ ਉੱਤੇ ਹਮਲਾ ਕੀਤਾ। ਗੁਰੂ ਸਾਹਿਬ ਨੇ ਉਸ ਦੇ ਜ਼ੁਲਮ ਨੂੰ ਵੇਖ ਉਸ ਨੂੰ ਜਾਬਰ ਆਖਿਆ। ਬਾਬਰ ਦੀ ਨਾਰਾਜਗੀ ਝਲਦਿਆਂ ਹੋਇਆਂ ਜੇਲ੍ਹ ਵੀ ਜਾਣਾ ਪਿਆ ਪਰ ਆਪ ਆਪਣੇ ਅਕੀਦੇ ਉੱਤੇ ਅਟਲ ਰਹੇ। ਸਗੋਂ ਆਪਣੇ ਸ਼ਬਦਾਂ ਦੀ ਸ਼ਕਤੀ ਨਾਲ ਜ਼ਾਲਮਾਂ ਨੂੰ ਉਨ੍ਹਾਂ ਦੇ ਭੈੜੇ ਕਰਮਾਂ ਦਾ ਅਹਿਸਾਸ ਕਰਵਾਇਆ। ਲੁੱਟ ਦਾ ਮੁਕਾਬਲਾ ਕਰਨ ਲਈ ਉਨ੍ਹਾਂ ਨੇ ਲੋਕਾਂ ਨੂੰ ਤਿਆਰ ਕੀਤਾ। ਉਨ੍ਹਾਂ ਆਖਿਆ ਕਿ ਆਪਣੀ ਲੜਾਈ ਆਪ ਹੀ ਲੜਨੀ ਪੈਂਦੀ ਹੈ। ਬਿਨਾਂ ਕਰਮ ਕੀਤਿਆਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ-

ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ।। (722)

ਉਨ੍ਹਾਂ ਨੇ ਆਮ ਲੋਕਾਂ ਲਈ ਗਿਆਨ ਦੇ ਬੂਹੇ ਖੋਲ੍ਹੇ। ਆਪਣੀ ਬਾਣੀ ਲੋਕਾਂ ਦੀ ਭਲਾਈ ਵਿੱਚ ਉਚਾਰੀ। ਹਰ ਥਾਂ ਨੀਚ ਆਖੇ ਜਾਂਦੇ ਲੋਕਾਂ ਦੇ ਘਰਾਂ ਵਿੱਚ ਨਿਵਾਸ ਕੀਤਾ ਤੇ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਜਾਣੂ ਕਰਵਾਇਆ। ਗੁਰੂ ਜੀ ਨੇ ਸੰਗਤ, ਪੰਗਤ ਤੇ ਲੰਗਰ ਦੀ ਪ੍ਰਥਾ ਤੋਰ ਕੇ ਸਭਨਾਂ ਨੂੰ ਇੱਕੋ ਥਾਂ ਬੈਠਣਾ ਸਿਖਾਇਆ। ਲੋਕਾਂ ਨੂੰ ਸਮਝਾਇਆ ਕਿ ਤੁਸੀਂ ਨਿਤਾਣੇ ਤੇ ਨਿਮਾਣੇ ਕਿਵੇਂ ਹੋ ਸਕਦੇ ਹੋ। ਤੁਸੀਂ ਤਾਂ ਕਿਰਤੀ ਹੋ, ਤੁਹਾਡੀ ਮਿਹਨਤ ਉੱਤੇ ਹੀ ਵਿਹਲੜ ਮੌਜਾਂ ਕਰਦੇ ਹਨ। ਕਿਰਤ ਦਾ ਸਤਿਕਾਰ ਕੀਤਾ ਤੇ ਕਿਰਤੀ ਨੂੰ ਗਲੇ ਲਗਾਇਆ। ਉਮਰ ਦੇ ਆਖਰੀ ਸਾਲਾਂ ਵਿਚ ਉਨ੍ਹਾਂ ਕਰਤਾਰਪੁਰ ਨੂੰ ਆਪਣਾ ਕੇਂਦਰ ਬਣਾ ਕੇ ਹੱਥੀਂ ਖੇਤੀ ਕੀਤੀ।

ਸੰਸਾਰ ਦੇ ਇਤਿਹਾਸ ਵਿੱਚ ਗੁਰੂ ਨਾਨਕ ਸਾਹਿਬ ਜੀ ਅਜਿਹੇ ਯੁੱਗ ਪੁਰਸ਼ ਹੋਏ ਹਨ ਜਿਨ੍ਹਾਂ ਪਹਿਲੀ ਵੇਰ ਸਮਾਜਿਕ ਬਰਾਬਰੀ ਅਤੇ ਲੋਕ ਹੱਕਾਂ ਦੀ ਰਾਖੀ ਲਈ ਇਨਕਲਾਬੀ ਕਾਰਜ ਕੀਤਾ। ਉਦੋਂ ਸਮਾਜ ਵਿੱਚ ਔਰਤ ਦੀ ਵੀ ਭੈੜੀ ਸਥਿਤੀ ਸੀ। ਗੁਰੂ ਜੀ ਨੇ ਆਖਿਆ ਕਿ ਰਾਜੇ ਮਹਾਰਾਜਿਆਂ ਦੀ ਜਨਨੀ ਦਾਸੀ ਕਿਵੇਂ ਹੋ ਸਕਦੀ ਹੈ-

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।। (473)

ਗੁਰੂ ਸਾਹਿਬ ਨੇ ਲੋਕਾਈ ਨੂੰ ਵਹਿਮਾਂ-ਭਰਮਾਂ ਅਤੇ ਅੰਧ-ਵਿਸ਼ਵਾਸ ਵਿੱਚੋਂ ਕੱਢ ਕੇ ਇੱਕ ਰੱਬ ਉੱਤੇ ਭਰੋਸਾ ਕਰਨਾ ਸਿਖਾਇਆ। ਉਨ੍ਹਾਂ ਸਮਝਾਇਆ ਕਿ ਜਨਮ ਤੋਂ ਕੋਈ ਵੀ ਚੰਗਾ ਜਾਂ ਮਾੜਾ ਨਹੀਂ ਹੁੰਦਾ। ਬੁਰੇ ਬੰਦੇ ਦੇ ਕਰਮ ਹੁੰਦੇ ਹਨ। ਉਨ੍ਹਾਂ ਨੇ ਲੋਕਾਂ ਦੇ ਮਨਾਂ ਵਿੱਚੋਂ ਤਾਕਤ ਦੇ ਡਰ ਨੂੰ ਦੂਰ ਕਰਕੇ ਸੱਚ ਤੇ ਹੱਕ ਦੀ ਲੜਾਈ ਲਈ ਤਿਆਰ ਕੀਤਾ। ਜਿਹੜਾ ਸੁੱਚੀ ਕਿਰਤ ਕਰਦਾ ਹੈ, ਉਸ ਨੂੰ ਵੰਡ ਕੇ ਛਕਦਾ ਹੈ, ਕਿਸੇ ਦਾ ਹੱਕ ਨਹੀਂ ਮਾਰਦਾ, ਉਹ ਹੀ ਉੱਚਾ ਹੈ। ਇਸ ਤਰ੍ਹਾਂ ਉਨ੍ਹਾਂ ਨੇ ਕੇਵਲ ਸਮਾਜਿਕ ਬਰਾਬਰੀ ਅਤੇ ਲੋਕ-ਹੱਕਾਂ ਲਈ ਘੋਲ ਹੀ ਨਹੀਂ ਕੀਤਾ ਸਗੋਂ ਸੰਸਾਰ ਨੂੰ ਸਮਾਜਵਾਦ ਅਤੇ ਲੋਕਰਾਜ ਦੀ ਬਖ਼ਸ਼ਿਸ਼ ਕੀਤੀ। ਨਿਮਾਣੇ ਅਤੇ ਨਿਤਾਣੇ ਸਮਝੇ ਜਾਂਦੇ ਲੋਕਾਂ ਨੂੰ ਉਨ੍ਹਾਂ ਦੀ ਤਾਕਤ ਦੀ ਸੋਝੀ ਕਰਵਾ ਕੇ ਅਜਿਹੀ ਜੋਤ ਜਗਾਈ ਜਿਹੜੀ ਸਾਰੇ ਸੰਸਾਰ ਲਈ ਚਾਨਣ ਮੁਨਾਰਾ ਬਣੀ।

ਗੁਰੂ ਨਾਨਕ ਸਾਹਿਬ ਨੇ ਆਪ ਇਕ ਸੱਚੀ, ਸੁੱਚੀ ਤੇ ਸਾਦਗੀ ਵਾਲੀ ਜ਼ਿੰਦਗੀ ਬਿਤਾਈ। ਉਨ੍ਹਾਂ ਨੇ ਉਸ ਸਮੇਂ ਦੇ ਪ੍ਰਸਿੱਧ ਧਾਰਮਿਕ ਅਸਥਾਨਾਂ ਦੀ ਯਾਤਰਾ ਕੀਤੀ ਅਤੇ ਤਰਕ ਦੇ ਅਧਾਰ 'ਤੇ ਉੱਥੇ ਕੀਤੇ ਜਾ ਰਹੇ ਕਰਮ-ਕਾਂਡਾਂ ਦਾ ਖੰਡਨ ਕੀਤਾ ਤੇ ਲੋਕਾਈ ਨੂੰ ਸਿੱਧੇ ਰਾਹ ਪਾਇਆ। ਹਰਿਦੁਆਰ ਵਿਖੇ ਲੋਕਾਂ ਨੂੰ ਚੜ੍ਹਦੇ ਪਾਸੇ ਵੱਲ ਆਪਣੇ ਪਿੱਤਰਾਂ ਨੂੰ ਪਾਣੀ ਦਿੰਦੇ ਵੇਖਿਆ ਤਾਂ ਕਿਸੇ ਕਿਸਮ ਦਾ ਖੰਡਨ ਕਰਨ ਦੀ ਥਾਂ ਉਲਟੇ ਪਾਸੇ ਪਾਣੀ ਦੇਣਾ ਸ਼ੁਰੂ ਕਰ ਦਿੱਤਾ। ਲੋਕਾਂ ਨੇ ਕਾਰਨ ਪੁੱਛਿਆ ਤਾਂ ਆਪ ਜੀ ਦਾ ਉੱਤਰ ਸੀ, "ਤਲਵੰਡੀ ਮੇਰੇ ਖੇਤ ਸੁੱਕ ਰਹੇ ਹਨ, ਮੈਂ ਉਨ੍ਹਾਂ ਨੂੰ ਪਾਣੀ ਦੇ ਰਿਹਾ ਹਾਂ। ਲੋਕਾਂ ਨੇ ਆਖਿਆ, "ਇੱਥੋਂ ਤਲਵੰਡੀ ਪਾਣੀ ਕਿਵੇਂ ਪੁੱਜ ਸਕਦਾ ਹੈ"? ਗੁਰੂ ਜੀ ਨੇ ਧੀਰਜ ਨਾਲ ਉੱਤਰ ਦਿੱਤਾ, "ਜੇਕਰ ਮੇਰਾ ਪਾਣੀ ਤਲਵੰਡੀ ਨਹੀਂ ਪੁੱਜ ਸਕਦਾ ਤਾਂ ਤੁਹਾਡਾ ਪਾਣੀ ਪਿੱਤਰਾਂ ਤੱਕ ਕਿਵੇਂ ਪੁੱਜ ਸਕਦਾ ਹੈ ਜਿਹੜੇ ਇਸ ਦੁਨੀਆਂ ਵਿੱਚ ਨਹੀਂ ਹਨ"? ਮੱਕੇ ਗਏ ਤਾਂ ਉੱਥੇ ਮੌਲਵੀਆਂ ਵੱਲੋਂ ਉਸੇ ਨੂੰ ਰੱਬ ਦਾ ਘਰ ਆਖਿਆ ਜਾ ਰਿਹਾ ਸੀ ਜਦੋਂ ਕਿ ਗੁਰੂ ਜੀ ਦਾ ਪ੍ਰਚਾਰ ਸੀ ਕਿ ਰੱਬ ਸਰਬ੍ਵਿਆਪਕ ਹੈ। ਗੁਰੂ ਜੀ ਮਸਜਿਦ ਵੱਲ ਪੈਰ ਪਸਾਰ ਕੇ ਪੈ ਗਏ। ਮੌਲਵੀਆਂ ਨੇ ਗੁਰੂ ਜੀ ਨੂੰ ਬੁਰਾ ਭਲਾ ਆਖਿਆ ਤੇ ਪੁੱਛਿਆ ਕਿ ਤੁਸੀਂ ਰੱਬ ਦੇ ਘਰ ਵੱਲ ਪੈਰ ਕਰਨ ਦੀ ਗਲਤੀ ਕਿਵੇਂ ਕੀਤੀ? ਗੁਰੂ ਜੀ ਦਾ ਉੱਤਰ ਸੀ, "ਮੈਨੂੰ ਨਹੀਂ ਪਤਾ ਕਿ ਰੱਬ ਇਸ ਪਾਸੇ ਵਸਦਾ ਹੈ, ਮੇਰੇ ਪੈਰ ਉਸ ਪਾਸੇ ਕਰ ਦਿਉ ਜਿਸ ਪਾਸੇ ਰੱਬ ਦਾ ਘਰ ਨਹੀਂ ਹੈ"। ਜਗਨ ਨਾਥ ਪੁਰੀ ਗਏ ਤਾਂ ਉੱਥੇ ਹੁੰਦੀ ਆਰਤੀ ਵੇਖੀ। ਉੱਥੇ ਹੀ ਆਪ ਜੀ ਨੇ ਰਾਗ ਧਨਾਸਰੀ ਵਿੱਚ ਆਪਣੀ ਆਰਤੀ ਉਚਾਰੀ ਜਿਸ ਵਿੱਚ ਸਾਰਾ ਸੰਸਾਰ ਹੀ ਰੱਬ ਦੀ ਆਰਤੀ ਕਰਦਾ ਦਰਸਾਇਆ ਗਿਆ ਹੈ-

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।।

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨ ਰਾਇ ਫੂਲੰਤ ਜੋਤੀ।

ਪਿਛਲੀ ਉਮਰੇ ਆਪ ਨੇ ਰਾਵੀ ਦੇ ਕੰਢੇ ਕਰਤਾਰਪੁਰ (ਪਾਕਿਸਤਾਨ) ਨਗਰ ਵਸਾਇਆ ਤੇ ਖੇਤੀ ਸ਼ੁਰੂ ਕੀਤੀ। ਇਥੇ ਹੀ ਸੰਗਤ ਤੇ ਪੰਗਤ ਦਾ ਆਰੰਭ ਹੋਇਆ। ਗੁਰੂ ਜੀ 7 ਸਤੰਬਰ 1539 ਨੂੰ ਆਪਣੇ ਸਭ ਤੋਂ ਨਜ਼ਦੀਕੀ ਸਿੱਖ, ਭਾਈ ਲਹਿਣਾ ਜੀ ਨੂੰ ਗੁਰਗੱਦੀ ਬਖਸ਼ ਕੇ ਜੋਤੀ ਜੋਤ ਸਮਾ ਗਏ।

- (ਲੇਖਕ, ਸੈਣੀ ਬਰਾਦਰੀ ਨਾਲ ਸਬੰਧਿਤ ਪ੍ਰਸਿੱਧ ਵਿਗਿਆਨੀ ਅਤੇ ਲਿਖਾਰੀ ਹਨ।)



## ਸੱਪ ਅਤੇ ਸੂਰਜ

ਬਲਬੀਰ ਸਿੰਘ ਸੈਣੀ
ਨੰਗਲ

ਸੱਚੇ ਸਾਈਂ ਨੂੰ ਪਿਤਾ ਦਾ ਹੁਕਮ ਹੋਇਆ,
ਜਾਹ ਜਾ ਕੇ ਮੱਝਾਂ ਚੁਗਾ ਬੇਟਾ।
ਕੁੱਝ ਸਿੱਖ ਲੈ ਤੂੰ ਵੀ ਸੰਸਾਰ ਅੰਦਰ,
ਕੁੱਝ ਬਾਪ ਦਾ ਹੱਥ ਵਟਾ ਬੇਟਾ।
ਉਸੇ ਵੇਲੇ ਪਿਤਾ ਦਾ ਹੁਕਮ ਪਾ ਕੇ,
ਸੱਚਾ ਸਾਈਂ ਸੀ ਮੱਝਾਂ ਚੁਗਾਉਣ ਟੁਰਿਆ।
ਨਾਲ਼ੇ ਟੁਰਿਆ ਕੌਤਕ ਰਚਾਉਣ ਕੋਈ,
ਨਾਲੇ ਪਿਤਾ ਦਾ ਹੁਕਮ ਵਜਾਉਣ ਟੁਰਿਆ।
ਮੱਝਾਂ ਛੱਡ ਕੇ ਖੇਤ ਦੇ ਵਿੱਚ ਸਾਈਂ,
ਇੱਕ ਦਰਖਤ ਦੇ ਹੇਠ ਉਹ ਜਾ ਬੈਠਾ।
ਦੁਨੀਆਂਦਾਰੀ ਨੂੰ ਦੁਨੀਆਂ ਦੇ ਵਿੱਚ ਛੱਡ ਕੇ,
ਅਕਾਲਪੁਰਖ ਨਾਲ ਬਿਰਤੀ ਲਗਾ ਬੈਠਾ।
ਜਿਵੇਂ ਪੁਰਖ ਅਕਾਲ ਨਾਲ ਧਿਆਨ ਜੁੜਿਆ,
ਗੱਲ ਮੈਥੋਂ ਨਾ ਜਾਵੇ ਬਿਆਂ ਕੀਤੀ।
ਨੂਰੀ ਮੁੱਖ ਤੇ ਆਈ ਜਾਂ ਧੁੱਪ 'ਸੈਣੀ',
ਝੱਟ ਆਣ ਕੇ ਸੱਪ ਨੇ ਛਾਂ ਕੀਤੀ।
ਤੱਕ ਕੇ ਮੁੱਖ ਤੇ ਸੱਪ ਨੂੰ ਛਾਂ ਕੀਤਿਆਂ,
ਸੂਰਜ ਗੁੱਸੇ ਵਿਚ ਲਾਲੋ-ਲਾਲ ਹੋਇਆ।
ਤ੍ਰਾਹ ਤ੍ਰਾਹ ਸ੍ਰਿਸ਼ਟੀ ਕਰ ਉੱਠੀ,
ਐਸਾ ਸੂਰਜ ਦਾ ਰੂਪ ਜਲਾਲ ਹੋਇਆ।
ਸੂਰਜ ਚਿੜ੍ਹਿਆ ਸੱਪ ਨੂੰ ਵੇਖ ਐਦਾਂ,
ਅਪਣੇ ਆਪ ਨੂੰ ਲਾਲ ਹੋਰ ਕਰਨ ਲੱਗਾ।
ਨਾਲ਼ੇ ਆਖਦਾ ਸੱਪਾ ਓਏ ਪਰ੍ਹੇ ਹੋ ਜਾ,
ਮੇਰੇ ਹੱਥੋਂ ਕਿਉਂ ਅਜ ਮਰਨ ਲੱਗਾ।
ਬੜੇ ਚਿਰਾਂ ਤੋਂ ਮੇਰੀ ਇਹ ਤਾਂਘ ਹੈ ਸੀ.
ਜਿਹਤੋਂ ਨੂਰ ਲੈਂਦਾਂ, ਉਹਦਾ ਨੂਰ ਤੱਕਾਂ।
ਜਿਹਦੇ ਬਿਨਾ ਨਾ ਮੇਰਾ ਹੈ ਤੇਜ ਕੋਈ,
ਉਹਦੇ ਤੇਜ ਨੂੰ ਜਾਹਰਾ-ਜਹੂਰ ਤੱਕਾਂ।
ਮੇਰੇ ਰਾਹ ਦਾ ਬਣਿਆ ਜੇ ਤੂੰ ਰੋੜਾ,
ਤੇਰੀ ਹਸਤੀ ਨੂੰ ਉੱਕਾ ਮਿਟਾ ਦਿਆਂਗਾ।
ਹੱਟ ਜਾ, ਕਰਨ ਦੇ ਮੈਨੂੰ ਤੂੰ ਦਰਸ਼ ਰੱਜ ਕੇ,
ਨਈਂ ਤਾਂ ਪਲਾਂ ਵਿਚ ਤੈਨੂੰ ਜਲ਼ਾ ਦਿਆਂਗਾ।
ਸੁਣ ਕੇ ਸੱਪ ਵੀ ਆਪੇ ਤੋਂ ਬਾਹਰ ਹੋਇਆ,
ਗੁੱਸੇ ਨਾਲ ਉਹ ਸੂਰਜ ਨੂੰ ਕਹਿਣ ਲੱਗਾ।
ਤੇਰੇ ਜਿਹਾਂ ਨੂੰ ਰੋਜ਼ ਮੈਂ ਵੇਖਦਾ ਹਾਂ,
ਖੜ੍ਹੇ ਪਾਣੀ ਦੇ ਵਹਿਣੀ ਕਿਉਂ ਵਹਿਣ ਲੱਗਾ?
ਜੀਹਦੇ ਦਰਸ਼ਨਾਂ ਨੂੰ ਤੂੰ ਵੀ ਲੋਚਦਾ ਏਂ,
ਮੈਂ ਵੀ ਉਸੇ ਦੇ ਦਰਸ਼ ਹਾਂ ਕਰਨ ਆਇਆਂ।
ਜਿਵੇਂ ਤਰੇ ਨੇ ਲੱਖਾਂ ਹੀ ਜੀਵ ਜੱਗ ਦੇ,
ਮੈਂ ਵੀ ਉਹਨਾਂ ਦੇ ਵਾਂਗ ਹਾਂ ਤਰਨ ਆਇਆਂ।
ਜਦੋਂ ਦੁਨੀਆਂ ਦੇ ਵਾਲੀ ਦਾ ਧਿਆਨ ਮੁੜਿਆ,
ਉਹਨਾਂ ਵੇਖਿਆ ਦੋਵੇਂ ਹੀ ਲੜ ਰਹੇ ਨੇ।
ਹਉਮੇਂ ਅਤੇ ਹੰਕਾਰ ਦੀ ਅੱਗ ਅੰਦਰ,
ਬਿਨਾ ਗੱਲ ਤੋਂ ਦੋਵੇਂ ਹੀ ਸੜ ਰਹੇ ਨੇ।
ਬੜੇ ਪਿਆਰ ਨਾਲ਼ ਬੋਲੇ ਤਦ ਗੁਰੂ ਨਾਨਕ,
ਇਸ ਹਉਮੇਂ ਦੇ ਰੋਗ ਨੂੰ ਸਾੜ ਦੇਵੋ।
ਬੂਟਾ ਈਰਖਾ ਦਾ ਉੱਗਿਆ ਜੋ ਦਿਲਾਂ ਅੰਦਰ,
ਉਸ ਨੂੰ ਹੁਣੇ ਹੀ ਮੂਲੋਂ ਉਖਾੜ ਦੇਵੋ।
ਇਹਨਾਂ ਅਮਲਾਂ ਨੂੰ ਜਿਹੜਾ ਅਪਣਾ ਲੈਂਦਾ,
ਸੱਚੇ ਸਾਈਂ ਤੋਂ ਨਹੀਂ ਉਹ ਜੁਦਾ ਹੁੰਦਾ।
ਜਿਹਨੇ ਮਾਰਿਆ ਇਹਨਾਂ ਵਿਕਾਰਾਂ ਤਾਈਂ,
ਓਹੀ ਅਸਲ ਦੇ ਵਿਚ ਹੈ ਖ਼ੁਦਾ ਹੁੰਦਾ।
ਨਾਨਕ ਗੁਰੂ ਦੇ ਸੁਣੇ ਜਦ ਵਚਨ 'ਸੈਣੀ',
ਸਤਿ-ਵਚਨ ਕਹਿ ਸੀਸ ਝੁਕਾ ਦਿੱਤੇ।
ਹਉਮੇ ਅਤੇ ਹੰਕਾਰ ਜਿਹੇ ਰੋਗ ਦੋਹਾਂ,
ਆਪਣੇ ਦਿਲਾਂ ਤੋਂ ਦੂਰ ਨਸਾ ਦਿੱਤੇ।

ਫੋਨ-94646-47540



## ਗ਼ਜ਼ਲ

ਕੁਲਵਿੰਦਰ ਖੈਰਾਬਾਦੀ

ਜੰਗਲ, ਪੇੜ-ਪੌਦੇ, ਪੰਛੀ ਤਾਹੀਓਂ ਘਬਰਾ ਰਹੇ ਨੇ,
ਕੰਕਰੀਟ ਦੇ ਸ਼ਹਿਰ ਜੋ ਨੇੜੇ ਆ ਰਹੇ ਨੇ।
ਸੰਗੀਤ ਦੇ ਨਾਂ 'ਤੇ ਸ਼ੋਰ ਸ਼ਰਾਬਾ ਵਾਧੂ ਦਾ,
ਕਿੱਧਰ ਤੋਂ ਕਿੱਧਰ ਨੂੰ ਲੋਕੀਂ ਜਾ ਰਹੇ ਨੇ।
ਆਰਟੀਫੀਸ਼ਲ ਆਲ੍ਹਣੇ ਟੰਗਦੇ ਪੇੜਾਂ 'ਤੇ,
ਕਿਹੋ ਕਿਹੋ ਜਿਹੇ ਲੋਕੀਂ ਢੋਂਗ ਰਚਾ ਰਹੇ ਨੇ।
ਕੱਚਾ ਨਾ ਛੱਡਿਆ ਘਰ ਦਾ ਇੱਕ ਵੀ ਖੂੰਜਾ,
ਮੱਲੋਮੱਲੀ ਚਿੜੀਆਂ ਨੂੰ ਬੁਲਾ ਰਹੇ ਨੇ।
ਜੰਗਲਾਂ ਵਲ ਤੋਂ ਹੌਲੀ ਹੌਲੀ ਪਰਤੇ ਸੀ,
ਫਿਰ ਤੋਂ ਲੋਕੀਂ ਉੱਧਰ ਨੂੰ ਹੀ ਜਾ ਰਹੇ ਨੇ।
ਭੋਲੀ ਜਨਤਾ ਅੱਡੀਆਂ ਚੁੱਕ ਚੁੱਕ ਵੇਖ ਰਹੀ,
ਆ ਰਹੇ ਬਸ 'ਅੱਛੇ ਦਿਨ' ਹੁਣ ਆ ਰਹੇ ਨੇ।

ਫੋਨ-9815808422

## ਸੈਣੀ ਬਰਾਦਰੀ ਦੀਆਂ ਵਿਸ਼ਵ ਪੱਧਰੀ ਸ਼ਖਸੀਅਤਾਂ

ਸੈਣੀ ਬਰਾਦਰੀ ਦੇ ਲੋਕ ਅਤਿ ਦੇ ਮਿਹਨਤੀ, ਇਮਾਨਦਾਰ ਅਤੇ ਸਵੈਮਾਨੀ ਹਨ। ਇਸ ਬਰਾਦਰੀ ਦਾ ਇਤਿਹਾਸ ਗੌਰਵਮਈ ਤੇ ਮਾਣਮੱਤਾ ਹੈ। ਇਸ ਦੇ ਬਜ਼ੁਰਗਾਂ ਨੇ ਜਿੱਥੇ ਦੇਸ਼ ਦੀ ਆਜ਼ਾਦੀ ਲਈ ਬੇਮਿਸਾਲ ਕੁਰਬਾਨੀਆਂ ਦਿੱਤੀਆਂ ਉੱਥੇ ਹੁਣ ਇਸ ਦੇ ਨੌਜਵਾਨ ਰਾਜਨੀਤਿਕ, ਸਮਾਜਿਕ ਤੇ ਖੇਡ ਦੇ ਖੇਤਰਾਂ ਵਿੱਚ ਮੱਲਾਂ ਮਾਰ ਰਹੇ ਹਨ। ਅਜਿਹੀਆਂ ਹੀ ਦੋ ਸਫਲ ਸ਼ਖਸੀਅਤਾਂ ਦਾ ਇੱਥੇ ਜ਼ਿਕਰ ਕੀਤਾ ਜਾ ਰਿਹਾ ਹੈ।

### ਜਸਟਿਸ ਪੁਸ਼ਪਿੰਦਰ ਸੈਣੀ

ਯੂ.ਕੇ. ਵਿੱਚ ਸਾਊਥਾਲ ਨਿਵਾਸੀ ਸ਼੍ਰੀ ਪੁਸ਼ਪਿੰਦਰ ਸੈਣੀ ਉਸ ਦੇਸ਼ ਦੀ ਹਾਈ ਕੋਰਟ ਦੇ ਜੱਜ ਨਿਯੁਕਤ ਹੋਏ ਹਨ। ਇਕਵੰਜਾ(51) ਸਾਲ ਦੀ ਉਮਰ ਦੇ ਸ਼੍ਰੀ ਸੈਣੀ ਸਤੰਬਰ, 2019 ਵਿੱਚ ਨਵੇਂ ਨਿਯੁਕਤ ਹੋਏ ਸੱਤ ਜੱਜਾਂ ਵਿਚੋਂ ਇੱਕ ਹਨ। ਸਰਕਾਰੀ ਤੌਰ 'ਤੇ ਆਪ ਨੂੰ **'ਮਿਸਟਰ ਜਸਟਿਸ ਸੈਣੀ'** ਵਜੋਂ ਸੰਬੋਧਨ ਕੀਤਾ ਜਾਵੇਗਾ।



ਮਿਸਟਰ ਜਸਟਿਸ ਸੈਣੀ ਪੂਰਬੀ ਅਫਰੀਕਾ ਤੋਂ ਪ੍ਰਵਾਸ ਕਰ ਕੇ ਇੰਗਲੈਂਡ ਵਿੱਚ ਵਸੇ ਪਗੜੀਧਾਰੀ ਪੰਜਾਬੀ ਸਿੱਖ ਹਨ। ਆਪ ਦਾ ਪਰਿਵਾਰ ਸੰਨ 1970 ਵਿੱਚ ਕੀਨੀਆ ਤੋਂ ਉੱਜੜ ਕੇ ਸਾਊਥਾਲ ਆ ਕੇ ਵਸਿਆ ਸੀ। ਆਪ ਨੇ ਸਕੂਲੀ ਸਿਖਿਆ ਸਾਊਥਾਲ ਦੇ ਡੌਰਮਰਜ਼ ਵੈਲਜ਼ ਕੰਪਰੀਹੈਂਸਿਵ ਸਕੂਲ ਤੋਂ ਹਾਸਲ ਕੀਤੀ। ਆਕਸਫੋਰਡ ਯੂਨੀਵਰਸਿਟੀ ਲੰਡਨ ਤੋਂ ਬੈਚਲਰ ਆਫ ਆਰਟਸ ਅਤੇ ਬੈਚਲਰ ਆਫ ਸਿਵਲ ਲਾਅ ਡਿਗਰੀਆਂ ਪਹਿਲੀਆਂ ਪੋਜ਼ੀਸ਼ਨਾਂ ਵਿੱਚ ਪਾਸ ਕਰਨ ਉਪਰੰਤ ਆਪ ਗਰੇਅ ਇੰਨ ਦੇ ਸੀਨੀਅਰ ਸਕਾਲਰ ਬਣ ਗਏ। ਆਪ ਨੇ ਆਕਫੋਰਡ ਯੂਨੀਵਰਸਿਟੀ ਅਤੇ ਲੰਡਨ ਸਕੂਲ ਆਫ ਇਕਨਾਮਿਕਸ ਵਿੱਚ ਕਾਨੂੰਨ ਦਾ ਵਿਸ਼ਾ ਪੜ੍ਹਾਇਆ।

ਸੰਨ 1991 ਵਿੱਚ ਸ਼੍ਰੀ ਸੈਣੀ ਨੂੰ ਬਾਰ ਲਈ ਬੁਲਾ ਲਿਆ ਗਿਆ ਅਤੇ ਆਪ ਨੇ ਹੇਅਰ ਕੋਰਟ ਤੇ ਬਲੈਕਸਟੋਨ ਚੈਂਬਰਾਂ ਵਿੱਚ ਪ੍ਰੈਕਟਿਸ ਕੀਤੀ। ਇੱਥੇ ਆਪ ਕਮਰਸ਼ਲ ਲਾਅ, ਪਬਲਿਕ ਲਾਅ ਅਤੇ ਹਿਊਮਨ ਰਾਈਟਸ ਦੇ ਮਾਹਿਰ ਵਕੀਲ ਰਹੇ। ਪੁਸ਼ਪਿੰਦਰ ਸੈਣੀ ਨੂੰ ਸਾਲ 2008 ਵਿੱਚ ਕੁਈਨਜ਼ ਕੌਂਸਲ ਵਿੱਚ, 2014 ਵਿਚ ਬੈਚਲਰ ਆਫ ਗਰੇਅਜ਼ ਇੰਨ ਅਤੇ 2017 ਵਿੱਚ ਡਿਪਟੀ ਹਾਈ ਕੋਰਟ ਜੱਜ ਨਿਯੁਕਤ ਕੀਤਾ ਗਿਆ। ਆਪ ਦੀ ਵਰਤਮਾਨ ਨਿਯੁਕਤੀ ਸਖਤ ਮੁਕਾਬਲੇ ਨਾਲ ਹੋਈ ਹੈ ਜਿਸ ਲਈ ਦੇਸ਼ ਦੇ 64 ਤਜੁਰਬੇਕਾਰ ਤੇ ਉਚ-ਸਿੱਖਿਆ ਪ੍ਰਾਪਤ ਵਕੀਲਾਂ ਨੇ ਅਪਲਾਈ ਕੀਤਾ ਸੀ।

ਸ਼੍ਰੀ ਪੁਸ਼ਪਿੰਦਰ ਸੈਣੀ ਦੀ ਇਹ ਪ੍ਰਾਪਤੀ ਵਿਸ਼ਵਭਰ ਦੇ ਪੰਜਾਬੀਆਂ, ਸਿੱਖਾਂ ਅਤੇ ਸੈਣੀ ਬਰਾਦਰੀ ਦੇ ਲੋਕਾਂ ਲਈ ਮਾਣ ਦੀ ਗੱਲ ਹੈ।

### ਅੰਤਰਰਾਸ਼ਟਰੀ ਕ੍ਰਿਕਟਰ ਸ਼੍ਰੀ ਨਵਦੀਪ ਸੈਣੀ

ਨਵਦੀਪ ਸੈਣੀ ਨੇ ਕਰਨਾਲ ਵਿਖੇ 23 ਨਵੰਬਰ, 1992 ਨੂੰ ਹਰਿਆਣਾ ਸਰਕਾਰ ਵਿੱਚ ਤਾਇਨਾਤ ਡਰਾਈਵਰ ਦੇ ਘਰ ਜਨਮ ਲਿਆ। ਉਸ ਦਾ ਦਾਦਾ ਸ. ਕਰਮ ਸਿੰਘ ਸੁਤੰਤਰਤਾ ਸੰਗ੍ਰਾਮੀ ਸੀ ਜਿਸ ਨੇ ਸੁਭਾਸ਼ ਚੰਦਰ ਬੋਸ ਦੀ ਇੰਡੀਅਨ ਨੈਸ਼ਨਲ ਆਰਮੀ ਵਿੱਚ ਸੇਵਾ ਨਿਭਾਈ ਸੀ। ਨਵਦੀਪ ਸੈਣੀ ਰਾਸ਼ਰਟੀ ਮੈਚਾਂ ਵਿੱਚ ਦਿੱਲੀ ਵਲੋਂ ਖੇਡਦਾ ਰਿਹਾ ਹੈ। ਉਸ ਨੇ ਸਭ ਤੋਂ ਪਹਿਲਾਂ 2015-16 ਦੀ ਸਈਅਦ ਮੁਸ਼ਤਾਕ ਅਲੀ ਟਰਾਫੀ ਮੈਚ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। 2017 ਦੀ ਇੰਡੀਅਨ ਪ੍ਰੀਮੀਅਰ ਲੀਗ ਲਈ ਦਿੱਲੀ ਡੇਅਰਡੈਵਲਜ਼ ਨੇ ਸੈਣੀ ਨੂੰ 10 ਲੱਖ ਵਿੱਚ ਅਤੇ ਜਨਵਰੀ 2018 ਵਿੱਚ ਰਾਇਲ ਚੈਲੰਜਰਜ਼ ਬੰਗਲੌਰ ਨੇ 3 ਕਰੋੜ ਵਿੱਚ ਲੈ ਲਿਆ। ਉਹ 2017-18 ਦੀ ਰੰਜੀ ਟਰਾਫੀ ਵਿੱਚ ਅੱਠ ਮੈਚਾਂ ਵਿੱਚ 34 ਖਿਡਾਰੀਆਂ ਨੂੰ ਆਊਟ ਕਰਨ ਵਾਲਾ ਦਿੱਲੀ ਦੀ ਟੀਮ ਦਾ ਸਿਰ ਕੱਢ ਵਿਕਟ-ਟੇਕਰ ਬਣ ਗਿਆ। ਉਹ 2018-19 ਦੀ ਵਿਜਯ ਹਜ਼ਾਰੇ ਟਰਾਫੀ ਸਮੇਂ ਵੀ ਦਿੱਲੀ ਦਾ ਸਰਵੋਤਮ ਵਿਕਟ-ਟੇਕਰ ਰਿਹਾ। ਜੂਨ, 2018 ਵਿੱਚ ਉਸ ਨੂੰ ਅਫਗਾਨਿਸਤਾਨ ਵਿਰੁੱਧ ਟੈਸਟ ਮੈਚ ਖੇਡਣ ਵਾਲੀ ਭਾਰਤੀ ਟੀਮ ਵਿੱਚ ਸ਼ਾਮਿਲ ਕਰ ਲਿਆ ਗਿਆ ਪਰ ਉਹ ਖੇਡਿਆ ਨਹੀਂ। ਉਹ ਅਪ੍ਰੈਲ, 2019 ਵਿੱਚ ਕ੍ਰਿਕਟ ਵਰਲਡ ਕੱਪ ਦੀ ਟੀਮ ਲਈ ਚੁਣਿਆ ਗਿਆ। ਨਵਦੀਪ ਸੈਣੀ ਭਾਰਤੀ ਖੇਡ-ਜਗਤ ਵਿੱਚ ਇਲਾਕਾਈ ਵਿਤਕਰੇਬਾਜ਼ੀ ਦਾ ਸ਼ਿਕਾਰ ਹੋਣ ਦੇ ਬਾਵਜੂਦ ਅੰਤਰਰਾਸ਼ਟਰੀ ਕ੍ਰਿਕਟ ਵਿੱਚ ਆਪਣਾ ਸਥਾਨ ਬਣਾਉਣ ਵਿੱਚ ਕਾਮਯਾਬ ਹੋਇਆ ਹੈ। ਪ੍ਰਮਾਤਮਾ ਇਸ ਹੋਣਹਾਰ ਖਿਡਾਰੀ ਨੂੰ ਹੋਰ ਬੁਲੰਦੀਆਂ ਬਖਸ਼ੇ। ਸੈਣੀ ਬਰਾਦਰੀ ਨੂੰ ਆਪਣੇ ਇਸ ਪ੍ਰਤਿਭਾਸ਼ਾਲੀ ਸਪੂਤ 'ਤੇ ਅੰਤਾਂ ਦਾ ਮਾਣ ਹੈ।





# ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ

**ਅਜੀਤ ਸਿੰਘ**
ਸੈਣੀ ਭਵਨ ਰੂਪਨਗਰ

ਅੰਕ 34 ਦੇ ਪੰਨਾ 13 ਦੀ ਲਗਾਤਾਰਤਾ ਵਿੱਚ

**ਦੂਜੀ ਉਦਾਸੀ –** ਦੂਜੀ ਯਾਤਰਾ ਸਮੇਂ ਆਪ ਤਲਵੰਡੀ (ਨਨਕਾਣਾ ਸਾਹਿਬ) ਤੋਂ **ਕਲਾਨੌਰ, ਗੁਰਦਾਸਪੁਰ, ਦਸੂਹਾ, ਪਾਲਮਪੁਰ, ਕਾਂਗੜਾ ਹੁੰਦੇ ਹੋਏ ਜਵਾਲਾਮੁਖੀ** ਪਹੁੰਚੇ ਜਿੱਥੇ ਅਰਜਨ ਨਾਂ ਦੇ ਨਾਂਗੇ ਤਪੇ ਨੂੰ ਸਿੱਖੀ ਦੇ ਰਾਹ ਪਾਇਆ। ਇੱਥੋਂ ਆਪ **ਰਵਾਲਸਰ ਰਾਹੀਂ ਮਨੀਕਰਣ** ਗਏ। ਇੱਥੇ ਦਰਿਆ ਪਾਰਬਤੀ ( ਬਿਆਸ ਦੀ ਸ਼ਾਖਾ) ਦਾ ਪਾਣੀ ਬਹੁਤ ਗਰਮ ਹੈ। ਲੋਕਾਂ ਦੀ ਲੁੱਟ ਕਰਨ ਲਈ ਪੁਜਾਰੀਆਂ ਨੇ ਇਹ ਵਹਿਮ ਫੈਲਾਇਆ ਹੋਇਆ ਸੀ ਕਿ ਸ਼ੇਸ਼ ਨਾਗ ਦੇ ਫੁੰਕਾਰੇ ਦੀ ਜ਼ਹਿਰ ਨਾਲ ਪਾਣੀ ਗਰਮ ਰਹਿੰਦਾ ਹੈ। ਗੁਰੂ ਜੀ ਨੇ ਇਹ ਇਸ ਵਹਿਮ ਦਾ ਖੰਡਨ ਕਰ ਕੇ ਲੋਕਾਂ ਨੂੰ ਠੀਕ ਰਾਹ ਪਾਇਆ।

ਬਿਆਸ ਦਰਿਆ ਪਾਰ ਕਰ ਕੇ ਬਾਬਾ ਜੀ **ਕਹਿਲੂਰ ਦੀ ਦੂਨ, ਨਾਲਾਗੜ੍ਹ, ਪੰਜੌਰ, ਸ਼ਿਮਲੇ** ਦੇ ਸਪਾਟੂ ਦੇ ਲੋਕਾਂ ਦਾ ਉਧਾਰ ਕਰਦੇ ਹੋਏ **ਜੋਹੜਸਾਰ** ਪਹੁੰਚੇ ਜਿੱਥੇ ਦੇਵਤਿਆਂ ਨੂੰ ਖੁਸ਼ ਕਰਨ ਲਈ ਬਲੀ ਦੇਣ ਤੋਂ ਲੋਕਾਂ ਨੂੰ ਹਟਾਇਆ ਅਤੇ ਸੇਵਾ ਤੇ ਸਤਿਸੰਗ ਦਾ ਰਾਹ ਦੱਸਿਆ। ਇੱਥੋਂ ਗੁਰੂ ਜੀ ਉੱਤਰ ਦਿਸ਼ਾ ਵੱਲ ਪੰਦਰਾਂ ਹਜ਼ਾਰ ਫੁੱਟ ਦੀ ਚੜ੍ਹਾਈ ਚੜ੍ਹ ਗਏ। ਉੱਥੇ ਪਾਣੀ ਦੀ ਬਹੁਤ ਥੁੜ ਸੀ। ਉੱਥੇ ਆਪ ਨੇ ਲੋਕਾਂ ਨੂੰ ਪੱਥਰਾਂ ਨੂੰ ਮੱਥਾ ਟੇਕਨ ਤੋਂ ਵਰਜਦਿਆਂ ਹਿੰਮਤ ਕਰਨ ਤੇ ਨਾਮ ਜਪਣ ਦਾ ਉਪਦੇਸ਼ ਦਿੱਤਾ।

ਇੱਥੋਂ **ਬਦਰੀ ਨਾਥ, ਸਪਤਸ੍ਰਿੰਗ ਅਤੇ ਹੇਮਕੁੰਡ** ਪਾਰ ਕਰਕੇ 19000 ਹਜ਼ਾਰ ਫੁੱਟ ਦੀ ਉਚਾਈ 'ਤੇ **ਸੁਮੇਰ ਪਰਬਤ** ਪੁੱਜੇ। ਗੁਰੂ ਜੀ ਨੂੰ ਇੱਥੇ ਵੇਖ ਕੇ ਗੋਰਖ ਨਾਥ ਨੇ ਹੈਰਾਨ ਹੋ ਕੇ ਪੁੱਛਿਆ, 'ਕਉਨ ਸ਼ਕਤ ਤੋਹਿ ਇਥੇ ਲਿਆਈ'। ਇੱਥੇ ਬਾਬਾ ਜੀ ਦੀ ਸਿੱਧਾਂ ਦੇ ਗੁਰੂ ਗੋਰਖ ਨਾਥ, ਲੋਹਾਰੀਪਾ, ਮਛੰਦਰ ਨਾਥ, ਭੰਗਰ ਨਾਥ, ਗੋਪੀ ਚੰਦ, ਕਨੀਫਾ ਅਤੇ ਹਨੀਫਾ ਨਾਲ ਗੋਸ਼ਟੀ ਹੋਈ। ਜਦੋਂ ਉਨ੍ਹਾਂ ਨੇ ਗੁਰੂ ਜੀ ਨੂੰ ਇੱਥੇ ਆਉਣ ਦਾ ਉਦੇਸ਼ ਪੁੱਛਿਆ ਤਾਂ ਆਪ ਨੇ ਕਿਹਾ, 'ਨਿਰੋਲ ਮੰਤਵ ਤੁਹਾਨੂੰ ਲੋਕਾਂ ਦੇ ਦੁੱਖਾਂ ਵਿੱਚ ਸ਼ਾਮਲ ਕਰਨਾ ਹੈ। ਮੈਂ ਉਨ੍ਹਾਂ ਲੋਕਾਂ ਨੂੰ ਢੂੰਡਦਾ ਫਿਰਦਾ ਹਾਂ ਜਿਨ੍ਹਾਂ ਨੂੰ ਕੁੱਝ ਸੋਝੀ ਹੈ ਪਰ ਉਹ ਪਹਾੜਾਂ ਵਿੱਚ ਛੁਪੇ ਬੈਠੇ ਹਨ। ਅਜਿਹੇ ਵਿੱਚ ਵਹਿਮਾਂ ਭਰਮਾਂ ਵਿੱਚ ਫਸੀ ਲੋਕਾਈ ਦੀ ਸਾਰ ਕੌਣ ਲਵੇ?'- ਸਿਧ ਛਪ ਬੈਠੇ ਪਰਬਤੀ, ਕਉਨ ਜਗਤ ਕਉ ਪਾਰ ਉਤਾਰਾ'।(ਭਾਈ ਗੁਰਦਾਸ) ਸਿੱਧਾਂ ਨੇ ਗੁਰੂ ਨਾਨਕ ਜੀ ਨੂੰ ਆਪਣੇ ਚੁੰਗਲ ਵਿੱਚ ਫਸਾਉਣ ਲਈ ਇੱਕ ਤਲਾਬ ਵਿੱਚੋਂ ਪਾਣੀ ਲਿਆਉਣ ਲਈ ਕਿਹਾ। ਗੁਰੂ ਜੀ ਵਾਪਸ ਆ ਗਏ ਤੇ ਕਿਹਾ ਉੱਥੇ ਪਾਣੀ ਨਹੀ ਹੈ। ਸਿੱਧਾਂ ਕਿਹਾ, ' ਤੁਸੀਂ ਰਤਨ, ਜਵਾਹਰ ਤੇ ਹੀਰੇ ਉੱਥੇ ਨਹੀਂ ਦੇਖੇ?' ਗੁਰੂ ਜੀ ਨੇ ਮੋੜਵਾਂ ਜਵਾਬ ਦਿੱਤਾ ਕਿ 'ਲੈਣ ਉਹ ਪਾਣੀ ਗਏ ਸਨ, ਹੀਰਿਆਂ ਨਾਲ ਉਨ੍ਹਾਂ ਨੂੰ ਕੀਹ'। ਇਹ ਸੁਣ ਕੇ ਸਿੱਧ ਸ਼ਰਮਸਾਰ ਹੋਏ। ਆਪ ਦੇ ਵਿਚਾਰਾਂ ਨੇ ਜੋਗੀਆਂ ਤੇ ਸਿੱਧਾਂ ਵਿਚ ਹਲਚਲ ਮਚਾ ਦਿੱਤੀ। ਉਹ ਕਹਿ ਉਠੇ- 'ਧੰਨੁ ਨਾਨਕ ਤੇਰੀ ਵਡੀ ਕਮਾਈ'। ਸਿੱਧ ਆਪਣੇ ਟਿਕਾਣਿਆਂ ਤੋਂ ਹਿੱਲ ਗਏ। ਇਹ ਹੀ ਕਾਰਨ ਹੈ ਕਿ ਖੁਣਸ ਖਾ ਕੇ ਸਾਰੇ ਕੁੱਝ ਸਾਲਾਂ ਪਿੱਛੋਂ( 1539) ਵਿੱਚ ਗੁਰੂ ਜੀ ਨਾਲ ਅਚਲ ਬਟਾਲਾ ਦੇ ਸਥਾਨ 'ਤੇ ਸਿੱਧ ਗੋਸ਼ਟ ਹੋਈ।



ਉੱਥੋਂ ਗੁਰੂ ਨਾਨਕ ਜੀ ਨੇਪਾਲ ਦੇਸ਼ ਵਿੱਚ ਗਏ। ਚਤਰੇ ਨਗਰ ਦੇ ਗੁਸਾਈਂ ਨੇ ਗੁਰੂ ਜੀ ਤੋਂ ਦੀਖਿਆ ਲਈ। ਉੱਥੋਂ ਵਰਾਹ ਨਦੀ ਪਾਰ ਕਰ ਕੇ ਪਲਟੀ ਝੀਲ ਦੇ ਕਿਨਾਰੇ ਹਵੇਲੀ ਖਾਂਚੀ ਦੇ ਪਰਬਤਾਂ ਨੂੰ ਚੀਰਦੇ ਹੋਏ **ਕਿਸ਼ਨ ਤਾਲ, ਧੌਲਗੜ੍ਹ** ਹੁੰਦੇ ਨੇਪਾਲ ਦੀ ਰਾਜਧਾਨੀ **ਖਟਮੰਡੂ** ਪੁੱਜੇ। ਇੱਥੇ ਪਸ਼ੂਪਤੀ ਮੰਦਰ ਦੇ ਨੇੜੇ ਬਾਘਮਤੀ ਗੰਗਾ ਦੇ ਕਿਨਾਰੇ ਆਪ ਜੀ ਨੇ ਟਿਕਾਣਾ ਕੀਤਾ ਅਤੇ ਕੀਰਤਨ ਆਰੰਭ ਕੀਤਾ। ਉੱਥੋਂ ਦਾ ਰਾਜਾ ਰਣਬੀਰ ਸਿੰਘ ਗੁਰੂ ਜੀ ਦਾ ਸੰਗਤੀ ਬਣ ਗਿਆ।

ਦਰਿਆ ਸੁਣਕੋਸੀ ਤੇ ਅਰੁਣ ਪਾਰ ਕਰ ਕੇ ਆਪ ਕੰਚਨ ਚੰਗਾ ਤੋਂ ਹੁੰਦੇ ਹੋਏ ਸੁਨਹਿਰੀ ਪਹਾੜਾਂ ਨੂੰ ਲੰਘ ਕੇ ਸਿਕਮ ਦੇਸ਼ ਦੀ ਰਾਜਧਾਨੀ **ਗੰਗਟੋਕ** ਪੁੱਜੇ। ਜਦੋਂ ਮਰਦਾਨਾ ਜੀ ਨੇ ਕਿਹਾ, ' ਅਸੀਂ ਤਾਂ ਸੋਨਾ ਲਿਤਾੜਦੇ ਚਲੇ ਜਾ ਰਹੇ ਹਾਂ', ਤਾਂ ਗੁਰੂ ਜੀ ਨੇ ਕਿਹਾ, ' ਜਦ ਉਚੇ ਹੋ ਜਾਈਏ ਤਦ ਮਾਇਆ ਪੈਰਾਂ ਥੱਲੇ ਹੀ ਰਹਿੰਦੀ ਹੈ'। ਇੱਥੇ ਗੁਰੂ ਨਾਨਕ ਜੀ ਨੂੰ 'ਨਰ ਪੁਰਖ' ਨਾਮ ਨਾਲ ਪੁਕਾਰਿਆ ਜਾਂਦਾ ਹੈ। ਇੱਥੋ ਹੀ ਆਪ ਲਾਮਿਆਂ ਦੇ ਦੇਸ਼, **ਤਿੱਬਤ** ਗਏ ਜਿੱਥੇ ਪ੍ਰਸਿੱਧ ਮੰਦਰ ਦੇ ਬਾਹਰ ਬੈਠ ਕੇ ਸ਼ਬਦ ਉਚਾਰਨ ਕੀਤਾ ਤੇ ਕਿਹਾ,'ਜਿਸ ਲਾਮੇ ਨੂੰ ਤੁਸੀਂ ਪਰਮੇਸ਼ਰ ਮੰਨਦੇ ਹੋ, ਉਹ ਪਰਮੇਸ਼ਰ ਨਹੀਂ ਹੈ'। ਤਿੱਬਤ ਵਿੱਚ ਗੁਰੂ ਜੀ ਨੂੰ 'ਪਦਮ ਸੰਭਵ' ਦਾ ਅਵਤਾਰ ਮੰਨਿਆਂ ਜਾਂਦਾ ਹੈ। ਇੱਥੋਂ ਆਪ **ਯਾਰਕੰਦ** ਹੁੰਦੇ ਹੋਏ **ਲਦਾਖ ਦੀ ਰਾਜਧਾਨੀ ਲੇਹ** ਪਹੁੰਚੇ। ਇੱਥੇ ਮੰਨਿਆਂ ਜਾਂਦਾ ਹੈ ਕਿ ਜਦੋਂ ਗੁਰੂ ਜੀ ਸਿੱਧਾਂ ਨੂੰ ਆਪਣੇ ਵਿਚਾਰਾਂ ਨਾਲ ਪਛਾੜ ਕੇ ਵਾਪਸ ਆਉਦੇ

ਇੱਥੇ ਪੁਜੇ ਤਾਂ ਕੁੱਝ ਸਿੱਧਾਂ ਨੇ ਪਹਾੜ ਗਿਰਾ ਦਿੱਤਾ ਪਰ ਗੁਰੂ ਜੀ ਦੇ ਨੇੜੇ ਆਉਂਦਿਆਂ ਹੀ ਇਹ ਮੋਮ ਬਣ ਗਿਆ। ਇਸ ਮੋਮ ਵਿੱਚ ਗੁਰੂ ਜੀ ਦਾ ਪੂਰਾ ਖਲੋਤਾ ਚਿੱਤਰ ਬਣ ਗਿਆ ਜੋ ਅਜੇ ਵੀ ਕਾਇਮ ਹੈ। ਇੱਥੇ ਗੁਰਦੁਆਰਾ ਬਣਿਆਂ ਹੋਇਆ ਜਿਸ ਦੀ ਸਾਂਭ-ਸੰਭਾਲ ਭਾਰਤੀ ਫੌਜ ਕਰਦੀ ਹੈ।ਲੋਕ ਇੱਥੇ ਗੁਰੂ ਜੀ ਨੂੰ ' ਨਾਨਕ ਸ਼ਾਹ' ਕਹਿੰਦੇ ਹਨ।

ਲੇਹ ਤੋਂ ਆਪ **ਗਿਲਗਤ** ਰਾਹੀਂ **ਅਸਕਰਦੂ** ਪਹੁੰਚੇ। ਇਸ ਸਥਾਨ ਨੂੰ ਹੁਣ ਵੀ 'ਨਾਨਕ ਪੀਰ ਦੀ ਥਾਂ' ਕਿਹਾ ਜਾਂਦਾ ਹੈ। ਉੱਥੇ ਆਪ ਨੇ ਕਲੰਦਰ ਗੌਂਸ ਬੁਖਾਰੀ ਨੂੰ ਜ਼ਬਰਦਸਤੀ ਇਸਲਾਮ ਅਪਨਾਉਣ ਤੋਂ ਰੋਕਿਆ। ਉੱਥੋਂ ਆਪ ਜੀ ਦਰਾ ਸੀਸਨਾਥ ਰਾਹੀਂ ਹੁੰਦੇ ਵੂੱਲਰ ਝੀਲ ਦੇ ਕਿਨਾਰੇ ਕਿਨਾਰੇ ਦਰਿਆ ਜਿਹਲਮ ਪਾਰ ਕਰ ਕੇ **ਸ਼੍ਰੀਨਗਰ** ਪੁੱਜੇ। ਇੱਥੇ ਆਪ ਨੇ ਆਪਣਾ ਟਿਕਾਣਾ ਹਰੀ ਪਰਬਤ 'ਤੇ ਕੀਤਾ ਅਤੇ ਲੋਕਾਂ ਨੂੰ ਭਗਤੀ ਮਾਰਗ 'ਤੇ ਚੱਲਣ ਲਈ ਪ੍ਰੇਰਿਆ। ਉੱਥੋਂ **ਅਵਾਂਤੀਪੁਰ, ਬੀਜ ਬਿਹਾੜਾ, ਅਨੰਤਨਾਗ ਤੇ ਮਟਨ ਸਾਹਿਬ** ਪਹੁੰਚੇ। ਇੱਥੇ ਗੁਰੂ ਜੀ ਦੀ ਵਿਦਵਾਨ ਬ੍ਰਹਮ ਦਾਸ ਨਾਲ ਵਿਚਾਰ-ਚਰਚਾ ਹੋਈ। ਬ੍ਰਹਮ ਦਾਸ ਆਪਣੇ ਪਾਸ ਪੁਸਤਕਾਂ ਦੇ ਗੱਡੇ ਭਰ ਕੇ ਰਖਦਾ ਸੀ ਅਤੇ ਗਿਆਨ ਚਰਚਾ ਵਿੱਚ ਦੂਜਿਆਂ ਨੂੰ ਜਿੱਤ ਕੇ ਈਨ ਮਨਵਾਉਂਦਾ ਸੀ। ਗੁਰੂ ਪਾਤਸ਼ਾਹ ਨੇ ਉਸ ਨੂੰ ਗਿਆਨ-ਚਕਸ਼ੂ ਬਖਸ਼ਦਿਆਂ ਸ਼ਬਦ ਉਚਾਰਿਆ-

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ।.....

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖੁ'।

ਇਸ ਨਾਲ ਬ੍ਰਹਮ ਦਾਸ ਦੀਆ ਅੱਖਾਂ ਖੁਲ੍ਹ ਗਈਆਂ ਅਤੇ ਉਹ ਗੁਰੂ ਜੀ ਦੇ ਚਰਨੀ ਡਿਗ ਪਿਆ। ਉਸ ਨੇ ਆਪਣੇ ਸਾਥੀ ਕਮਾਲ ਸਮੇਤ ਸਿੱਖੀ ਧਾਰਨ ਕੀਤੀ ਅਤੇ ਸਾਰੇ ਕਸਮੀਰ ਵਿੱਚ ਘੁੰਮ ਕੇ ਸਿੱਖੀ ਦਾ ਪ੍ਰਚਾਰ ਕੀਤਾ। ਇਸੇ ਬ੍ਰਹਮ ਦਾਸ ਦਾ ਪੋਤਾ ਕਿਰਪਾ ਰਾਮ, ਗੁਰੂ ਤੇਗ ਬਹਾਦਰ ਪਾਸ ਹੋਰ ਬ੍ਰਾਹਮਣਾ ਨਾਲ ਫਰਿਆਦੀ ਬਣ ਕੇ ਆਇਆ ਸੀ।

ਮਟਨ ਤੋਂ ਆਪ **ਪਹਿਲਗਾਮ ਤੇ ਅਮਰਨਾਥ** ਗਏ। ਫਿਰ ਵਾਪਸੀ 'ਤੇ **ਕਾਜ਼ੀਗੁੰਡ, ਬਨਿਹਾਲ, ਰਾਮਬਨ, ਕਟੜਾ ਤੋਂ ਵੈਸ਼ਨੋਦੇਵੀ** ਮੰਦਰ ਗਏ।ਇੱਥੇ ਇਕ ਗੁਫਾ ਹੈ ਜਿਸ ਨੂੰ 'ਗਰਭਜੋਨ' ਆਖਿਆ ਜਾਂਦਾ ਹੈ। ਇਸ ਗੁਫਾ ਦੇ ਬੂਹੇ ਅੱਗੇ ਬੈਠ ਕੇ ਗੁਰੂ ਜੀ ਨੇ ਮਾਰੂ ਰਾਗ ਦਾ ਇਹ ਸ਼ਬਦ ਉਚਾਰਨ ਕੀਤਾ-

ਛੋਡਹੁ ਪ੍ਰਾਣੀ ਕੂੜ ਕਬਾੜਾ।
ਕੂੜੁ ਮਾਰੇ ਕਾਲੁ ਉਛਾਹਾੜਾ।....( ਅੰਗ 1025)

ਸ਼ਬਦ ਦੀ ਚੋਟ ਐਸੀ ਵੱਜੀ ਕਿ ਪਾਂਡੇ ਗੁਰੂ ਜੀ ਦੇ ਚਰਨੀਂ ਡਿਗ ਪਏ। ਉੱਥੇ ਹੀ ਇੱਕ ਕਬਰ ਬਣੀ ਹੋਈ ਹੈ ਜਿਸ ਨੂੰ 'ਮਹਿੰਦੀ ਪੈਗੰਬਰ ਦੀ ਕਬਰ' ਕਹਿੰਦੇ ਹਨ। ਉੱਥੇ ਵੀ ਗੁਰੂ ਜੀ ਨੇ 'ਕੂੜ ਬੋਲ ਮੁਰਦਾਰ ਖਾਇ' ਸ਼ਬਦ ਉਚਾਰ ਕੇ ਪਾਖੰਡਾਂ ਨੂੰ ਭੰਡਿਆ।

ਇੱਥੋਂ ਅੱਗੇ ਆਪ **ਜੰਮੂ** ਪਹੁੰਚੇ ਅਤੇ ਇੱਥੋਂ ਦੇ ਪ੍ਰਸਿੱਧ ਮੰਦਰ ਰਘੂਨਾਥ ਗਏ। ਇੱਥੇ ਜਾਮਵੰਤ ਦੀ ਗੁਫਾ ਹੈ ਜਿਸ ਦੇ ਅੰਦਰ ਹਵਾ ਜਾਣ ਨਾਲ ਸਾਂ ਸਾਂ ਦੀ ਆਵਾਜ਼ ਆਉਂਦੀ ਹੈ। ਜੋਗੀ ਕਹਿੰਦੇ ਦੇਖੋ ਜਾਮਵੰਤ ਸਾਹ ਲੈ ਰਿਹਾ ਹੈ। ਗੁਰੂ ਜੀ ਨੇ ਇਸ ਭਰਮ ਦਾ ਖੰਡਨ ਕੀਤਾ। ਜੰਮੂ ਦਾ ਰਾਜਾ ਵੀ ਆਪ ਦੇ ਦਰਸ਼ਨ ਕਰਨ ਆਇਆ ਤਾਂ ਉਸ ਨੂੰ ਵੀ ਦਇਆ ਤੇ ਧਰਮ ਦਾ ਰਾਜ ਕਰਨ ਦਾ ਉਪਦੇਸ਼ ਦਿੱਤਾ। ਜੰਮੂ ਤੋਂ ਬਾਬਾ ਜੀ **ਸਿਆਲਕੋਟ** ਗਏ। ਇੱਥੇ ਹਮਜ਼ਾ ਗੌਂਸ ਨਾਂ ਦਾ ਇੱਕ ਪੀਰ ਸਿਆਲਕੋਟ ਨੂੰ ਤਬਾਹ ਕਰਨ ਤੇ ਤੁਲਿਆ ਸੀ ਕਿਉਂਕਿ ਇਹ ਝੂਠਿਆਂ ਦਾ ਸ਼ਹਿਰ ਹੈ।ਗੁਰੂ ਜੀ ਨੇ ਉਸ ਦੀ ਗੁਫਾ ਪਾਸ ਜਾ ਕੇ ਸ਼ਬਦ ਉਚਾਰਿਆ ਤਾਂ ਪੀਰ ਬਾਹਰ ਆਇਆ। ਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਇਕ ਦੇ ਝੂਠ ਦੀ ਸਜ਼ਾ ਸਾਰਿਆਂ ਨੂੰ ਦੇਣੀ ਪੀਰੀ ਨਹੀਂ।ਇੱਥੋਂ ਚੱਲ ਕੇ ਆਪ **ਪਸਰੂਰ** ਪਹੁੰਚੇ ਜਿੱਥੇ ਮੀਆਂ ਮਿੱਠਾ ਨਾਮ ਦਾ ਪੀਰ ਰਹਿੰਦਾ ਸੀ। ਜਦੋਂ ਪੀਰ ਨੇ ਕਿਹਾ, ' ਪਹਿਲਾ ਨਾਉਂ ਖੁਦਾਇ ਦਾ, ਦੂਜਾ ਨਾਉਂ ਰਸੂਲ' ਤਾਂ ਗੁਰੂ ਜੀ ਨੇ ਕਿਹਾ ਕਿ ਦੂਜਾ ਰਸੂਲ ਨਹੀਂ, ਖੁਦਾ ਦੇ ਦਰ 'ਤੇ ਤਾਂ ਕਈ ਰਸੂਲ ਖੜ੍ਹੇ ਹਨ।

ਪਸਰੂਰ ਤੋਂ ਗੁਰੂ ਜੀ **ਤਲਵੰਡੀ** ਅਤੇ ਫਿਰ ਕਰਤਾਰਪੁਰ ਹੋ ਕੇ ਸੁਲਤਾਨਪੁਰ ਪਹੁੰਚ ਗਏ।

❈ ❈ ❈ ❈ ❈

## ਖਤ ਸੱਜਣਾ ਦੇ

**ਸ. ਗੁਰਬਖਸ਼ ਸਿੰਘ ਸੈਣੀ, ਪੰਚਕੂਲਾ**

ਆਪ ਜੀ ਵਲੋਂ ਭੇਜਿਆ ਸੈਣੀ ਸੰਸਾਰ ਮਿਲ ਰਿਹਾ ਹੈ। ਬਹੁਤ ਬਹੁਤ ਸ਼ੁਕਰੀਆਂ। ਮੈਗਜ਼ੀਨ ਸੋਹਣਾ ਚਲ ਰਿਹਾ ਹੈ। ਇਸ ਲਈ ਆਪ ਵਧਾਈ ਦੇ ਪਾਤਰ ਹੋ।.....

**ਸ. ਪ੍ਰਿਤਪਾਲ ਸਿੰਘ 'ਜਟਾਣਾ' ਚੰਡੀਗੜ੍ਹ**

ਸੈਣੀ ਸੰਸਾਰ ਪੱਤ੍ਰਿਕਾ ਦਾ ਜੁਲਾਈ-ਸਤੰਬਰ, 2019 ਦਾ ਅੰਕ ਪੜ੍ਹਿਆ। ਪੱਤ੍ਰਿਕਾ 'ਚ ਛਪੀਆਂ ਸਾਰੀਆਂ ਰਚਨਾਵਾਂ ਹਰ ਤਰ੍ਹਾਂ ਦੇ ਪਾਠਕਾਂ ਦੀ ਗਿਆਨ-ਵਿਗਿਆਨ, ਸਾਹਿਤਕ, ਧਾਰਮਿਕ ਅਤੇ ਹੋਰ ਸਰਵਪੱਖੀ ਬੌਧਕ ਵਿਕਾਸ ਦੀ ਪੂਰਤੀ ਕਰਦੀਆਂ ਹਨ। ਪੱਤ੍ਰਿਕਾ ਨੂੰ ਹਰਮਨਪਿਆਰੀ ਬਨਾਉਣ ਦਾ ਸਿਹਰਾ ਆਪ ਜੀ ਨੂੰ ਅਤੇ ਸੰਪਾਦਕੀ ਬੋਰਡ ਨੂੰ ਜਾਂਦਾ ਹੈ।.....

**ਸ. ਚਰਨਜੀਤ ਸਿੰਘ 'ਕਤਰਾ' ਸਹੌੜਾਂ**

ਸੈਣੀ ਸੰਸਾਰ ਦਾ ਆਉਣ ਵਾਲਾ ਅੰਕ ਵਿਸ਼ੇਸ਼ ਹੋਵੇਗਾ। ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਵਰ੍ਹੇ, ਜਨਮ ਦਿਨ 'ਤੇ। ਮੇਰੇ ਵਲੋਂ ਸਮੂਹ ਪਾਠਕਾਂ ਨੂੰ ਬਹੁਤ ਬਹੁਤ ਮੁਬਾਰਕਾਂ। ਅਸਲ ਵਿੱਚ ਵੀਰ ਜੀ ਜਨਮ ਸ਼ਤਾਬਦੀਆਂ ਮਨਾਉਣ ਦਾ ਤਾਂ ਹੀ ਲਾਭ ਹੈ ਜੇਕਰ ਅਸੀਂ ਕੁੱਝ ਤਾਂ ਅਮਲ ਕਰੀਏ। ਅਸੀਂ ਤਾਂ ਸਗੋਂ ਪਿੱਛੇ ਵੱਲ ਤੁਰ ਪਏ ਹਾਂ, ਲਗਦਾ ਤਾਂ ਇੰਜ ਹੀ ਹੈ।... ਸਾਡੇ ਨਾਲੋਂ ਤਾਂ ਸੱਜਣ ਠਗ ਚੰਗਾ ਸੀ, ਉਸ ਨੂੰ ਬਾਬਾ ਜੀ ਨੇ ਮਾੜੇ ਕੰਮਾਂ ਤੋਂ ਰੋਕਿਆ, ਉਹ ਕਹਿਣਾ ਮੰਨ ਕੇ ਪੈਰੀਂ ਪੈ ਗਿਆ ਤੇ ਬਾਬਾ ਜੀ ਦਾ ਪਿਆਰ ਸਤਿਕਾਰ ਲਿਆ ਪਰ ਅਸੀਂ ਕਿੱਥੇ ਹਾਂ.....?

ਤਿਮਾਹੀ ਜੁਲਾਈ - ਸਤੰਬਰ 2019 ਦੌਰਾਨ

# ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ
ਰੂਪਨਗਰ



**ਖ਼ੂਨਦਾਨ ਕੈਂਪ:-**

ਸਮਾਜ ਭਲਾਈ ਦੇ ਪ੍ਰੋਗਰਾਮਾਂ ਦੀ ਲੜੀ ਤਹਿਤ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਵੱਲੋਂ 7 ਜੁਲਾਈ ਨੂੰ ਸੈਣੀ ਭਵਨ ਰੂਪਨਗਰ ਵਿਖੇ 12ਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਸ਼੍ਰੀ ਤੇਜਦੀਪ ਸਿੰਘ ਸੈਣੀ, ਡਾਇਰੈਕਟਰ ਸਪੋਰਟਸ ਯੂ.ਟੀ. ਚੰਡੀਗੜ੍ਹ ਅਤੇ ਸ਼ਹਿਰ ਦੇ ਉੱਘੇ ਸਮਾਜਸੇਵੀ ਡਾ. ਆਰ. ਐਸ. ਪਰਮਾਰ ਨੇ ਕੀਤਾ। ਇਸ ਕੈਂਪ ਵਿੱਚ ਬਤੌਰ ਵਿਸ਼ੇਸ਼ ਮਹਿਮਾਨਾਂ ਵਜੋਂ ਸ਼੍ਰੀ ਸੁਰਿੰਦਰ ਸੈਣੀ, ਡਿਪਟੀ ਡਾਇਰੈਕਟਰ ਨਹਿਰੂ ਯੁਵਾ ਕੇਂਦਰ ਸੰਗਠਨ ਪੰਜਾਬ ਐਂਡ ਚੰਡੀਗੜ੍ਹ ਜ਼ੋਨ ਅਤੇ ਡਾਕਟਰ ਮਾਨਵਪ੍ਰੀਤ ਕੌਰ, ਪ੍ਰੋਫੈਸਰ ਰਿਚਲੈਂਡ ਕਾਲਜ, ਡੈਲਸ (ਯੂਐਸਏ) ਨੇ ਸ਼ਿਰਕਤ ਕੀਤੀ। ਰੋਟਰੀ ਕਲੱਬ ਰੂਪਨਗਰ, ਜ਼ਿਲ੍ਹਾ ਪੁਲਿਸ ਸਾਂਝ ਕੇਂਦਰ, ਰੂਪਨਗਰ, ਗੁਰੂ ਨਾਨਕ ਕਰਿਆਨਾ ਸਟੋਰ ਪਪਰਾਲਾ ਅਤੇ ਲਾਇਫ ਲਾਈਨ ਬਲੱਡ ਡੋਨਰ ਸੁਸਾਇਟੀ ਰੂਪਨਗਰ ਦੇ ਸਹਿਯੋਗ ਨਾਲ ਲਗਾਏ ਇਸ ਕੈਂਪ ਦੌਰਾਨ ਰੋਟਰੀ ਐਂਡ ਬਲੱਡ ਬੈਂਕ ਸੁਸਾਇਟੀ ਰਿਸੋਰਸ ਸੈਂਟਰ ਚੰਡੀਗੜ੍ਹ ਦੀ ਟੀਮ ਵੱਲੋਂ ਡਾ. ਰੌਲੀ ਅਗਰਵਾਲ ਤੇ ਵਿਜੈ ਸੂਦਨ ਦੀ ਅਗਵਾਈ 'ਚ 70 ਯੂਨਿਟ ਖ਼ੂਨ ਇਕੱਤਰਤ ਕੀਤਾ ਗਿਆ।


ਮੁੱਖ ਮਹਿਮਾਨਾਂ ਨੇ ਸਮਾਗਮ ਨੂੰ ਸੰਬੋਧਨ ਕਰਦਿਆ ਕਿਹਾ ਕਿ ਸੈਣੀ ਭਵਨ ਦੀ ਸੰਸਥਾ ਵੱਲੋਂ ਨਿਸ਼ਕਾਮ ਸੇਵਾਭਾਵਨਾ ਨਾਲ ਵੱਖ ਵੱਖ ਤਰਾਂ ਦੇ ਲੋਕ ਭਲਾਈ ਦੇ ਕਾਰਜ ਦੂਜਿਆਂ ਲਈ ਸਮਾਜਸੇਵਾ ਕਰਨ ਲਈ ਪ੍ਰੇਰਣਾ ਹੈ। ਇਸ ਮੌਕੇ ਆਏ ਮਹਿਮਾਨਾਂ ਅਤੇ ਖ਼ੂਨਦਾਨੀਆਂ ਦਾ ਸੰਸਥਾ ਦੇ ਚੇਅਰਮੈਨ-ਕਮ-ਪ੍ਰਧਾਨ ਡਾ. ਅਜਮੇਰ ਸਿੰਘ ਅਤੇ ਪੀਆਰਓ ਰਾਜਿੰਦਰ ਸੈਣੀ ਨੇ ਸਵਾਗਤ ਕਰਦਿਆਂ ਸੰਸਥਾ ਦੀਆਂ ਗਤੀਵਿਧੀਆਂ ਤੋਂ ਜਾਣੂ ਕਰਵਾਇਆ। ਇਸ ਸਮੇਂ 100ਵੀਂ ਵਾਰ ਖ਼ੂਨਦਾਨ ਕਰਨ ਵਾਲੇ ਸ਼੍ਰੀ ਤਰਸੇਮ ਸੈਣੀ ਨੰਗਲ, ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਕੈਂਪ ਵਿੱਚ ਅਵਿਨਾ ਸੋਨੀ ਨੇ 60ਵੀਂ ਵਾਰ, ਜਗਤਾਰ ਸਿੰਘ ਨੇ 53ਵੀਂ ਵਾਰ, ਚਤਰ ਸਿੰਘ ਕੋਟਲਾ ਨੇ 52ਵੀਂ ਵਾਰ, ਅਰਵਿੰਦਰ ਨੇ 40ਵੀਂ ਵਾਰ, ਮਨਜੀਤ ਸਿੰਘ ਤੰਬੜ ਤੇ ਹਰਪ੍ਰੀਤ ਸਿੰਘ ਜੱਗੀ ਨੇ 20ਵੀਂ ਵਾਰ, ਅਮਿਤ ਸੈਣੀ ਨੇ 19ਵੀਂ ਵਾਰ, ਚਰਨਦੀਪ ਚੈਰੀ ਤੇ ਨਰਿੰਦਰ ਮਕੌੜੀ ਨੇ 17ਵੀਂ ਵਾਰ ਖ਼ੂਨਦਾਨ ਕਰਨ ਤੋਂ ਇਲਾਵਾ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਅਮਿੰਦਰਪ੍ਰੀਤ ਸਿੰਘ ਬਾਵਾ ਤੇ ਐਮ.ਸੀ. ਕਰਨੈਲ ਸਿੰਘ ਤੰਬੜ ਨੇ ਵੀ ਖ਼ੂਨਦਾਨ ਕੀਤਾ।

ਕੈਂਪ ਵਿੱਚ ਸਾਬਕਾ ਜ਼ਿਲ੍ਹਾ ਖੇਡ ਅਧਿਕਾਰੀ ਸੁਰਿੰਦਰ ਸਿੰਘ ਟਾਂਡਾ, ਐਮ. ਸੀ. ਗੁਰਮੁੱਖ ਸਿੰਘ ਸੈਣੀ, ਰਮਨ ਜਿੰਦਲ, ਐਡਵੋਕੇਟ ਡੀ. ਐਸ ਦਿਉਲ, ਰੋਟਰੀ ਕਲੱਬ ਦੇ ਪ੍ਰਧਾਨ ਵਿਵੇਕ ਚਾਨਣਾ ਸਮੇਤ ਆਪਣੇ ਸਾਥੀਆਂ ਬਲੱਡ ਡੋਨਰ ਕਮਲਜੀਤ ਸਿਘ ਬਾਬਾ, ਦਲਜੀਤ ਸਿੰਘ, ਦੀਦਾਰ ਸਿੰਘ ਡਹਿਰ, ਕੁਲਦੀਪ ਸਿੰਘ ਗੋਲੀਆ, ਰਾਜਿੰਦਰ ਸਿੰਘ ਨਨ੍ਹੰਆ, ਜਸਵੀਰ ਸਿੰਘ, ਕਮਲੇਸ ਸੈਣੀ, ਵਿਜੇ ਲਛਮੀ, ਮਾਸਟਰ ਹਰਦੇਵ ਸਿੰਘ, ਅਵਿੰਦਰ ਰਾਜੂ, ਸੰਸਥਾ ਦੇ ਪ੍ਰਬੰਧਕਾਂ ਡਾ. ਜਸਵੰਤ ਕੌਰ, ਅਮਰਜੀਤ ਸਿੰਘ, ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ, ਰਾਮ ਸਿੰਘ ਸੈਣੀ, ਗੁਰਮੁੱਖ ਸਿੰਘ ਲੋਂਗੀਆ, ਰਾਜਿੰਦਰ ਸਿੰਘ ਗਿਰਨ, ਅਜਮੇਰ ਸਿੰਘ ਧਮੜੈਤ, ਗੁਰਚਰਨ ਸਿੰਘ, ਹਰਦੀਪ ਸਿੰਘ ਆਦਿ ਨੇ ਖ਼ੂਨਦਾਨੀਆਂ ਨੂੰ ਅਸ਼ੀਰਵਾਰ ਦਿੱਤਾ।

**ਮੈਗਜ਼ੀਨ ''ਸੈਣੀ ਸੰਸਾਰ'' ਦਾ ਲੋਕਅਰਪਣ:-**

ਸੈਣੀ ਭਵਨ 'ਚ 7 ਜੁਲਾਈ ਨੂੰ ਹੋਏ ਸਮਾਗਮ ਵਿੱਚ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਵਲੋਂ 2011 ਤੋਂ ਪ੍ਰਕਾਸ਼ਿਤ ਕੀਤੇ ਜਾ ਰਹੇ ਤਿਮਾਹੀ ਮੈਗਜ਼ੀਨ ''ਸੈਣੀ ਸੰਸਾਰ'' ਦਾ 34ਵਾਂ ਅੰਕ ਜਾਰੀ ਕੀਤਾ ਗਿਆ। ਇਹ ਰਸਮ ਯੂ.ਟੀ. ਚੰਡੀਗੜ੍ਹ ਦੇ ਖੇਡ ਡਾਇਰੈਕਟਰ ਸ਼੍ਰੀ ਤੇਜਦੀਪ ਸਿੰਘ ਸੈਣੀ ਨੇ ਅਦਾ ਕੀਤੀ। ਇਸ ਮੌਕੇ ਹਾਜ਼ਰ ਸ਼੍ਰੀ ਸੁਰਿੰਦਰ ਸੈਣੀ, ਡਾਕਟਰ ਮਾਨਵਪ੍ਰੀਤ ਕੌਰ ਅਤੇ ਡਾ. ਆਰ. ਐਸ ਪਰਮਾਰ ਨੇ ਪ੍ਰਬੰਧਕਾਂ ਨੂੰ ਉਸਾਰੂ ਸਾਹਿਤ ਵਾਲਾ ਮੈਗਜ਼ੀਨ ਪ੍ਰਕਾਸ਼ਿਤ ਕਰਨ ਦੀ ਵਧਾਈ ਦਿੱਤੀ। ਉਨ੍ਹਾ ਕਿਹਾ ਕਿ ਸਿਹਤਮੰਦ ਸਾਹਿਤ ਸਮਾਜ ਦੇ ਲੋਕਾਂ ਨੂੰ ਹਮੇਸ਼ਾਂ ਸਹੀ ਸੇਧ ਦਿੰਦਾ ਹੈ। ਇਸ ਮੌਕੇ ਮੈਗਜ਼ੀਨ ਦੇ ਮੁੱਖ ਸੰਪਾਦਕ ਡਾ. ਅਜਮੇਰ ਸਿੰਘ ਨੇ ਲੋਕਾਂ ਨੂੰ ਚੰਗਾ ਸਾਹਿਤ ਪੜ੍ਹਣ ਦੀ ਪ੍ਰੇਰਣਾ ਕੀਤੀ। ਯੂ.ਐਸ.ਏ. ਵਿੱਚ ਕਾਲਜ-ਪ੍ਰੋਫੈਸਰ ਬੇਟੀ ਡਾ. ਮਾਨਵਪ੍ਰੀਤ ਕੌਰ ਨੇ ਇਸ ਸਮਾਜਸੇਵੀ ਸੰਸਥਾ ਦੇ ਕਾਰਜਾਂ ਲਈ 80 ਹਜ਼ਾਰ ਰੁਪਏ, ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫ਼ਾ ਦੇਣ ਲਈ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਨੂੰ 10 ਹਜ਼ਾਰ ਰੁਪਏ ਅਤੇ ਬਜ਼ੁਰਗਾਂ ਦੇ ''ਆਪਣਾ ਘਰ'' ਨੂੰ 10 ਹਜ਼ਾਰ ਰੁਪਏ ਦਾਨ ਕੀਤੇ।

**ਪੀਣ ਵਾਲੇ ਪਾਣੀ ਦੀ ਸੇਵਾ ਲਈ ਟੈਂਕੀ :-**



ਸੈਣੀ ਭਵਨ ਰੂਪਨਗਰ ਦੇ ਮੋਢੀ ਟਰੱਸਟੀ ਸਵ.

ਮੁਹਿੰਦਰ ਸਿੰਘ ਗਿਰਨ ਦੇ ਸਪੁੱਤਰ ਹਰਜੀਤ ਸਿੰਘ ਗਿਰਨ ਨੇ ਆਪਣੇ ਬਜ਼ੁਰਗਾਂ ਦੀ ਯਾਦ ਵਿੱਚ ਸੈਣੀ ਭਵਨ ਦੇ ਗੇਟ 'ਤੇ ਪਾਣੀ ਦੀ ਟੈਂਕੀ ਰੱਖੀ ਹੈ ਤਾਂਕਿ ਬਾਹਰੋਂ ਬਜ਼ਾਰ ਆਉਣ ਵਾਲੇ ਲੋਕਾਂ ਨੂੰ ਗਰਮੀ ਦੇ ਸੀਜ਼ਨ ਸਮੇਂ ਪੀਣ ਦਾ ਪਾਣੀ ਆਸਾਨੀ ਨਾਲ ਮਿਲ ਸੱਕੇ। ਇਸ ਟੈਂਕੀ ਨੂੰ ਡਾ. ਮਾਨਵਪ੍ਰੀਤ ਕੌਰ ਪ੍ਰੋ: ਰਿਚਲੈਂਡ ਕਾਲਜ, ਡੈਲਸ (ਯੂਐਸਏ) ਨੇ ਲੋਕਅਰਪਣ ਕੀਤਾ। ਇਸ ਮੌਕੇ ਸੈਣੀ ਭਵਨ ਦੇ ਪ੍ਰਬੰਧਕ ਵੀ ਹਾਜ਼ਰ ਸਨ।

**ਤੀਆਂ ਦਾ ਤਿਉਹਾਰ :-**

ਸੈਣੀ ਭਵਨ ਵਿਖੇ ਵੱਖ ਵੱਖ ਤਰ੍ਹਾਂ ਦੇ ਕੋਰਸ ਕਰ ਰਹੀਆਂ ਸਿੱਖਿਆਰਥਣਾਂ ਵੱਲੋਂ 23 ਜੁਲਾਈ ਨੂੰ ਇਸ ਦੇ ਹਾਲ ਵਿੱਚ ਤੀਆਂ ਦਾ ਤਿਉਹਾਰ ਬਹੁਤ ਹੀ ਉਤਸ਼ਾਹ ਨਾਲ ਮਨਾ ਕੇ ਖੂਬ ਰੋਣਕਾਂ ਲਗਾਈਆਂ। ਸਿੱਖਿਆਰਥਣਾਂ ਨੇ ਰੰਗ-ਬਰੰਗੇ ਪਹਿਰਾਵਿਆਂ ਵਿੱਚ ਸੱਜ-ਧੱਜ ਕੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ ਅਤੇ ਨੱਚ-ਟੱਪ ਕੇ ਤੀਆਂ ਦੇ ਤਿਉਹਾਰ ਨਾਲ ਸਬੰਧਤ ਸਭਿਆਚਾਰ ਦੀਆਂ ਵੱਖ ਵੱਖ ਵੰਨਗੀਆਂ- ਸੁਹਾਗ, ਸਿੱਠਣੀਆਂ, ਘੋੜੀ, ਗਿੱਧਾ ਆਦਿ ਪੇਸ਼ ਕਰਕੇ ਆਪਣੀ ਖੁਸ਼ੀਆਂ ਸਾਂਝੀਆਂ ਕੀਤੀਆ। ਸਮਾਗਮ ਵਿੱਚ ਰਿਟਾ. ਸਿੱਖਿਆ ਅਧਿਕਾਰੀ ਅਤੇ ਸਮਾਜਸੇਵੀ ਸ਼੍ਰੀਮਤੀ ਚੰਦਰ ਕਾਂਤਾ ਸੈਣੀ, ਜ਼ਿਲ੍ਹਾ ਬਾਲ ਭਲਾਈ ਸੰਸਥਾ ਦੀਆਂ ਮੈਂਬਰ ਸ਼੍ਰੀਮਤੀ ਗਗਨਦੀਪ ਕੌਰ (ਪਤਨੀ ਐਡਵੋਕੇਟ ਅਮਰ ਰਾਜ ਸੈਣੀ), ਸ਼੍ਰੀਮਤੀ ਹਰਿੰਦਰ ਕੌਰ ਸੈਣੀ (ਪਤਨੀ ਸਵ.ਸ. ਵਰਿੰਦਰ ਸਿੰਘ ਸੈਣੀ), ਡਾ. ਮਾਨਵਪ੍ਰੀਤ ਕੌਰ ਯੂਐਸਏ, ਸ਼੍ਰੀਮਤੀ ਵਿਜੈ ਲਛਮੀ, ਸ਼੍ਰੀਮਤੀ ਪਰਮਿੰਦਰ ਕੌਰ ਪੰਧੇਰ, ਸ਼੍ਰੀਮਤੀ ਸੁਖਜੀਤ ਕੌਰ, ਸੀਡੀਪੀਓ ਸਤਿੰਦਰ ਕੌਰ, ਮਨਮੋਹਨ ਕੌਰ, ਸੰਤੋਸ਼ ਸੈਣੀ ਅਤੇ ਸੁਮੀਤਾ ਸੈਣੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਮਾਨਵਪ੍ਰੀਤ ਕੌਰ ਅਤੇ ਪਰਮਿੰਦਰ ਕੌਰ ਪੰਧੇਰ ਨੇ ਇਸ ਮੌਕੇ ਆਪਣੀ ਰਚਨਾਵਾਂ ਪੇਸ਼ ਕੀਤੀਆਂ ਅਤੇ ਹਾਜ਼ਰ ਮਹਿਮਾਨ ਮਹਿਲਾਵਾਂ ਨੇ ਵੀ ਸਿੱਖਿਆਰਥਣਾਂ ਨਾਲ ਨੱਚ ਕੇ ਆਪਣਾ ਚਾਅ ਪੂਰਾ ਕੀਤਾ। ਇਸ ਸਮਾਗਮ ਨੂੰ ਮਨੋਰਜਕ ਬਣਾਉਣ ਲਈ ਸੰਸਥਾ ਦੀਆਂ ਟੀਚਰਾਂ ਅੰਜੂ, ਰੇਖਾ, ਕਿਰਨ, ਉਰਮਲਾ ਤੇ ਕਿਰਨਜੀਤ ਨੇ ਸਿੱਖਿਆਰਥਣਾਂ ਦੀ ਅਗਵਾਈ ਕੀਤੀ। ਇਸ ਮੌਕੇ ਮਹਿਮਾਨਾਂ ਦਾ ਸੰਸਥਾ ਦੇ ਪੀਆਰਓ ਰਾਜਿੰਦਰ ਸੈਣੀ ਨੇ ਸਵਾਗਤ ਕੀਤਾ, ਸੰਸਥਾ ਦੇ ਟਰੱਸਟੀਆਂ ਦੇਵਿੰਦਰ ਸਿੰਘ ਜਟਾਣਾ ਤੇ ਗੁਰਮੁੱਖ ਸਿੰਘ ਲੋਂਗੀਆ ਨੇ ਤੀਆਂ ਦੇ ਪੁਰਾਤਨ ਸਭਿਆਚਾਰ ਬਾਰੇ ਆਪਣੇ ਵਿਚਾਰ ਰੱਖੇ। ਟਰੱਸਟ ਦੇ ਚੇਅਰਮੈਨ ਡਾ. ਅਜਮੇਰ ਸਿੰਘ ਤੰਬੜ ਨੇ ਕਿਹਾ ਕਿ ਸਾਨੂੰ ਆਪਣੇ ਸਭਿਆਚਾਰ ਤੇ ਮਾਣ ਹੋਣਾ ਚਾਹੀਦਾ ਹੈ।

**ਮਹਾਂਦਾਨੀ ਲੈਫ਼ ਕਰਨਲ ਜੀ. ਆਰ. ਸੈਣੀ ਨੂੰ ਦਾ 102ਵਾਂ ਜਨਮ ਦਿਨ ਮਨਾਇਆ :-**

ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਨੇ 9 ਅਗਸਤ ਨੂੰ ਟਰੱਸਟ ਦੇ ਪ੍ਰਮੁੱਖ ਸਲਾਹਕਾਰ ਤੇ ਮੋਢੀ ਮਹਾਂਦਾਨੀ ਲੈਫ. ਕਰਨਲ ਜੀ.ਆਰ. ਸੈਣੀ ਨੂੰ ਉਨ੍ਹਾਂ ਦੇ 102ਵੇਂ ਜਨਮ ਦਿਨ 'ਤੇ ਹੁਸ਼ਿਆਰਪੁਰ ਵਿੱਚ ਉਨ੍ਹਾਂ ਦੇ ਨਿਵਾਸ ਸਥਾਨ ਵਿਖੇ ਪੁੱਜ ਕੇ ਵਧਾਈ ਦਿੱਤੀ ਅਤੇ ਜਨਮਦਿਨ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ। ਇਸ ਮੌਕੇ 'ਤੇ ਟਰੱਸਟ ਦੇ ਚੇਅਰਮੈਨ ਬਲਬੀਰ ਸਿੰਘ ਸੈਣੀ, ਵਾਇਸ ਚੈਅਰਮੈਨ ਡਾ. ਅਜਮੇਰ ਸਿੰਘ ਤੰਬੜ, ਪ੍ਰਧਾਨ ਰਾਜਿੰਦਰ ਸੈਣੀ, ਟਰੱਸਟੀਜ਼ ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ ਅਤੇ ਪ੍ਰਬੰਧਕੀ ਕਮੇਟੀ ਮੈਂਬਰ ਗੁਰਮੁੱਖ ਸਿੰਘ ਲੋਂਗੀਆ, ਰਾਜਿੰਦਰ ਸਿੰਘ ਗਿਰਨ, ਸੁਰਿੰਦਰ ਸਿੰਘ ਨੇ ਸੈਣੀ ਸਾਹਿਬ ਦੀ ਲੰਮੀ ਉਮਰ ਅਤੇ ਖੁਸ਼ਹਾਲ ਜੀਵਨ ਦੀ ਕਾਮਨਾ ਕੀਤੀ। ਜ਼ਿੰਦਗੀ ਦੇ 102ਵੇਂ ਸਾਲ ਵਿੱਚ ਪੈਰ ਰਖਦਿਆਂ ਵੀ ਦਿਮਾਗੀ ਤੌਰ 'ਤੇ ਪੂਰਨ ਰੂਪ ਵਿੱਚ ਚੌਕੰਨੇ ਕਰਨਲ ਸੈਣੀ ਨੇ ਸੈਣੀ ਭਵਨ ਦੇ ਲੋਕ ਸੇਵਾ ਕਾਰਜਾਂ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਅੱਜ ਦੇ ਮੁਕਾਬਲੇ ਦੇ ਯੁਗ ਵਿੱਚ ਬੱਚਿਆਂ ਨੂੰ ਚੰਗੀ ਵਿਦਿਆ ਪ੍ਰਾਪਤ ਕਰਕੇ ਪ੍ਰਸ਼ਾਸ਼ਕੀ ਅਤੇ ਫੌਜ ਵਿੱਚ ਜ਼ਿੰਮੇਵਾਰ ਅਹੁਦਿਆਂ 'ਤੇ ਪਹੁੰਚ ਕੇ ਦੇਸ਼ ਦੀ ਸੇਵਾ ਕਰਨੀ ਚਾਹੀਦੀ ਹੈ।

ਇਸ ਮੌਕੇ ਕਰਨਲ ਸਾਹਿਬ ਦੀ ਦੋਹਤ ਨੂੰਹ ਸ਼੍ਰੀਮਤੀ ਗੁਰਜਿੰਦਰ ਕੌਰ ਪਤਨੀ ਸ਼੍ਰੀ ਰਾਜੇਸ਼ ਚੌਧਰੀ ਨੇ ਸਕਾਲਰਸਿੱਪ ਦੇਣ ਲਈ ਟਰੱਸਟ ਨੂੰ 50 ਹਜ਼ਾਰ ਰੁਪਏ ਦੀ ਰਾਸ਼ੀ ਦਾਨ ਕੀਤੀ। ਇੱਥੇ ਇਹ ਵਰਨਣਯੋਗ ਹੈ ਕਿ ਕਰਨਲ ਜੀ.ਆਰ. ਸੈਣੀ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਨੂੰ ਵਜੀਫ਼ੇ ਦੇਣ ਲਈ ਕੋਈ 22 ਲੱਖ ਰੁਪਏ ਦੀ ਰਾਸ਼ੀ ਦਾਨ ਕੀਤੀ ਗਈ ਹੈ ਜਿਸ ਦੇ ਵਿਆਜ ਨਾਲ ਦੋ ਦਰਜਨ ਦੇ ਕਰੀਬ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਪੜ੍ਹਾਈ ਜਾਰੀ ਰੱਖਣ ਲਈ ਹਰ ਸਾਲ ਵਜ਼ੀਫੇ ਦਿੱਤੇ ਜਾਂਦੇ ਹਨ। ਇਸ ਮੌਕੇ ਕਰਨਲ ਸਾਹਿਬ ਦੇ ਨਜਦੀਕੀ ਸਬੰਧੀ ਸ. ਜਸਵੰਤ ਸਿੰਘ ਵੀ ਹਾਜ਼ਰ ਸਨ।

**ਹੜ੍ਹ-ਪੀੜਤਾਂ ਦੀ ਸਹਾਇਤਾ:-**

ਸਿਰਜਣਹਾਰਾ ਆਪਣੇ ਜੀਵਾਂ ਨੂੰ ਬੇਅੰਤ ਦਾਤਾਂ ਨਾਲ ਮਾਲੋ ਮਾਲ ਕਰਦਾ ਹੈ ਜਿਨ੍ਹਾਂ ਨੂੰ ਠੀਕ ਢੰਗ ਨਾਲ ਸੰਭਾਲਣਾ ਮਨੁੱਖ ਦੀ ਜ਼ਿੰਮੇਵਾਰੀ ਹੈ। ਇਸ ਸਾਲ



ਅਗਸਤ ਦੇ ਮਹੀਨੇ ਕੁਦਰਤ ਨੇ ਭਾਰਤ ਵਿੱਚ ਵਸਦੇ ਜੀਵਾਂ ਲਈ ਅਤਿ ਲੋੜੀਂਦੇ, ਪਾਣੀ ਦੇ ਭੰਡਾਰ ਬਾਰਿਸ਼ ਦੇ ਰੂਪ ਵਿੱਚ

ਖੋਲ੍ਹ ਦਿੱਤੇ ਪਰ ਇੱਥੋਂ ਦੇ ਅਯੋਗ ਪ੍ਰਬੰਧਕ ਇਸ ਦਾਤ ਨੂੰ ਸੰਭਾਲਣ ਵਿੱਚ ਪੂਰੀ ਤਰ੍ਹਾਂ ਅਸਫ਼ਲ ਸਿੱਧ ਹੋਏ। ਇਸ ਨਾਲ ਹਜ਼ਾਰਾਂ ਮਨੁੱਖਾਂ ਸਮੇਤ ਜਾਨਵਰ ਹੜ੍ਹਾਂ ਦੀ ਕਰੋਪੀ ਨਾਲ ਜਾਨਮਾਲ ਤੋਂ ਹੱਥ ਧੋ ਬੈਠੇ। ਸੈਣੀ ਭਵਨ ਦੇ ਪ੍ਰਬੰਧਕਾਂ ਨੇ ਇਨ੍ਹਾਂ ਪੀੜਤ ਬਦਨਸੀਬਾਂ ਦੇ ਦਰਦ ਨੂੰ ਮਹਿਸੂਸ ਕਰਦਿਆਂ ਮਾਲੀ ਸਹਾਇਤਾ ਹਿਤ 20000 ਰੁਪਏ ਪੰਜਾਬ ਦੇ ਮੁੱਖ ਮੰਤਰੀ ਦੇ ਹੜ੍ਹ ਸਹਾਇਤਾ ਫੰਡ ਵਿੱਚ ਭੇਜੇ ਹਨ ਜਿਸ ਦਾ ਡਰਾਫਟ 18 ਸਤੰਬਰ 2019 ਨੂੰ ਡਿਪਟੀ ਕਮਿਸ਼ਨਰ ਰੂਪਨਗਰ ਨੂੰ ਸੌਂਪਿਆ ਗਿਆ।

ਇਸ ਰਾਸ਼ੀ ਵਿੱਚ ਸੈਣੀ ਭਵਨ ਦੇ ਟਰੱਸਟੀ ਇੰਜ. ਰਾਜੀਵ ਸੈਣੀ ਨੇ 2000 ਰੁਪਏ, ਸ. ਦਵਿੰਦਰ ਸਿੰਘ ਜਟਾਣਾ ਨੇ 1500 ਰੁਪਏ, ਬਾਕੀ ਸਾਰੇ ਟਰੱਸਟੀਆਂ ਨੇ 1000-1000 ਰੁਪਏ ਅਤੇ ਸ. ਜਸਵੰਤ ਸਿੰਘ ਸੈਣੀ ਨਿਵਾਸੀ ਗਿਆਨੀ ਜ਼ੈਲ ਸਿੰਘ ਨਗਰ ਰੂਪਨਗਰ ਨੇ 500 ਰੁਪਏ ਦਾ ਯੋਗਦਾਨ ਪਾਇਆ।

**ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ਪੁਰਬ ਨੂੰ ਸਮਰਪਿਤ ਲਿਖਤੀ ਮੁਕਾਬਲਾ**:-



ਮਾਨਵਤਾ ਦੇ ਸਾਂਝੇ ਰਹਿਬਰ ਬਾਬਾ ਨਾਨਕ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਦਾ ਗਿਆਨ ਦੇਣ ਦੇ ਮਨੋਰਥ ਨਾਲ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਨੇ ਗੁਰੂ ਅਮਰ ਦਾਸ ਸੇਵਾ ਸੁਸਾਇਟੀ ਰੂਪਨਗਰ ਦੇ ਸਹਿਯੋਗ ਨਾਲ 30 ਸਤੰਬਰ, 2019 ਨੂੰ ਸੈਣੀ ਭਵਨ ਰੂਪਨਗਰ ਵਿਖੇ ਵਿਦਿਆਰਥੀਆਂ ਦਾ ਇੱਕ ਲਿਖਤੀ ਪ੍ਰੀਖਿਆ ਮੁਕਾਬਲਾ ਕਰਵਾਇਆ। ਵਿਦਿਆਰਥੀਆਂ ਦੀ ਸਹੂਲਤ ਲਈ ਉਨ੍ਹਾਂ ਨੂੰ 550 ਪ੍ਰਸ਼ਨ-ਉੱਤਰਾਂ ਵਾਲੀ ਇੱਕ ਪੁਸਤਿਕਾ ਉਪਲਬਧ ਕਰਵਾਈ ਗਈ ਸੀ ਜਿਸ ਵਿੱਚੋਂ 50 ਪ੍ਰਸ਼ਨ, ਪ੍ਰਸ਼ਨ-ਪੱਤਰ ਵਿੱਚ ਦਿੱਤੇ ਗਏ ਸਨ ਜਿਨ੍ਹਾਂ ਦੇ ਉੱਤਰ ਉਮੀਦਵਾਰ ਨੇ ਇੱਕ ਘੰਟੇ ਵਿੱਚ ਲਿਖਣੇ ਸਨ। ਇਸ ਮੁਕਾਬਲੇ ਵਿੱਚ ਸੈਣੀ ਭਵਨ ਦੀਆਂ ਸਿੱਖਿਆਰਥਣਾਂ, ਸ.ਗ.ਸੀ.ਸ. ਰੂਪਨਗਰ, ਖਾ. ਸੀ. ਸੈ. ਸਕੂਲ ਰੂਪਨਗਰ, ਡੀ. ਏ. ਵੀ. ਸੀ. ਸੈ. ਸਕੂਲ ਰੂਪਨਗਰ ਅਤੇ ਸੰਤ ਕਰਮ ਸਿੰਘ ਅਕੈਡਮੀ ਸ਼ਾਮਪੁਰਾ ਦੀਆਂ ਕੁੱਲ 48 ਲੜਕੀਆਂ ਨੇ ਭਾਗ ਲਿਆ। ਇਸ ਮੁਕਾਬਲੇ ਵਿੱਚ ਪਹਿਲੀਆਂ ਦਸ ਪੋਜ਼ੀਸ਼ਨਾਂ ਹਾਸਲ ਕਰਨ ਵਾਲੀਆਂ ਪ੍ਰਤਿਯੋਗੀਆਂ ਨੂੰ ਵਿਸ਼ੇਸ਼ ਸਮਾਗਮ ਸਮੇਂ ਨਗਦ ਇਨਾਮਾਂ ਨਾਲ ਸਨਮਾਨਿਤ ਕੀਤਾ ਜਾਵੇਗਾ।

## ਬਰਾਦਰੀ ਦੀਆਂ ਮਾਣਮੱਤੀਆਂ ਧੀਆ ਜੈਸਮੀਨ ਕੌਰ ਤੇ ਖੁਸ਼ੀ ਸੈਣੀ

ਰੂਪਨਗਰ ਸ਼ਹਿਰ 'ਚ ਰਹਿਣ ਵਾਲੀਆਂ ਬਰਾਦਰੀ ਦੀਆਂ ਦੋ ਧੀਆ ਜੈਸਮੀਨ ਕੌਰ ਅਤੇ ਖੁਸ਼ੀ ਸੈਣੀ ਆਪਣੀ ਮਿਹਨਤ ਸਦਕਾ ਨਵੰਬਰ 'ਚ ਦੋਹਾ ਕਤਰ ਵਿਖੇ ਹੋਣ ਵਾਲੀ 14ਵੀਂ ਏਸ਼ੀਅਨ ਸ਼ੂਟਿੰਗ ਚੈਂਪੀਅਨਸ਼ਿਪ 'ਚ ਭਾਗ ਲੈਣ ਲਈ ਚਣੀਆਂ ਗਈਆਂ ਹਨ। ਜੈਸਮੀਨ ਯੂਥ ਕੈਟਾਗਿਰੀ ਅਤੇ ਖੁਸ਼ੀ ਸੈਣੀ ਜੂਨੀਅਰ ਕੈਟਾਗਿਰੀ 'ਚ ਹਿੱਸਾ ਲੈਣਗੀਆ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੱਲੀਆਂ ਕਲਾਂ ਦੀਆਂ ਇਹ ਦੋਵੇਂ ਵਿਦਿਆਰਥਣਾਂ ਸਟੇਟ ਅਤੇ ਨੈਸ਼ਨਲ ਗੋਲਡ ਮੈਡਲਿਸਟ ਹਨ ਜਿਨ੍ਹਾਂ ਨੂੰ ਕੋਚ ਨਰਿੰਦਰ ਸਿੰਘ ਬੰਗਾ ਦੀ ਪਾਰਖੂ ਅੱਖ ਨੇ ਪਹਿਚਾਣਿਆ ਅਤੇ ਅੰਤਰਰਾਸ਼ਟਰੀ ਪੱਧਰ ਤੱਕ ਪਹੁੰਚਾਇਆ ਹੈ।



ਜੈਸਮੀਨ ਕੌਰ (ਮੈਡੀਕਲ 11ਵੀਂ ਜਮਾਤ ਦੀ ਵਿਦਿਆਰਥਣ), ਸਵਰਗੀ ਬਿਕਰਮਜੀਤ ਸਿੰਘ ਅਤੇ ਸ਼੍ਰੀਮਤੀ ਅੰਮ੍ਰਿਤ ਕੌਰਦੇ ਘਰ 2 ਸਤੰਬਰ 2002 ਨੂੰ ਪੈਦਾ ਹੋਈ। ਉਹ ਡਾਕਟਰ ਬਣ ਕੇ ਲੋਕਾਂ ਦੀ ਸੇਵਾ ਕਰਨ ਦੀ ਚਾਹਵਾਨ ਹੈ। ਘਰ ਵਿਚ ਉਸਦਾ ਇਕ ਛੋਟਾ ਭਾਈ ਅਤੇ ਵੱਡੀ ਭੈਣ ਹਨ ਅਤੇ ਆਪਣਾ ਕਰੈਸ਼ਰ ਦਾ ਕਾਰੋਬਾਰ ਹੈ। ਜੈਸਮੀਨ ਕੌਰ, ਕੇਰਲਾ ਵਿੱਚ ਹੋਈ ਐਨਆਰਏਆਈ ਚੈਂਪੀਅਨਸ਼ਿਪ ਦੀ ਸਿਲਵਰ ਮੈਡਲ ਜੇਤੂ ਹੈ। ਜੈਸਮੀਨ ਨੂੰ ਸ਼ੂਟਿੰਗ ਦੀ ਚੇਟਕ ਅੱਠਵੀਂ ਜਮਾਤ ਵਿੱਚ ਪੜ੍ਹਦਿਆਂ ਲੱਗੀ ਅਤੇ ਅੱਜ ਉਹ 'ਖੇਲੋ ਇੰਡੀਆ' ਪ੍ਰੋਗਰਾਮ ਦਾ ਵੀ ਹਿੱਸਾ ਹੈ।



ਖੁਸ਼ੀ ਸੈਣੀ, 18 ਅਕਤੂਬਰ 2004 ਨੂੰ ਰੂਪਨਗਰ ਨਿਵਾਸੀ ਵਕੀਲ ਸ.ਹਰਜੀਤ ਸਿੰਘ ਸੈਣੀ ਦੀ ਇਕਲੌਤੀ ਬੇਟੀ ਹੈ। ਇਸ ਦੇ ਦਾਦਾ ਸ.ਸੁਰਿੰਦਰ ਸਿੰਘ ਸੈਣੀ ਪੁਲਿਸ ਤੋਂ ਇੰਸਪੈਕਟਰ ਸੇਵਾਮੁਕਤ ਹੋਏ ਹਨ। ਦਸਵੀਂ ਜਮਾਤ ਵਿੱਚ ਪੜ੍ਹਦੀ ਖੁਸ਼ੀ ਨੇ ਆਪਣਾ ਖੇਡ ਕੈਰੀਅਰ ਬੈਡਮਿੰਟਨ ਤੋਂ ਸ਼ੁਰੂ ਕੀਤਾ ਪਰ ਆਪਣੀ ਸੀਨੀਅਰ ਜੈਸਮੀਨ ਕੌਰ ਅਤੇ ਕੋਚ ਨਰਿੰਦਰ ਬੰਗਾ ਦੀ ਪ੍ਰੇਰਣਾ ਸਦਕਾ ਸ਼ੂਟਿੰਗ ਵੱਲ ਖਿੱਚੀ ਗਈ। ਉਸ ਨੇ ਸਕੂਲ ਖੇਡਾਂ ਵਿੱਚ ਗੋਲਡ ਜਿੱਤਣ ਤੋਂ ਬਾਅਦ ਨਵੀਂ ਦਿੱਲੀ ਵਿਖੇ ਹੋਏ ਸ਼ੂਟਿੰਗ ਮੁਕਾਬਲਿਆਂ ਦੌਰਾਨ ਚੰਗਾ ਪ੍ਰਦਰਸ਼ਨ ਕਰਦਿਆਂ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਸ਼ਾਮਲ ਹੋਣ ਦਾ ਮਾਣ ਹਾਸਲ ਕੀਤਾ।

# ....ਜਗ ਚਾਨਣ ਹੋਇਆ

ਮਨਜੀਤ ਸਿੰਘ ਤੰਬੜ
ਪੰਜੌੜ (ਹੁਸ਼ਿਆਰਪੁਰ)



ਈਸਵੀ 1469 ਦੇ ਇੱਕ ਸੁਭਾਗੇ ਦਿਨ ਭਾਰਤ ਦੇ ਆਕਾਸ਼ ਵਿੱਚ ਅਜਿਹਾ ਸੂਰਜ ਚੜ੍ਹਿਆ ਜਿਸ ਨੇ ਇੱਕੋ ਸਮੇ ਸਾਰੇ ਸੰਸਾਰ ਨੂੰ ਪ੍ਰਕਾਸ਼ ਨਾਲ ਭਰ ਦਿੱਤਾ। ਇਹ ਸੀ ਗੁਰੂ ਨਾਨਕ ਦੇਵ ਜੀ ਜਿਨ੍ਹਾਂ ਨੇ ਸੁਲਤਾਨਪੁਰ ਵਿਖੇ ਬੇਈਂ ਦੇ ਕੰਢੇ ਖਲੋ ਕੇ ਚਾਨਣ ਦੀ ਮੁੱਠ ਖਲਾਰ ਦਿੱਤੀ। ਸੂਰਜ ਤਾਰਿਆਂ ਨੂੰ ਖਤਮ ਨਹੀਂ ਕਰਦਾ, ਕੇਵਲ ਉਨ੍ਹਾਂ ਦੀ ਰੋਸ਼ਨੀ ਨੂੰ ਆਪਣੇ ਵਿੱਚ ਜ਼ਜ਼ਬ ਕਰ ਲੈਂਦਾ ਹੈ।ਇਹੋ ਕੰਮ ਗੁਰੂ ਨਾਨਕ ਦੇਵ ਜੀ ਨੇ ਕੀਤਾ। ਉਨ੍ਹਾਂ ਦੇ ਸਮੇਂ ਅਨੇਕ ਛੋਟੇ-ਵੱਡੇ ਧਰਮਾਂ ਦੇ ਸਿਤਾਰੇ ਆਤਮਿਕ ਗਗਨ ਵਿੱਚ ਚਮਕ ਰਹੇ ਸਨ। ਉਨ੍ਹਾਂ ਨੇ ਕਿਸੇ ਧਰਮ ਨੂੰ ਦੇ ਮਾਰਗ ਨੂੰ ਮਿਟਾਣਾ ਆਪਣਾ ਕਰਤਵ ਨਹੀਂ ਬਣਾਇਆ। ਉਨ੍ਹਾਂ ਦੀ ਸਿੱਖਿਆ ਦਾ ਪ੍ਰਕਾਸ਼ ਹੀ ਇੰਨਾ ਤੇਜ਼ ਸੀ ਕਿ ਬਾਕੀ ਸਾਰੇ ਪ੍ਰਕਾਸ਼ ਆਪਣੇ ਆਪ ਹੀ ਉਸ ਵਿੱਚ ਲੀਨ ਹੋ ਗਏ। ਗੁਰੂ ਨਾਨਕ ਦਾ 'ਧਰਮ ਪ੍ਰਕਾਸ਼' ਸਾਰੇ ਧਰਮਾਂ ਦਾ ਪ੍ਰਤਿਨਿਧ ਹੈ ਜਿਵੇਂ ਸੂਰਜ ਦਾ ਪ੍ਰਕਾਸ਼ ਸਭ ਤੋਂ ਪ੍ਰਮੁਖ ਹੈ। ਚੰਦਰਮਾ ਤੇ ਤਾਰਿਆਂ ਦੀ ਆਪਣੀ ਹਸਤੀ ਹੈ ਜੋ ਕਲਿਆਣਕਾਰੀ ਵੀ ਹੈ ਪਰ ਸੂਰਜ ਦੀ ਰੋਸ਼ਨੀ ਅਲੌਕਿਕ ਹੈ। ਇਸ ਤਰ੍ਹਾਂ ਹੀ ਗੁਰੂ ਨਾਨਕ ਜੀ ਨੇ ਦੂਜਿਆਂ ਧਰਮਾਂ ਨੂੰ ਮਿਟਾਉਣ ਦੀ ਬਜਾਏ ਉਨ੍ਹਾਂ ਨੂੰ ਸੰਪੂਰਨ ਕੀਤਾ।ਉਨ੍ਹਾਂ ਦੇ ਪ੍ਰਕਾਸ਼ ਨੂੰ ਆਪਣੇ ਵਿੱਚ ਸਮੇਟ ਕੇ ਨਵਾਂ ਉੱਤਮ ਪ੍ਰਕਾਸ਼ ਪਸਾਰਿਆ। ਧਾਰਮਿਕ ਜ਼ਜ਼ਬਿਆਂ ਦੀ ਸਿਖਰ, **ਗੁਰੂ ਨਾਨਕ ਦਾ ਧਰਮ ਪਹਿਲੇ ਵੱਖ ਵੱਖ ਮਤਾਂ ਦੀ ਨੀਂਹ 'ਤੇ ਉੱਸਰਿਆ ਸ੍ਰੇਸ਼ਟ ਧਰਮ ਹੈ।**

ਭਾਈ ਗੁਰਦਾਸ ਜੀ ਅਨੁਸਾਰ **ਗੁਰੂ ਨਾਨਕ ਦੇਵ ਰੂਪੀ ਸੂਰਜ ਦੇ ਉਦੈ ਨਾਲ ਅਗਿਆਨਤਾ ਦੀ ਧੁੰਦ ਖਤਮ ਹੋ ਗਈ ਤੇ ਸਾਰੇ ਪਾਸੇ ਚਾਨਣ ਹੋ ਗਿਆ।** ਧੁੰਦ ਹਨੇਰੇ ਨਾਲੋਂ ਵੀ ਸੰਘਣੀ ਹੁੰਦੀ ਹੈ। ਹਨੇਰੇ ਵਿੱਚ ਕੁੱਝ ਦਿਸ ਸਕਦਾ ਹੈ ਪਰ ਧੁੰਦ ਵਿੱਚ ਦੇਖਣ ਲਈ ਕੋਈ ਛੋਟਾ ਪ੍ਰਕਾਸ਼ ਦਾ ਸੋਮਾ ਸਹਾਈ ਨਹੀਂ ਹੁੰਦਾ। ਧੁੰਦ ਨੂੰ ਤਾਂ ਕੇਵਲ ਸੂਰਜ ਹੀ ਦੂਰ ਕਰ ਸਕਦਾ ਹੈ। ਇਹੋ ਕੰਮ ਗੁਰੂ ਨਾਨਕ ਦੇਵ ਜੀ ਨੇ ਕੀਤਾ। ਉਨ੍ਹਾਂ ਦੇ ਪ੍ਰਗਟ ਹੁੰਦਿਆਂ ਹੀ ਲੋਕਾਈ ਦੀ ਅਗਿਅਨਤਾ ਰੂਪੀ ਧੁੰਦ ਹਟਣੀ ਸ਼ੁਰੂ ਹੋ ਗਈ। ਗੁਰੂ ਨਾਨਕ ਪ੍ਰਕਾਸ਼ ਨੇ ਸਭ ਤੋਂ ਪਹਿਲਾਂ ਆਪਣੀ ਮੁਸਕ੍ਰਾਹਟ ਨਾਲ ਦੌਲਤਾਂ ਦਾਈ ਦੀ ਧੁੰਦ ਦੂਰ ਕੀਤੀ, ਫਿਰ ਪੰਡਤ ਨੂੰ ਸਿੱਖਿਆ ਦੇ ਕੇ ਉਸ ਦੇ ਅੰਦਰਲੀ ਧੁੰਦ ਕੱਢੀ।ਉਨ੍ਹਾਂ ਨੇ ਮਲਕ ਭਾਗੋ, ਰਾਣੀ ਨੂਰ ਸ਼ਾਹ, ਭੂਮੀਏ ਚੋਰ, ਰਾਜਾ ਸ਼ਿਵਨਾਭ, ਪੁਰੀ ਮੰਦਰ ਦੇ ਪੁਜਾਰੀਆਂ, ਕੌਡੇ ਰਾਕਸ਼, ਸਿੱਧਾਂ, ਮੱਕੇ ਦੇ ਕਾਜ਼ੀਆਂ ਤੇ ਹੋਰ ਅਨੇਕਾਂ ਭੁੱਲੇ ਭਟਕਿਆਂ ਨੂੰ ਦਰਸ਼ਨ ਦੇ ਕੇ ਉਨ੍ਹਾਂ ਦੀ ਧੁੰਦ ਹਟਾ ਕੇ ਚਾਨਣ ਬਖਸ਼ਿਆ।

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੇ ਸਰੂਪ ਨੂੰ ਉਨ੍ਹਾਂ ਦੀ ਬਾਣੀ, 'ਵਾਰ ਆਸਾ' ਪੂਰੀ ਤਰ੍ਹਾਂ ਸਪਸ਼ਟ ਕਰਦੀ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਬਾਹਰਲਾ ਪਦਾਰਥੀ ਜੀਵਨ ਸੁਚੇਤ ਮਨ ਦੀ ਜਾਮਨੀ ਨਹੀ ਹੈ। ਕਿਸੇ ਮਨੁੱਖ ਦੀ ਮਹਾਨਤਾ ਨੂੰ ਉਸ ਦੇ ਪਦਾਰਥਕ ਠਾਠ ਬਾਠ ਅਤੇ ਰਸਮੀ ਪੂਜਾ ਪਾਠ ਤੋਂ ਨਹੀ ਨਾਪਿਆ ਜਾ ਸਕਦਾ। ਸੁਚੇਤ ਮਨ ਤਾਂ ਕੇਵਲ ਉਹ ਹੈ ਜਿਸ ਅੰਦਰ ਦ੍ਰਿੜ ਗਿਆਨ ਹੈ ਕਿ **ਪ੍ਰਮਾਤਮਾ ਪਦਾਰਥ ਦੇ ਜ਼ਰੇ ਜ਼ਰੇ ਵਿੱਚ ਮੌਜੂਦ ਹੈ**('ਦੁਜੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਓ')। ਪ੍ਰਕਾਸ਼ ਦੀ ਇਸ ਕਿਰਨ ਨੇ ਸੰਸਾਰ ਦੇ ਪ੍ਰਚੱਲਿਤ ਧਰਮਾਂ ਦੀਆਂ ਪਦਾਰਥਿਕ ਕੀਮਤਾਂ ਬਦਲ ਕੇ ਇਨ੍ਹਾਂ ਨੂੰ ਅਧਿਆਤਮਕ ਕਰ ਦਿੱਤਾ।



ਗੁਰੂ ਜੀ ਦਾ ਉਦੇਸ਼ ਹੈ ਕਿ **ਸੰਸਾਰਿਕ ਜੀਵਨ ਸੁਪਨਾ ਤੇ ਮਿੱਥਿਆ ਨਹੀਂ ਹੈ।** ਉਸ ਨੂੰ ਆਪਣੇ ਹਰ ਕਰਮ ਦਾ ਪ੍ਰਤਿਕਰਮ ਭੁਗਤਣਾ ਪਵੇਗਾ। ਇਸ ਲਈ ਮਨੁੱਖ ਨੂੰ ਹਰ ਕੰਮ ਪੂਰੀ ਜ਼ਿੰਮੇਵਾਰੀ ਨਾਲ ਨਿਰਖ-ਪਰਖ ਕੇ ਕਰਨਾ ਚਾਹੀਦਾ ਹੈ।( ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ)। ਜੀਵਨ ਨੂੰ ਪੂਰਾ ਸੁਚੇਤ ਹੋ ਕੇ ਜੀਉਣਾ ਚਾਹੀਦਾ ਹੈ ਕਿਉਂਕਿ ਇਹ ਘ੍ਰਿਣਾਯੋਗ ਅਤੇ ਦੁੱਖਾਂ ਦੀ ਵਾੜੀ ਨਹੀ ਹੈ। ਇਹ ਅਤਿ ਸੁੰਦਰ ਹੈ। ਇਸ ਤੋਂ ਭੱਜ ਜਾਣਾ ਜਨਮ ਗਵਾਉਣ ਦੇ ਤੁਲ ਹੈ। ਪਰ ਸੰਸਾਰ ਨੂੰ ਭੋਗ ਦਾ ਸਾਧਨ ਬਣਾ ਲੈਣਾ ਵੀ ਜ਼ਹਿਰ ਪੀਣ ਦੇ ਬਰਾਬਰ ਹੈ। ਗੁਰੂ ਜੀ ਨੇ ਦ੍ਰਿੜ ਕਰਵਾਇਆ ਹੈ ਕਿ ਸੰਸਾਰ ਨੂੰ ਐਵੇਂ ਮੌਕਾ ਮੇਲ ਦੇ ਜਾਦੂ ਨਾ ਸਮਝੋ। ਇਹ ਸਭ ਕੁੱਝ ਕਿਸੇ ਪ੍ਰਬੰਧ ਤੇ ਭੈ ਵਿੱਚ ਚੱਲ ਰਿਹਾ ਹੈ। ਮਨੁੱਖ ਕਿਸੇ ਅਗੰਮੀ ਕਾਨੂੰਨ ਅਨੁਸਾਰ ਦੁਨੀਆਂ ਵਿੱਚ ਆਉਂਦਾ ਹੈ ਅਤੇ ਮੁਕਤੀ ਪ੍ਰਾਪਤ ਕਰਦਾ ਹੈ। ਸੱਚੇ ਗੁਰੂ ਦੀ ਸਿੱਖਿਆ ਨਾਲ ਸੱਚ ਨੂੰ ਦ੍ਰਿੜ ਕਰਨ ਨਾਲ ਹੀ ਮਨੁੱਖ ਮੁਕਤ ਹੁੰਦਾ ਹੈ।(ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ)।

ਗੁਰੂ ਜੀ ਦੀ ਸਿੱਖਿਆ ਹੈ ਕਿ **ਮਨੁੱਖੀ ਜੀਵਨ ਆਪਣਾ ਅਤੇ ਸਰਬੱਤ ਦਾ ਭਲਾ ਕਰਨ ਲਈ ਹੈ।** ਮਨੁੱਖ ਨੂੰ ਸਦਾ ਨੇਕੀ ਕਰਦਿਆਂ  ਨਿਮਰਤਾ ਵਿੱਚ ਰਹਿਣਾ ਚਾਹੀਦਾ ਹੈ( ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਇਐ)। ਉਨ੍ਹਾਂ ਦਾ ਉਪਦੇਸ਼ ਹੈ ਕਿ ਬਾਹਰਲੀਆਂ ਧਾਰਮਿਕ ਰਸਮਾਂ ਤੇ ਫੋਕੀ

ਸ਼ਗੂ ਨਾਲੋਂ ਸੱਚੇ ਨਾਲ ਚਿੱਤ ਲਾਉਣਾ ਉੱਤਮ ਹੈ। ਹਉਮੈ ਨੂੰ ਮਾਰ ਕੇ ਸੇਵਾ ਕਰਨੀ ਹੀ ਉੱਤਮ ਮਾਰਗ ਹੈ। ਹਉਮੈ ਧੁੰਦ ਤੇ ਸੇਵਾ ਪ੍ਰਕਾਸ਼ ਹੈ। ਹਉਮੈ ਆਪਣੇ ਆਪ ਲਈ ਅਤੇ ਸੇਵਾ ਦੂਜਿਆਂ ਲਈ ਜੀਣਾ ਹੈ। ਦੂਜਿਆਂ ਲਈ ਉਹ ਹੀ ਜੀਅ ਸਕਦਾ ਹੈ ਜੋ ਪਦਾਰਥਾਂ ਦੀ ਪਕੜ ਵਿੱਚ ਨਹੀਂ, ਜਿਸ ਦੀਆਂ ਜੀਵਨ ਲੋੜਾਂ ਸੀਮਤ ਹੋਣ। ਪਦਾਰਥਾਂ ਦੇ ਲਾਲਚ ਵਿੱਚ ਆ ਕੇ ਸੱਚ ਦੇ ਮਾਰਗ ਦਾ ਤਿਆਗ ਕਰਨਾ ਗੁਰਮਤਿ ਨਹੀਂ। ਰੋਜੀ ਦੀ ਚਿੰਤਾ ਪ੍ਰਮਾਤਮਾ ਨੂੰ ਹੈ।( ਨਾਨਕ ਜੰਤ ਉਪਾਇ ਕੈ ਸੰਮਾਲੇ ਸਬਨਾਹ)। ਸੱਚ ਦੀ ਪੂਜਾ ਹੀ ਮਨੁੱਖ ਦੀ ਸਹਾਇਕ ਹੁੰਦੀ ਹੈ, ਨਿਰਾ ਪੂਜਾ ਪਾਠ ਤੇ ਧਾਰਮਿਕ ਕਰਮ ਕਾਂਡ ਇਹ ਕੰਮ ਨਹੀਂ  ਕਰ ਸਕਦੇ। ਜਿਸ ਮਨੁੱਖ ਨੂੰ ਆਪਣੇ ਅੰਦਰ ਦੀ ਸੋਝੀ ਨਹੀ ਉਸ ਨੂੰ ਸੱਚ ਦੀ ਸੋਝੀ ਨਹੀ ਹੋ ਸਕਦੀ। ਸੱਚ ਤਾਂ ਆਪਣੇ ਆਪ ਅਤੇ ਆਪਣੇ ਕਰਮਾਂ ਦੀ ਪੜਤਾਲ ਹੈ। ਇਹੋ ਹੀ ਚਾਨਣ ਹੈ।

**ਗੁਰੂ ਨਾਨਕ ਬਾਬਾ ਸਨ।** ਭਾਵੇਂ ਧਰਮ-ਪ੍ਰਚਾਰ ਸਮੇਂ ਆਪ ਬਿਰਧ ਉਮਰ ਵਿੱਚ ਨਹੀਂ ਸਨ। ਇਸ ਦਾ ਕਾਰਨ ਸੀ ਉਹ ਸਮਾਜ ਵਿੱਚ ਉਹੀ ਭੂਮਿਕਾ ਨਿਭਾ ਰਹੇ ਸਨ ਜੋ ਪਰਿਵਾਰ ਦਾ ਬਜ਼ੁਰਗ ਨਿਭਾਉਂਦਾ ਹੈ। ਬਜ਼ੁਰਗ ਆਪਣੇ ਪਰਿਵਾਰਕ ਮੈਂਬਰਾਂ ਨੂੰ ਜੋੜ ਕੇ ਰਖਦਾ ਹੈ, ਗਲਤੀ ਕਰਨ ਵਾਲੇ ਨੂੰ ਝਿੜਕਦਾ ਤੇ ਝਗੜੇ ਨਿਪਟਾਉਂਦਾ ਹੈ। ਬਾਬਾ ਨਾਨਕ ਨੇ ਵੀ ਭਾਰਤ ਵਿੱਚ ਟਕਰਾ ਰਹੇ ਭਿੰਨ ਭਿੰਨ ਮਤਾਂ ਦੇ ਵਿਤਕਰਿਆਂ ਨੂੰ ਦੂਰ ਕਰਕੇ ਉਨ੍ਹਾਂ ਨੂੰ ਇੱਕ ਪਿਤਾ, ਪਾਰਬ੍ਰਹਮ ਦੇ ਬੱਚੇ ਹੋਣ ਦਾ ਅਹਿਸਾਸ ਕਰਵਾਇਆ। ਉਨ੍ਹਾਂ ਨੇ ਦ੍ਰਿੜ ਕਰਵਾ ਦਿੱਤਾ ਕਿ ਧਰਮ ਇੱਕੋ ਹੈ ਪਰ ਮੱਤ ਅਲੱਗ ਅਲੱਗ ਹੋ ਗਏ ਹਨ। ਮੰਜ਼ਲ ਇੱਕੋ ਹੈ, ਰਾਸਤੇ ਅਲੱਗ ਅਲੱਗ ਹਨ। ਉਨ੍ਹਾਂ ਨੇ ਧਰਮਾਂ ਨੂੰ ਤੋੜਿਆ ਨਹੀਂ ਜੋੜਿਆ। ਗੁਰੂ ਜੀ ਨੇ 'ਨਾ ਕੋਈ ਹਿੰਦੂ ਨਾ ਮੁਸਲਮਾਨ' ਦਾ ਸੰਦੇਸ਼ਾ ਦੇ ਕੇ ਦੋਵਾਂ ਧਰਮਾਂ ਦੀ ਗਲਵਕੜੀ ਪੁਆ ਦਿੱਤੀ। ਆਪ ਨੇ ਨਾਹਰਾ ਦਿੱਤਾ ਕਿ ਸੱਚ ਇੱਕ ਰਹਿੰਦਾ ਹੈ ਅਤੇ ਸਦਾ ਇਕਰਸ ਹੈ। ਮਨੁੱਖਤਾ ਇੱਕ ਹੈ, ਸੱਚ ਇੱਕ ਹੈ,ਜਿਸ ਲਈ ਧਰਮ ਸਦਾ ਇਕ ਹੈ। ਗੁਰੂ ਬਾਬੇ ਨੇ ਸਾਰੇ ਫਲਸਫਿਆਂ ਦਾ ਸੋਮਾਂ ਤੇ ਆਧਾਰ ਇਕ ਹੀ ਮੰਨਿਆਂ,( ਛਿਅ ਘਰ ਛਿਅ ਗੁਰ ਛਿਅ ਉਪਦੇਸ਼।। ਗੁਰੁ ਗੁਰੁ ਏਕੋ ਵੇਸ ਅਨੇਕ।।)

**ਗੁਰੂ ਨਾਨਕ ਨਿਰੰਕਾਰੀ ਸਨ।** ਨਿਰੰਕਾਰ ਸੂਖਮ ਹੈ, 'ਸਤਿ ਸੁਹਾਣ' ਤੇ 'ਚਾਉ' ਹੈ। ਇਹ'ਥਾਪਿਆ' ਨਹੀਂ ਜਾ ਸਕਦਾ। ਆਕਾਰ ਵਾਲੀ ਕੋਈ ਚੀਜ਼ ਬ੍ਰਹਮ. ਵਾਹਿਗੁਰੂ ਨਹੀਂ ਹੋ ਸਕਦੀ ਪਰ ਹਰ ਆਕਾਰ ਵਿੱਚ ਨਿਰੰਕਾਰ ਦੀ ਸੱਤਾ ਵਿਦਮਾਨ ਹੈ। ਬਾਬੇ ਨੇ ਰੱਬ ਦੀ ਪੂਜਾ ਨਹੀਂ ਦ੍ਰਿੜਾਈ, ਰਬਤਾ ਦੀ ਪੂਜਾ ਨਹੀਂ ਦੱਸੀ। ਨਾਮ ਦੀ ਪੂਜਾ ਕਰੋ, ਰੱਬਤਾ ਨੂੰ ਪ੍ਰੇਮ ਕਰੋ। ਨਿਰੰਕਾਰ ਸੂਖਮ ਹੈ, ਇਸ ਲਈ ਇੱਕ ਹੈ। ਸਾਕਾਰ ਇੱਕ ਨਹੀ ਹੋ ਸਕਦਾ। ਨਿਰੰਕਾਰੀ ਨਾਮ ਹੈ। ਨਾਮ ਰੱਬੀ ਗੁਣਾ ਦਾ ਸੂਚਕ ਹੈ। ਇਸ ਨੂੰ ਪਕੜਿਆ ਨਹੀ ਜਾ ਸਕਦਾ, ਕੇਵਲ ਪਿਆਰ ਕੀਤਾ ਜਾ ਸਕਦਾ ਹੈ। ਧਰਮ; ਸਚੁ, ਸੰਤੋਖ, ਦਇਆ,ਸੁੰਦਰਤਾ, ਗਿਆਨ ਤੇ ਵਿਚਾਰ ਹੈ ਜਿਸ ਨੂੰ ਪਿਆਰ ਕੀਤਾ ਜਾ ਸਕਦਾ ਹੈ। ਧਰਮ ਕੋਈ ਸਥੂਲ ਸਾਕਾਰ ਨਹੀਂ ਹੈ। ਇਸ ਲਈ ਧਰਮ; ਤਗ, ਟਿੱਕਾ, ਧੋਤੀ, ਮੁਸੱਲਾ ਤੇ ਸੁੰਨਤ ਨਹੀਂ ਹੈ। ਬਾਬੇ ਨੇ ਪੂਜਾ ਨਹੀ ਸਿਖਾਈ, ਸੂਖਮ ਆਦਰਸ਼ ਦਾ ਪ੍ਰੇਮ ਸਿਖਾਇਆ, ਉਸ ਲਈ ਚਾਅ-ਉਮਾਹ ਹੀ ਅਸਲ ਗਿਆਨ ਹੈ।

ਬਾਬਾ ਨਾਨਕ ਨੇ **ਕਰਮ ਦੀ ਬਜਾਏ ਕਰਨੀ 'ਤੇ ਜ਼ੋਰ** ਦਿੱਤਾ। ਕਰਮ; ਸਥੂਲ ਸਾਕਾਰ ਚੀਜ਼ ਹੈ, ਕਰਨੀ; ਸੂਖਮ ਹੈ। ਕਰਨੀ ਕਿਸੇ ਕਰਮ ਪਿੱਛੇ ਲੁਕੀ ਭਾਵਨਾ ਤੇ ਰੁਚੀ ਹੈ, ਇਹ ਕਰਤਵ ਪਿੱਛੇ ਦਾ ਸੂਖਮ ਤੱਤ ਹੈ।ਕਰਨੀ ਸੁਭਾ ਤੇ ਰਹਿਣੀ ਹੈ।ਗੁਰੂ ਜੀ ਨੇ ਦੱਸਿਆ ਕਿ ਕਰਮ ਦੀ ਕੋਈ ਮਹਾਨਤਾ ਨਹੀਂ, ਕਰਮ ਪਿੱਛੇ ਲੁਕੀ ਕਰਨੀ (ਭਾਵਨਾ) ਮਹੱਤਵਪੂਰਨ ਹੈ। ਨਾਮ ਭਾਵਨੀ ਘੜਦਾ ਹੈ, ਨਾਮ ਹੀ ਸੁਭਾ ਘੜਦਾ ਹੈ।

ਆਪ ਨੇ ਘਰ ਬਾਰ ਛੱਡ ਕੇ ਜੰਗਲਾਂ ਵਿੱਚ ਤਪੱਸਿਆ ਕਰਨ ਦੀ ਨਿਖੇਧੀ ਕੀਤੀ। ਉਨ੍ਹਾਂ ਅਨੁਸਾਰ ਇਹ ਤਿਆਗ ਸਥੂਲ ਹੈ। ਆਪ ਨੇ **ਗ੍ਰਹਿਸਥ ਵਿੱਚ ਰਹਿ ਕੇ ਉਦਾਸ ਭਾਵ ਨਿਰਲੇਪ ਰਹਿਣ 'ਤੇ ਜ਼ੋਰ** ਦਿੱਤਾ। ਉਦਾਸੀ ਇੱਕ ਭਾਵਨਾ, ਕਰਨੀ ਤੇ ਸੂਖਮ ਹੈ। ਕਾਮ ,ਕ੍ਰੋਧ, ਲੋਭ, ਮੋਹ, ਹਉਮੈ ਵਿੱਚ ਵਿਚਰਦਿਆਂ ਇਨ੍ਹਾਂ ਤੋਂ ਉੱਚਾ ਉੱਠਣਾ ਹੈ। ਆਪ ਨੇ ਦੱਸਿਆ ਕਿ ਮੁਕਤੀ ਤਾਂ ਪ੍ਰਾਪਤ ਹੀ ਕੇਵਲ ਗ੍ਰਿਹਸਥ ਵਿੱਚ ਹੋ ਸਕਦੀ ਹੈ। ਮੁਕਤ ਆਤਮਾ ਦੀ ਪਛਾਣ ਵੀ ਮਾਇਆ ਵਿੱਚ ਰਹਿੰਦਿਆਂ ਇਸ ਤੋਂ ਉਚੇਰਾ ਹੋਣਾ ਹੈ। ਕਮਲ ਤੇ ਮੁਰਗਾਈ ਦੀ ਤਰ੍ਹਾਂ 'ਅੰਜਨ ਮਾਹਿ ਨਿਰੰਜਨ' ਰਹਿਣਾ ਹੀ ਧਰਮ ਦਾ ਉਦੇਸ਼ ਹੈ। ਇਹ ਹੀ ਸੰਤੋਖ ਧਰਮ ਹੈ।

ਗੁਰੂ ਨਾਨਕ ਦੇਵ ਜੀ ਨੇ ਵਿਅਕਤੀ ਦੀ ਪੂਜਾ ਦਾ ਪ੍ਰਚਾਰ ਨਹੀਂ ਕੀਤਾ। ਆਪ ਨੇ ਗਿਆਨ ਰੂਪੀ ਪ੍ਰਕਾਸ਼ ਦੀ ਪੂਜਾ ਨੂੰ ਦ੍ਰਿੜ  ਕਰਵਾਇਆ। ਗੁਰੂ ਵਿਅਕਤੀ ਮਹਾਨ ਨਹੀਂ, ਗੁਰੂ ਸ਼ਬਦ ਮਹਾਨ ਹੈ। ਗੁਰੂ ਵਿਅਕਤੀ ਸਥੂਲ ਹੈ, ਗੁਰੂ ਸ਼ਬਦ ਸੂਖਮ ਹੈ। ਗੁਰੂ ਜੀ ਨੇ **ਮਨੁੱਖਤਾ ਨੂੰ ਮਨੁੱਖ ਦੀ ਪੂਜਾ ਤੋਂ ਉੱਚਾ ਦਰਜਾ** ਦਿੱਤਾ।

ਇਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਨੇ ਜੀਵਨ ਜੀਉਣ ਦਾ ਸਿਧਾਂਤ ਹੀ ਬਦਲ ਦਿੱਤਾ। ਆਪ ਦਾ ਉਪਦੇਸ਼ ਹੈ ਕਿ ਜੀਵਨ ਜੀਉਣ ਵਿੱਚ ਕਰਮ ਨਹੀਂ, ਭਾਵਨਾ ਮਹਾਨ ਹੈ। ਗ੍ਰਿਹਸਤ ਵਿੱਚ ਸਭ ਕੁੱਝ ਪਵਿੱਤਰ ਹੋ ਜਾਂਦਾ ਹੈ। ਧਾਰਮਿਕ ਸੰਸਾਰ ਵਿੱਚ ਖਿਚੋਤਾਣ ਵੀ ਸੂਖਮ ਦੀ ਪਛਾਣ ਨਾ ਹੋਣ ਕਰਕੇ ਹੈ। ਜੇ ਸਾਰੇ ਧਰਮਾਂ ਦੇ ਸੂਖਮ ਤੱਤਾਂ ਦੀ ਪਛਾਣ ਕੀਤੀ ਜਾਵੇ ਤਾਂ ਉਹ ਇੱਕੋ ਹੀ ਹਨ। ਸਥੂਲ ਤੱਤ ਸਾਰੇ ਧਰਮਾਂ ਦੇ ਵੱਖਰੇ ਵੱਖਰੇ ਹਨ। ਸਚ ਸੂਖਮ ਤੱਤ ਹੈ ਜੋ ਕਿ ਸੰਤੋਖ ਤੇ ਦਇਆ ਨਾਲ ਪਕੜਿਆ ਜਾ ਸਕਦਾ ਹੈ। ਭਾਰਤੀ ਜੀਵਨ ਵਿੱਚ ਇਹ ਮੋੜ ਬਹੁਤ ਅਹਿਮ ਸੀ ਜੋ ਨਾਨਕ ਪ੍ਰਕਾਸ਼ ਨੇ ਲਿਆਂਦਾ।

# ਗੁਰੂ ਨਾਨਕ ਦਾ ਭਾਈ-ਮਰਦਾਨਾ ਰਬਾਬੀ

ਹਰਪਾਲ ਸਿੰਘ ਪੰਨੂ
ਪਟਿਆਲਾ

...ਭਾਈ ਮਰਦਾਨਾ ਜੀ, ਮਹਾਰਾਜ (ਗੁਰੂ ਨਾਨਕ ਦੇਵ) ਜੀ ਤੋਂ ਦਸ ਸਾਲ ਵੱਡੇ ਸਨ। ਬਚਪਨ ਵਿੱਚ ਦੋਵਾਂ ਨੂੰ ਅਕਸਰ ਇਕੱਠਿਆਂ ਦੇਖਿਆ ਜਾਂਦਾ ਸੀ। ਪਿਤਾ, ਮਾਤਾ ਜਾਂ ਭੈਣ ਨਾਨਕੀ ਨੇ ਜਦੋਂ ਗੁਰੂ ਜੀ ਨੂੰ ਦੁਨੀਆਂਦਾਰੀ ਦੀ ਕੋਈ ਗੱਲ ਸਮਝਾਉਣੀ ਹੁੰਦੀ ਤਾਂ ਉਹ ਭਾਈ ਮਰਦਾਨਾ ਜੀ ਨੂੰ ਬੁਲਾ ਕੇ ਆਖਦੇ ਕਿ ਉਨ੍ਹਾਂ ਨੂੰ ਮਨਾਉ। ਭਾਈ ਜੀ ਚਲੇ ਤਾਂ ਜਾਂਦੇ ਪਰ ਉਨ੍ਹਾਂ ਨੂੰ ਸਮਝਾਉਣ ਦੀ ਥਾਂ ਸਮਝ ਕੇ ਆ ਜਾਂਦੇ।...

ਬਾਬਾ ਜੀ ਤਲਵੰਡੀ ਤੋਂ ਸੁਲਤਾਨਪੁਰ ਲੋਧੀ ਨੌਕਰੀ ਕਰਨ ਲਈ ਚਲੇ ਗਏ। ਮਹੀਨੇ ਲੰਘ ਗਏ ਤਾਂ ਮਾਪਿਆਂ ਨੇ ਭਾਈ ਮਰਦਾਨੇ ਨੂੰ ਉਨ੍ਹਾਂ ਦੀ ਖ਼ਬਰ ਸਾਰ ਲੈਣ ਲਈ ਭੇਜਦਿਆਂ ਕਿਹਾ- ਇਕ ਵਾਰ ਆ ਕੇ ਮਿਲ ਜਾਣ। ਭਾਈ ਜੀ ਤੁਰ ਪਏ। ਸੁਲਤਾਨਪੁਰ ਪੁੱਜੇ। ਖੈਰ ਸੁੱਖ ਪੁੱਛੀ ,ਦੱਸੀ ਤੇ ਕਿਹਾ, " ਮਾਂ ਤੇ ਪਿਤਾ ਯਾਦ ਕਰਦੇ ਹਨ, ਪਰਿਵਾਰ ਨੂੰ ਮਿਲ ਆਓ"। ਬਾਬੇ ਨੇ ਕਿਹਾ, ਚੰਗਾ ਹੋਇਆ ਭਾਈ ਤੁਸੀਂ ਆ ਗਏ। ਆਪਣਾ ਪਰਿਵਾਰ ਬੜਾ ਵੱਡਾ ਹੈ। ਦੂਰ ਦੂਰ ਆਪਣੇ ਜੀਆਂ ਨੂੰ ਮਿਲਣ ਜਾਣਾ ਹੈ। ਤੁਸੀਂ ਨਾਲ ਚਲੋ। ਇਕੱਠੇ ਚਲਾਂਗੇ ਤਾਂ ਖਰੀ ਖੁਸ਼ੀ ਮਿਲੇਗੀ।...

ਫਿਰ ਇਕ ਦਿਨ ਬਾਬੇ ਨੇ ਕਿਹਾ," ਮਰਦਾਨਿਆਂ ਰਬਾਬ ਖਰੀਦ"। ਭਾਈ ਜੀ ਨੇ ਕਿਹਾ," ਠੀਕ ਹੈ ਜੀ। ਦਿਉ ਪੈਸੇ।...ਬਾਬਾ ਜੀ ਨੇ ਕਿਹਾ, " ਬੇਬੇ ਨਾਨਕੀ ਪਾਸ ਜਾਹ"।... ਭਾਈ ਮਰਦਾਨਾ ਜੀ ਬੀਬੀ ਪਾਸ ਗਏ ਤੇ ਕਿਹਾ, " ਬੇਬੇ ਇਕ ਅਰਜ਼ ਗੁਜ਼ਾਰਨੀ ਹੈ। ਸਾਨੂੰ ਰਬਾਬ ਲੈ ਦਿਉ"। ਬੀਬੀ ਕਿਹਾ," ਇਕ ਕਿਉਂ ਭਾਈ। ਸੌ ਰਬਾਬਾ ਤੁਸਾਂ ਤੋਂ ਵਾਰਾਂ। ਪਰ ਨਾਨਕ ਨੂੰ ਕਹੋ ਇਕ ਵਾਰ ਮੂੰਹ ਤਾਂ ਦਿਖਾਏ ਆ ਕੇ ਕਿੰਨੀ ਕਿੰਨੀ ਦੇਰ ਆਂਵਦਾ ਹੀ ਨਹੀਂ।"

ਭਾਈ ਮਰਦਾਨਾ ਜੀ ਕਈ ਦਿਨ ਰਬਾਬ ਦੀ ਤਲਾਸ਼ ਕਰਦੇ ਇਧਰ ਉਧਰ ਫਿਰਦੇ ਰਹੇ ਪਰ ਉਨ੍ਹਾਂ ਨੂੰ ਆਪਣੀ ਪਸੰਦ ਦੀ ਰਬਾਬ ਨਾ ਮਿਲੀ। ਬਾਬੇ ਪਾਸ ਆਏ ਤਾਂ ਗੁਰੂ ਜੀ ਨੇ ਕਿਹਾ," ਭਾਈ ਦੁੰਹ ਨਦੀਆਂ ਦੇ ਵਿਚਕਾਰ ਜੱਟਾਂ ਦਾ ਪਿੰਡ ਹੈ, ਆਸਕਪੁਰ। ਉਸ ਪਿੰਡ ਵਿੱਚ ਇਕ ਰਬਾਬੀ ਰਹਿੰਦਾ ਹੈ। ਫਿਰੰਦਾ ਹੈ ਤਿਸ ਦਾ ਨਾਮ। ਫੇਰੂ ਵੀ ਕਹਿੰਦੇ ਹਨ। ਹਿੰਦੂ ਹੈ, ਜਾਇਕੈ ਸਾਡਾ ਨਾਮ ਲਵੀਂ"। ਭਾਈ ਮਰਦਾਨਾ ਜੀ ਨੇ ਆਸਕਪੁਰ ਲੱਭ ਲਿਆ ਤੇ ਫਿਰੰਦੇ ਨੂੰ ਘਰ ਜਾ ਮਿਲਿਆ। ਰਬਾਬ ਦਾ ਸਵਾਲ ਪਾਇਆ ਤਾਂ ਫਿਰੰਦਾ ਬੋਲਿਆ," ਅਜੇ ਤਿਆਰ ਨਹੀਂ"। ਭਾਈ ਮਰਦਾਨਾ ਜੀ ਨੇ ਇਸ਼ਾਰਾ ਕਰ ਕੇ ਕਿਹਾ," ਅਹੁ ਪਈ ਤਾਂ ਹੈ ਭਾਈ ਜੀ"। ਫਿਰੰਦਾ ਬੋਲਿਆ," ਉਹ ਨਹੀ ਦੇ ਸਕਦਾ। ਉਹ ਤੁਸਾਂ ਦੇ ਕੰਮ ਦੀ ਨਹੀਂ"। ਭਾਈ ਮਰਦਾਨਾ ਬੋਲੇ," ਕੀ ਨੁਕਸ ਹੈ ਇਸ ਵਿੱਚ?" ਭਾਈ ਫਿਰੰਦੇ ਨੇ ਕਿਹਾ," ਇਕ ਫਕੀਰ ਦਾ ਨਾਮ ਹੈ ਨਾਨਕ। ਸੁਣਿਆਂ ਹੈ ਇਹ ਨਾਮ ਕਦੀ? ਬੜੀ ਮਸ਼ੱਕਤ ਨਾਲ ਇਹ ਰਬਾਬ ਤਿਨ੍ਹਾਂ ਲਈ ਬਣਾਈ ਹੈ"। ਭਾਈ ਮਰਦਾਨਾ ਬੋਲੇ," ਕਿੰਨੇ ਕੁ ਦੀ ਹੋਵੇਗੀ ਇਹ ਰਬਾਬ ਭਾਈ?" ਭਾਈ ਫਿਰੰਦੇ ਨੇ ਕਿਹਾ," ਦੀਦਾਰ। ਇਸ ਦੀ ਕੀਮਤ ਤਿਨ੍ਹਾਂ ਦੇ ਦੀਦਾਰ ਜਿੰਨੀ ਹੈ। ਕਦੇ ਮੇਲ ਨਸੀਬ ਹੋਵੇ, ਹਜ਼ੂਰ ਦੇ ਚਰਨਾਂ ਵਿੱਚ ਰੱਖਾਂ"। ਭਾਈ ਮਰਦਾਨੇ ਨੇ ਪੁੱਛਿਆ," ਜੀ ਇਕ ਵਾਰ ਵਜਾ ਕੇ ਬੀ ਦੇਖਾਂ?" ਭਾਈ ਫਿਰੰਦੇ ਨੇ ਕਿਹਾ, " ਨਾਂਹ ਭਾਈ। ਛੁਹਣਾ ਭੀ ਨਹੀ। ਕਿਸੇ ਹੋਰ ਅੱਗੈ ਨਾਹੀ ਵਜਾਉਣੀ ਇਹ..."। ਤਦ ਭਾਈ ਮਰਦਾਨਾ ਜੀ ਨੇ ਆਪਣੇ ਬਾਬਤ ਦੱਸਿਆ। ਫਿਰੰਦਾ ਖੁਸ਼ ਹੋ ਕੇ ਕਹਿਣ ਲੱਗਾ," ਫਿਰ ਬੈਠਣਾ ਕਾਸ ਲਈ? ਸਾਨੂੰ ਝਬਦੇ ਤਿਨ੍ਹਾਂ ਪਾਸ ਲੈ ਚੱਲ"। ਦੋਵੇਂ ਬਾਬਾ ਜੀ ਪਾਸ ਆਏ। ਬਾਬੇ ਨੇ ਭਾਈ ਜੀ ਨੂੰ ਰਬਾਬ ਵਜਾਉਣ ਲਈ ਕਿਹਾ। ਮਰਦਾਨੇ ਨੇ ਅੱਲਾਹ ਦਾ ਨਾਮ ਲੈ ਕੇ ਰਬਾਬ ਦਾ ਵਾਦਨ ਸ਼ੁਰੂ ਕੀਤਾ ਥਾ ਹਾਜ਼ਰ ਸਭ ਲੋਕਾਂ ਉਪਰ ਵਿਸਮਾਦ ਤਾਰੀ ਹੋਇਆ।...



ਅਗਲੇ ਦਿਨ ਬਾਬੇ ਨੇ ਭਾਈ ਮਰਦਾਨੇ ਨੂੰ ਪਰਦੇਸ ਚੱਲਣ ਲਈ ਕਿਹਾ ਤਾਂ ਉਹ ਪਿਛਲਿਆਂ ਦਾ ਮੁੜ ਫਿਕਰ ਕਰਨ ਲੱਗੇ। ਬਾਬੇ ਕਹਿਆ," ਠੀਕ ਹੈ ਭਾਈ ਜੀ.. ਤੁਸੀਂ ਤਲਵੰਡੀ ਚਲੋ ਜਾਉ।...ਭਾਈ ਮਰਦਾਨਾ ਬੀਬੀ ਨਾਨਕੀ ਜੀ ਦੇ ਘਰ ਗਏ। ਦੱਸਿਆ ਕਿ ਬਾਬਾ ਦੂਰ ਦੇਸੀਂ ਚੱਲਿਆ ਹੈ ਤੇ ਵਰ੍ਹਿਆਂ ਬਾਅਦ ਪਰਤੇਗਾ। ਫਿਰ ਦੱਸਿਆ ਕਿ ਮੈਂ ਵਾਪਿਸ ਤਲਵੰਡੀ ਚੱਲਿਆਂ। ਬੀਬੀ ਜੀ ਦੀਆਂ ਅੱਖਾਂ ਵਿੱਚੋਂ ਨਦੀਆਂ ਵਗ ਪਈਆਂ।...ਬੀਬੀ ਨੇ ਆਖਿਆ," ..ਭਾਈ ਮਰਦਾਨਾ ਉਨ੍ਹਾਂ ਦੇ ਨਾਲ ਹੁੰਦੈ ਸਾਨੂੰ ਫਿਕਰ ਕਦੀ ਰਾਈ ਨਾਂਹ ਸੀ। ਹੁਣ ਦਿਲ ਨਹੀਂ ਥੰਮਦਾ"। ਭਾਈ ਜੈ ਰਾਮ ਕਹਿਣ ਲੱਗੇ," ਭਾਈ ਮਰਦਾਨਾ ਨਾਲ ਜਾਣਗੇ। ਤੁਸਾਂ ਦੇ ਬਾਲ ਸਾਡੇ ਬਾਲ ਬੱਚੇ ਹੋਏ"। ਭਾਈ ਮਰਦਾਨਾ ਜੀ ਮੰਨ ਗਏ। ਰਬਾਬ ਉਠਾਈ ਤੇ ਪਿੰਡੋਂ ਬਾਹਰ ਬਾਬਾ ਜੀ ਪਾਸ ਜਾ ਪਹੁੰਚੇ।...

ਤੁਰਦਿਆਂ ਤੁਰਦਿਆਂ ਬੜੇ ਦੇਸ ਦੇਖੇ। ਕਦੀ ਜੰਗਲ ਆ ਗਏ, ਕਦੀ ਪਹਾੜੀਆਂ, ਕਦੀ ਦਰਿਆ, ਕਦੀ ਰੇਗਸਤਾਨ।...ਗੁਰੂ ਬਾਬਾ ਜੀ ਜਦੋਂ ਕਦੀ ਬੰਦਗੀ ਕਰਦਿਆਂ ਸਮਾਧੀ ਵਿਚ ਲੀਨ ਹੋ ਜਾਂਦੇ ਤਾਂ ਭਾਈ ਮਰਦਾਨਾ ਪੰਜ ਕਰਮਾਂ ਦੂਰ ਖਲੋ ਕੇ ਲਗਾਤਾਰ ਪਹਿਰਾ ਦਿੰਦੇ ਕਿ ਸਮਾਧੀ ਵਿੱਚ ਕੋਈ

ਵਿਘਨ ਨਾ ਪਵੇ। ਕਿਸੇ ਨੂੰ ਨੇੜੇ ਨਾ ਜਾਣ ਦਿੰਦੇ। ਪਰ ਜਦੋਂ ਬਾਬਾ ਜੀ ਗਾਉਣ ਲਗਦੇ ਤਾਂ ਰਬਾਬ ਲੈ ਕੇ ਇੰਨਾਂ ਨੇੜੇ ਬੈਠਦੇ ਕਿ ਗੋਡੇ ਨਾਲ ਗੋਡਾ ਖਹਿੰਦਾ। ਕੁਦਰਤ ਉਨ੍ਹਾਂ ਦੇ ਸੁਰਾਂ ਨਾਲ ਰਲ ਕੇ ਗਾਉਣ ਲਗਦੀ। ਨਾਥਾਂ, ਜੋਗੀਆਂ, ਬ੍ਰਾਹਮਣਾ, ਕਾਜ਼ੀਆਂ ਤੇ ਮੌਲਵੀਆਂ ਨਾਲ ਵਿਚਾਰ ਵਟਾਂਦਰਾ ਕਰਦਿਆਂ ਜਦੋਂ ਗਿਆਨ ਦੀ ਹਨੇਰੀ ਵਗਦੀ ਤਾਂ ਬਾਬਾ ਜੀ ਆਖਦੇ, " ਮਰਦਾਨਿਆ ਰਬਾਬ ਉਠਾਇ। ਬਾਣੀ ਆਈ ਹੈ" ਕੀਰਤਨ ਦੀ ਬਾਰਿਸ਼ ਹੁੰਦੀ ਤਾਂ ਸਾਰੀ ਗਰਦ ਗੁਬਾਰ ਧੁਲ ਜਾਂਦੀ ਤੇ ਆਕਾਸ਼ ਨਿਰਮਲ ਹੋ ਜਾਂਦਾ।

ਲੰਮੇ ਪੈਂਡੇ, ਦੂਰ ਦੇ ਦੇਸ, ਸਮਾਂ ਬੀਤਿਆ। ਭਾਈ ਦਾ ਸਰੀਰ ਬਿਰਧ ਤੇ ਕਮਜ਼ੋਰ ਹੋ ਗਿਆ। ਅਫਗਾਨਿਸਤਾਨ ਦੀ ਹੱਦ ਨਾਲ ਵਗਦੇ ਕੁੱਰਮ ਦਰਿਆ ਕਿਨਾਰੇ ਥੱਕ ਗਏ ਤਾਂ ਸਹਾਰਾ ਦੇ ਕੇ ਬਾਬਾ ਜੀ ਉਨ੍ਹਾਂ ਨੂੰ ਰੁੱਖ ਹੇਠ ਲੈ ਗਏ ਤੇ ਲਿਟਾ ਦਿੱਤਾ। ਸੀਸ ਆਪਣੀ ਗੋਦ ਵਿੱਚ ਰੱਖ ਲਿਆ ਅਤੇ ਕਿਹਾ, " ਭਾਈ ਜੀ, ਘੜੀ ਆਉਣ ਵਾਲੀ ਹੈ ਜਦੋਂ ਤੁਸਾਂ ਸਾਡੇ ਪਾਸੋਂ ਚਲੇ ਜਾਣਾ ਹੈ। ਇਹ ਦੱਸੋ ਜੁ ਦਫ਼ਨਾਈਏ ਕਿ ਅਗਨੀ ਭੇਟ ਕਰੀਏ? ਤੁਸੀਂ ਸਾਡੀ ਸੰਗਤ ਕੀਤੀ। ਕੋਈ ਯਾਦਗਾਰ ਬਣਾ ਦੇਈਏ? ਯਾਦਗਾਰ ਹੇਤੁ ਮਸਜਿਦ ਉਸਾਰੀਏ ਕਿ ਧਰਮਸਾਲ?" ਭਾਈ ਜੀ ਨੇ ਸਹਿਜੇ ਅੱਖਾਂ ਖੋਲ੍ਹੀਆਂ ਤੇ ਕਿਹਾ, " ਹੱਡ ਮਾਸ ਦੀ ਕੈਦ ਵਿੱਚੋਂ ਕੱਢ ਕੇ ਇੱਟਾਂ ਚੂਨੇ ਦੀ ਕੈਦ ਵਿੱਚ ਕਿਵੇਂ ਪਾ ਸਕਦਾ ਹੈਂ ਬਾਬਾ? ਜਾਣਦਾ ਹਾਂ, ਤੁਸੀਂ ਅਜਿਹਾ ਨਹੀ ਕਰਨ ਵਾਲੇ ਮਹਾਰਾਜ"। ਬਾਬਾ ਨੇ ਕਿਹਾ-ਤਾਂ ਬੀ ਭਾਈ ਜੀ ਖਾਲੀ ਹੱਥ ਨਹੀਂ ਜਾਣ ਦਿਆਂਗੇ। ਪ੍ਰੀਤ ਓੜਕ ਤੱਕ ਨਿਭਾਈ ਤੁਸਾਂ। ਜੋ ਮੰਗੋਗੇ ਮਿਲੇਗਾ। ਨਹੀਂ ਭੇਜਾਂਗੇ ਖਾਲੀ। ਅਸਾਂ ਦਾ ਬੀ ਫ਼ੈਸਲਾ ਹੈ। ਭਾਈ ਨੇ ਕਿਹਾ, " ਬਾਬਾ ਤੂੰ ਖੁਦਾਇ ਦਾ ਡੂੰਮ। ਮੈਂ ਤੇਰਾ ਡੂੰਮ। ਤੈਂ ਖੁਦਾਇ ਦੇਖਿਆ। ਤੈਂ ਖੁਦਾਇ ਪਾਇਆ। ਤੇਰਾ ਕਹਿਣਾ ਖੁਦਾਈ ਮੰਨਦੀ ਹੈ। ਮੈਂ ਤੈਨੂੰ ਦੇਖਿਆ। ਮੈਂ ਤੈਨੂੰ ਪਾਇਆ। ਅਰ ਮੇਰਾ ਕਹਿਆ ਤੂੰ ਮੰਨਦਾ ਹੈਂ। ਤੁਧ ਆਗੈ ਅਸਾਂ ਦੀ ਬੇਨਤੀ ਹੈ ਅੱਜ ਇੱਕ। ਅਸਾਂ ਨੂੰ ਬਿਛੋੜਨਾ ਨਾਹੀਂ ਆਪਣੇ ਨਾਲਹੁੰ। ਨਾ ਏਥੈ। ਨਾ ਉਥੈ"। ਬਾਬੇ ਕਹਿਆ, " ਮਰਦਾਨਿਆ ਤੁਧ ਉਪਰ ਅਸਾਂ ਦੀ ਖਰੀ ਖੁਸੀ ਹੈ। ਜਿਥੈ ਤੇਰਾ ਵਾਸਾ ਤਿਥੈ ਮੇਰਾ ਵਾਸਾ"।

ਮਹਾਰਾਜ ਨੇ ਆਪਣੇ ਮੋਢਿਆਂ ਤੋਂ ਚਾਦਰ ਉਤਾਰ ਕੇ ਭਾਈ ਜੀ ਦੇ ਸਰੀਰ ਉਪਰ ਪਾਈ ਅਤੇ ਆਪਣੇ ਹੱਥੀਂ ਅੰਤਮ ਰਸਮਾਂ ਨਿਭਾਈਆਂ। ਰਬਾਬ ਮੋਢੇ ਉਪਰ ਲਟਕਾ, ਯਾਤਰਾ ਵਿਚਕਾਰ ਛੱਡ ਕੇ ਉਹ ਵਾਪਿਸ ਰਾਇ ਭੋਇ ਦੀ ਤਲਵੰਡੀ ਪਿੰਡ ਵੱਲ ਚੱਲ ਪਏ। ਜਦੋਂ ਤੱਕ ਭਾਈ ਮਰਦਾਨਾ ਨਾਲ ਜਾਣ ਲਈ ਤਿਆਰ ਨਾ ਹੋਏ ਉਦੋਂ ਤੱਕ ਮਹਾਰਾਜ ਨੇ ਉਦਾਸੀਆਂ ਨਹੀਂ ਆਰੰਭੀਆਂ। ਜਦੋਂ ਵਿਛੜੇ ਉਦਾਸੀਆਂ ਸਮਾਪਤ ਹੋ ਗਈਆਂ। ਪਿੰਡ ਪਤਾ ਲਗਦਾ ਗਿਆ ਕਿ ਬਾਬਾ ਪਰਤ ਆਇਆ ਹੈ। ਨਗਰ ਨਿਵਾਸੀ ਮਿਲਣ ਆਏ। ਭਾਈ ਮਰਦਾਨੇ ਦਾ ਵੱਡਾ ਬੇਟਾ ਸ਼ਾਹਜ਼ਾਦ ਆਇਆ।...ਬਾਬਾ ਜੀ ਦੇ ਨਜ਼ਦੀਕ ਆ ਕੇ ਪੁੱਛਿਆ, " ਅੱਬੂ ਕਿਥੇ ਹਾਈ। ਬਾਬਾ ਅਬੂ ਕਿਵੇਂ ਹਾਈ?" ਬਾਬਾ ਜੀ ਨੇ ਦੱਸਿਆ, " ਉਹ ਵਿਦਾਅ ਹੋ ਗਏ ਹਨ ਪੁੱਤਰ ਆਪਣੇ ਕੋਲਹੁੰ। ਆਪਣੇ ਘਰ ਚਲੇ ਗਏ ਹਨ। ਜਿਹੜੇ ਨਿੱਜ ਘਰ ਚਲੇ ਜਾਵਣ ਤਿਨ੍ਹਾਂ ਦਾ ਸੋਗ ਨਹੀਂ ਕਰਨਾ। ਦੇਸਾਂ ਦਾ ਪੈਂਡਾ ਮਾਰ ਕੇ ਤੁਸਾਂ ਨੂੰ ਤਿਨ੍ਹਾਂ ਦੇ ਨਾਮ ਦਾ ਸਿਰੋਪਾਉ ਦੇਣ ਲਈ ਆਇਆ ਹਾਂ। ਦੱਸੋ ਕੀ ਦੇਈਏ ਪੁੱਤਰ?" ਸ਼ਾਹਜ਼ਾਦ ਨੇ ਕਿਹਾ, " ਕਿਛੁ ਪਤਾ ਨਾਹੀਂ ਸਾਨੂੰ ਬਾਬਾ। ਕੀ ਭਲਾ ਹੈ ਕੀ ਬੁਰਾ ਤੁਸੀਂ ਜਾਣੋਂ। ਸਾਨੂੰ ਪਤਾ ਨਾਹੀਂ"। ਬਾਬਾ ਜੀ ਨੇ ਕਿਹਾ, " ਤੁਸਾਂ ਦੇ ਅਬੂ ਨੂੰ ਖਾਲੀ ਨਹੀਂ ਤੋਰਿਆ। ਤੁਸਾਂ ਨੂੰ ਵੀ ਖਾਲੀ ਨਹੀਂ ਰੱਖਣਾ। ਜੋ ਚਾਹੀਦਾ ਹੈ ਕਹੋ, ਮਿਲੇਗਾ। ਸ਼ਾਹਜ਼ਾਦ ਨੇ ਕਿਹਾ, " ਮੇਹਰਬਾਨ ਹੋ ਕੇ ਤਰੁਠੇ ਹੋ ਤਦ ਉਹੋ ਦਿਉ ਬਾਬਾ ਜੀ, ਜੋ ਅੱਬੂ ਨੂੰ ਦਿੱਤਾ ਸਾਈ"।

ਬਾਬਾ ਜੀ ਉਠੇ। ਕਿੱਲੀ ਨਾਲ ਲਟਕਦੀ ਰਬਾਬ ਉਤਾਰ ਕੇ ਭਾਈ ਸ਼ਾਹਜ਼ਾਦ ਨੂੰ ਦੇ ਕੇ ਗਲਵਕੜੀ ਵਿੱਚ ਲੈ ਅਸੀਸਾਂ ਦੀ ਝੜੀ ਲਾ ਦਿੱਤੀ। ਫਿਰ ਦੋਵੇਂ ਬੈਠ ਗਏ। ਭਾਈ ਮਰਦਾਨਾ ਜੀ ਦੀ ਯਾਦ ਵਿੱਚ ਦੋਵਾਂ ਨੇ ਕੀਰਤਨ ਕੀਤਾ। ਇਲਾਹੀ ਕੀਰਤਨ ਦੇ ਇਸ ਵਗਦੇ ਦਰਿਆ ਵਿੱਚ ਤਲਵੰਡੀ ਪਿੰਡ ਦੇ ਵਸਨੀਕਾਂ ਨੇ ਖੂਬ ਤੀਰਥ ਇਸ਼ਨਾਨ ਕੀਤਾ। ਜਿੰਨਾ ਸਮਾਂ ਗੁਰੂ ਬਾਬਾ ਸਰੀਰ ਦੇ ਜਾਮੇ ਵਿਚ ਰਹੇ, ਭਾਈ ਸ਼ਾਹਜ਼ਾਦਾ ਨੇ ਕਦੀ ਉਨ੍ਹਾਂ ਦਾ ਸਾਥ ਨਹੀਂ ਛੱਡਿਆ।...ਭਾਈ ਮਰਦਾਨਾ ਜੀ ਦੀ ਬੇਨਤੀ ਕਬੂਲ ਹੋਈ। ਵਿਛੁੜੇ ਨਹੀਂ। ਕੀਰਤਨ ਬਣ ਕੇ ਗੁਰੂ ਗ੍ਰੰਥ ਅਤੇ ਗੁਰੂ ਪੰਥ ਵਿੱਚ ਸਥਾਪਤ ਹੋ ਗਏ ਹਨ।

( ਲੇਖਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਧਾਰਮਿਕ ਅਧਿਐਨ ਵਿਭਾਗ ਵਿੱਚ ਪ੍ਰੋਫੈਸਰ ਹਨ। ਇਹ ਲੇਖ ਉਨ੍ਹਾਂ ਦੀ ਪੁਸਤਕ- 'ਗੌਤਮ ਤੋਂ ਤਾਸਕੀ ਤੱਕ' ਵਿੱਚੋਂ ਧੰਨਵਾਦ ਸਹਿਤ ਲਿਆ ਗਿਆ ਹੈ।)

## ਸਾਲਾਨਾ ਸਿੱਖਿਆ ਸਮਾਗਮ

ਹਰ ਸਾਲ ਤਰ੍ਹਾਂ ਇਸ ਸਾਲ, ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਵਲੋਂ ਸਾਲਾਨਾ ਸਿੱਖਿਆ ਸਮਾਗਮ 2 ਨਵੰਬਰ, 2019 ਨੂੰ ਸੈਣੀ ਭਵਨ ਵਿਖੇ ਕਰਵਾਇਆ ਜਾਵੇਗਾ। ਇਸ ਵਿੱਚ ਚੋਣਵੇਂ ਯੋਗ ਵਿਦਿਆਰਥੀਆਂ ਨੂੰ ਵਜ਼ੀਫ਼ੇ ਦਿੱਤੇ ਜਾਣਗੇ। ਇਸ ਦੇ ਨਾਲ ਹੀ ਭਾਸ਼ਣ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਇਨਾਮਾਂ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਸਮੇਂ ਸੈਣੀ ਭਵਨ ਦੀਆਂ ਸਿਖਿਆਰਥਣਾਂ ਵਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਜਾਵੇਗਾ। ਸੈਣੀ ਭਵਨ ਦੇ ਹਿਤੈਸ਼ੀ ਅਤੇ ਵਜ਼ੀਫਿਆਂ ਲਈ ਦਾਨ ਦੇਣ ਵਾਲੇ ਸੱਜਣਾਂ ਨੂੰ ਇਸ ਸਮਾਗਮ ਵਿੱਚ ਸ਼ਾਮਿਲ ਹੋਣ ਦੀ ਅਪੀਲ ਕੀਤੀ ਜਾਂਦੀ ਹੈ।

ਦਰਦਭਰੀ ਮਾਸੂਮੀਅਤ

# ਮੇਰੇ ਪਾਪਾ ਵਾਪਸ ਬੁਲਾ ਦਿਓ

ਡਾ. ਹਰਸ਼ਿੰਦਰ ਕੌਰ
ਪਟਿਆਲਾ

ਇਕ ਦਿਨ ਸਾਡੇ ਟਰਸਟ ਰਾਹੀਂ ਦੋ ਬੱਚੀਆਂ ਦੀ ਸਕੂਲ ਫੀਸ ਲੈਣ ਲਈ ਬਜੁਰਗ ਦਾਦੀ ਆਈ। ਦੋਵੇਂ ਬੱਚੀਆਂ ਸਹਿਮੀਆਂ ਹੋਈਆਂ ਚੁੱਪ-ਚਾਪ ਦਾਦੀ ਦੇ ਪਿੱਛੇ ਲੁਕੀਆਂ ਹੋਈਆਂ ਸਨ। ਕਈ ਵਾਰ ਬੁਲਾਉਣ 'ਤੇ ਵੀ ਉਹ ਅਗਾਂਹ ਨਹੀਂ ਆਈਆਂ। ਮੈਂ ਦਾਦੀ ਤੋਂ ਉਨ੍ਹਾਂ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ, " ਮੇਰੇ ਪੁੱਤਰ ਤੇ ਨੂੰਹ ਨੇ ਖੁਸਕੁਸ਼ੀ ਕਰ ਲਈ ਸੀ। ਹੁਣ ਹੋਰ ਕੋਈ ਇਨ੍ਹਾਂ ਨੂੰ ਪਾਲਣਵਾਲਾ ਨਹੀਂ ਹੈ। ਤੁਸੀਂ ਜੇ ਇਨ੍ਹਾਂ ਦੇ ਸਕੂਲ ਦੀ ਫੀਸ ਭਰਨ ਦੀ ਜ਼ਿੰਮੇਵਾਰੀ ਚੁੱਕ ਲਵੋ ਤਾਂ ਮੈ ਇਨ੍ਹਾਂ ਨੂੰ ਅਗਾਂਹ ਪੜ੍ਹਾ ਸਕਾਂਗੀ। ਇਨ੍ਹਾਂ ਦਾ ਦਾਦਾ ਹੈ ਨਹੀ। ਸਿਰਫ਼ ਭੂਆ ਹੈ। ਉਹਦਾ ਵੀ ਆਪਣਾ ਟੱਬਰ ਹੈ। ਇਨ੍ਹਾਂ ਦਾ ਹੁਣ ਕੋਈ ਨਹੀਂ ਰਿਹਾ। ਮੈਂ ਵੀ ਕਿੰਨੇ ਸਾਲ ਹੋਰ ਜੀਅ ਸਕਾਂਗੀ?"

ਮੈ ਤੁਰੰਤ ਬੱਚੀਆਂ ਦੀ ਸਕੂਲ ਦੀ ਫੀਸ ਭਰਨ ਦੀ ਹਾਮੀ ਭਰ ਦਿੱਤੀ। ਕੁਝ ਹੋਰ ਗੱਲਾਂ-ਬਾਤਾਂ ਹੋਈਆਂ ਅਤੇ ਇਸ ਦੌਰਾਨ ਮੈਂ ਉਨਾਂ ਬੱਚੀਆਂ ਨੂੰ ਬਥੇਰਾ ਪੁਚਕਾਰਿਆ ਪਰ ਉਹ ਮੇਰੇ ਨੇੜੇ ਨਾ ਢੁਕੀਆਂ। ਮੈ ਉਨ੍ਹਾਂ ਤੋਂ ਉਮਰ ਪੁੱਛੀ ਤਾਂ ਇਕ ਦੀ ਉਮਰ ਸੱਤ ਸਾਲ ਤੇ ਦੂਜੀ ਦੀ ਨੌ ਸਾਲ ਸੀ। ਬੱਚੀਆਂ ਬਹੁਤ ਪਿਆਰੀਆਂ ਸਨ ਪਰ ਡਰ ਨੇ ਉਨ੍ਹਾਂ ਨੂੰ ਇਸ ਕਦਰ ਜਕੜਿਆ ਹੋਇਆ ਸੀ ਕਿ ਉਹ ਸਾਹ ਵੀ ਸਹਿਮੇ ਸਹਿਮੇ ਅੰਦਰ ਖਿੱਚ ਰਹੀਆਂ ਸਨ।

ਅਗਲੇ ਮਹੀਨੇ ਫਿਰ ਉਹ ਆਪਣੀ ਫੀਸ ਦੇ ਚੈੱਕ ਲੈਣ ਦਾਦੀ ਨਾਲ ਪਹੁੰਚੀਆਂ ਤਾਂ ਉਦੋ ਵੀ ਉਨ੍ਹਾਂ ਦਾ ਉਹੀ ਹਾਲ ਸੀ। ਇੰਜ ਤਿੰਨ ਚਾਰ ਮਹੀਨੇ ਉਹ ਆਉਦੀਆਂ ਰਹੀਆਂ। ਇਕ ਵਾਰ ਉਨ੍ਹਾਂ ਵਰਗੀਆਂ ਹੋਰ ਵੀ 54 ਬੱਚੀਆਂ ਆਪਣੀਆਂ ਫੀਸਾਂ ਦੇ ਚੈੱਕ ਲੈਣ ਪਹੁੰਚੀਆਂ ਹੋਈਆਂ ਸਨ। ਉਨ੍ਹਾਂ ਨਾਲ ਕੁੱਝ ਚਿਰ ਬਹਿ ਕੇ ਇਨ੍ਹਾਂ ਬੱਚੀਆ ਨੇ ਆਪਣਾ ਦਿਲ ਹੌਲਾ ਕੀਤਾ। ਇਕ ਵਾਰ ਮੇਰੇ ਬੁਲਾਉਣ 'ਤੇ ਦੋਹਾਂ ਨੇ ਹਲਕਾ ਜਿਹਾ ਮੁਸਕਰਾ ਕੇ ਜਵਾਬ ਦਿੱਤਾ ਤਾਂ ਮੈਂ ਉਨ੍ਹਾਂ ਨੂੰ ਘੁੱਟ ਕੇ ਜੱਫੀ ਪਾਈ ਪਰ ਉਹ ਬੋਲੀਆਂ ਕੁੱਝ ਨਾ। ਇੰਜ ਉਹ ਪੂਰਾ ਸਾਲ ਆਉਂਦੀਆਂ ਰਹੀਆਂ।

ਸਾਲ ਬਾਅਦ ਅਸੀਂ ਆਪਣੇ ਟਰਸਟ ਅਧੀਨ ਪੜ੍ਹ ਰਹੀਆਂ ਬੱਚੀਆਂ ਦਾ ਮੂੰਹ ਮਿੱਠਾ ਕਰਵਾਉਣ ਲਈ ਸਮਾਗਮ ਰੱਖਿਆ ਤਾਂ ਉਦੋਂ ਇਹ ਬੱਚੀਆਂ ਵੀ ਸ਼ਾਮਲ ਹੋਈਆਂ। ਸਾਰੀਆਂ ਬੱਚੀਆਂ ਨਵੀਆ ਕਾਪੀਆਂ, ਰੰਗ, ਪੈਨਸਿਲਾਂ, ਪੈੱਨ ਵੇਖ ਕੇ ਅਤੇ ਪਕੌੜੇ, ਗੁਲਾਬ ਜਾਮੁਨ ਖਾ ਕੇ ਬਹੁਤ ਖੁਸ ਹੋ ਕੇ ਨੱਚ ਰਹੀਆਂ ਸਨ ਪਰ ਇਹ ਬੱਚੀਆਂ ਇਕ ਪਾਸੇ ਹੋ ਕੇ ਬੈਠੀਆਂ ਸਨ। ਮੈ ਆਪ ਅਗਾਂਹ ਹੋ ਕੇ ਉਨ੍ਹਾਂ ਨੂੰ ਬਾਕੀਆਂ ਨਾਲ ਕਿੱਕਲੀ ਪਾਉਣ ਲਈ ਵਿਚਕਾਰ ਖੜ੍ਹਾ ਕਰ ਦਿੱਤਾ। ਕੁੱਝ ਸੰਕੋਚ ਨਾਲ ਉਹ ਸ਼ੁਰੂ ਹੋਈਆਂ, ਫਿਰ ਕਾਫੀ ਰਚਮਿਚ ਗਈਆਂ। ਛੋਟੀ ਬੇਟੀ ਜਿਆਦਾ ਖੁਸ਼ ਜਾਪਦੀ ਸੀ।

ਜਦੋਂ ਸਾਰਿਆਂ ਦੇ ਵਾਪਸ ਜਾਣ ਦਾ ਸਮਾਂ ਆਇਆ ਤਾਂ ਸਾਰੀਆਂ ਬੱਚੀਆਂ ਨੇ ਮੈਨੂੰ ਘੁੱਟ ਕੇ ਜੱਫੀ ਪਾ ਕੇ ਸ਼ੁਕਰਾਨਾ ਕੀਤਾ। ਵੱਡੀ ਬੱਚੀ ਮੇਰੇ ਨੇੜੇ ਹੋ ਕੇ ਕੰਨ ਵਿਚ ਕਹਿਣ ਲੱਗੀ, "ਡਾਕਟਰ ਆਂਟੀ, ਮੈਨੂੰ ਆਪਣੇ ਮੰਮੀ ਪਾਪਾ ਦੀ ਬਹੁਤ ਯਾਦ ਆਉਂਦੀ ਹੈ। ਜਦੋਂ ਤੁਹਾਡੇ ਕੋਲ ਆਵਾਂ ਤਾਂ ਮੈਨੂੰ ਮੰਮੀ ਹੋਰ ਵੀ ਯਾਦ ਆਉਂਦੀ ਹੈ। ਕੀ ਮੈਨੂੰ ਤੁਹਾਡੇ ਕੋਲੋਂ ਮੰਮੀ ਦੀ ਜੱਫੀ ਵੀ ਮਿਲ ਸਕਦੀ ਹੈ?" ਮੇਰੀਆਂ ਅੱਖਾਂ 'ਚੋਂ ਹੰਝੂ ਵਹਿ ਤੁਰੇ। ਮੈਂ ਉਸ ਨੂੰ ਗੋਦ ਵਿਚ ਬਿਠਾ ਕੇ ਛਾਤੀ ਨਾਲ ਲਾ ਲਿਆ। ਖ਼ੌਰੇ ਸੱਤ ਅੱਠ ਮਿੰਟ ਅਸੀਂ ਇੰਜ ਹੀ ਬੈਠੇ ਰਹੇ। ਬਿਨਾਂ ਇਕ ਹਰਫ਼ ਬੋਲਿਆਂ, ਅਸੀਂ ਸਭ ਕੁੱਝ ਇਕ ਦੂਜੇ ਨੂੰ ਕਹਿ ਲਿਆ ਸੀ।

ਉਸ ਨੂੰ ਇੰਜ ਬੈਠਿਆਂ ਦੇਖ ਛੋਟੀ ਬੇਟੀ ਵੀ ਮੇਰੇ ਕੋਲ ਆ ਗਈ। ਉਸ ਨੂੰ ਵੀ ਮੈਂ ਗੋਦ ਵਿਚ ਬਿਠਾਇਆ ਤਾਂ ਉਹ ਹੌਲੀ ਜਿਹੀ ਬੋਲੀ, "ਡਾਕਟਰ ਆਂਟੀ, ਮੇਰੇ ਪਾਪਾ ਹਮੇਸ਼ਾਂ ਮੈਨੂੰ ਮੋਢੇ 'ਤੇ ਚੜ੍ਹਾ ਕੇ ਖਿਡਾਇਆ ਕਰਦੇ ਸੀ। ਮੈ ਉਨ੍ਹਾਂ ਨਾਲ ਘੋੜਾ ਖੇਡਦੀ ਹੁੰਦੀ ਸੀ। ਹੁਣ ਮੇਰੇ ਨਾਲ ਕੋਈ ਘੋੜਾ ਨਈ ਖੇਡਦਾ। ਮੇਰੀ ਗੁੱਡੀ ਲਈ ਉਹ ਨਵੇਂ ਕਪੜੇ ਲੈ ਕੇ ਆਉਂਦੇ ਸੀ। ਹੁਣ ਉਹ ਵੀ ਮੈਲੀ ਹੋਈ ਪਈ ਐ। ਹੁਣ ਤਾਂ ਕੋਈ ਪਿਆਰ ਨਾਲ ਪਾਪਾ ਵਾਂਗ 'ਮੇਰੀ ਪਰੀ' ਕਹਿ ਕੇ ਵੀ ਨਈਂ ਬੁਲਾਉਂਦਾ। ਤੁਸੀ ਡਾਕਟਰ ਹੋ, ਪਾਪਾ ਨੂੰ ਠੀਕ ਕਰ ਦਿਉ। ਪਲੀਜ਼ ਆਂਟੀ। ਸਿਰਫ ਇਕ ਵਾਰ ਪਾਪਾ ਦੇ ਮੋਢੇ 'ਤੇ ਚੜ੍ਹਨੈ। ਮੈਨੂੰ ਪਾਪਾ ਯਾਦ ਆਉਂਦੇ ਨੇ। ਪਰੌਮਿਸ ਕਰੋ, ਤੁਸੀਂ ਮੇਰੇ ਪਾਪਾ ਨੂੰ ਜ਼ਰੂਰ ਵਾਪਸ ਲੈ ਆਉਗੇ। ਮੈ ਫਿਰ ਕਦੇ ਉਨ੍ਹਾਂ ਨੂੰ ਤੰਗ ਨਹੀਂ ਕਰਾਂਗੀ। ਆਂਟੀ ਪਲੀਜ਼"।

ਉਸ ਨੂੰ ਮੈ ਜੱਫੀ ਵਿਚ ਲਿਆ ਤੇ ਹੰਝੂ ਪੂੰਝਦਿਆਂ ਕਿਹਾ, "ਮੈਂ ਕੋਸ਼ਿਸ਼ ਕਰਾਂਗੀ। ਤੂੰ ਮਿਹਨਤ ਨਾਲ ਪੜ੍ਹਾਈ ਕਰ"। ਉਹ ਫਿਰ ਬੋਲੀ, "ਆਂਟੀ! ਤੁਸੀਂ ਰੱਬ ਨੂੰ ਮੇਰੀ ਪਿਆਰੀ ਗੁੱਡੀ ਦੇ ਦੇਣਾ। ਮੈ ਅਗਲੀ ਵਾਰ ਤੁਹਾਨੂੰ ਆਪਣੀ ਗੁੱਡੀ ਲਿਆ ਕੇ ਦਿਆਂਗੀ। ਹੋਰ ਵੀ ਮੇਰੀਆਂ ਸਾਰੀਆਂ ਚੰਗੀਆਂ ਚੀਜ਼ਾਂ ਲੈ ਲਉ ਪਰ ਸਿਰਫ਼ ਪਾਪਾ ਵਾਪਸ ਬੁਲਾ ਦਿਉ। ਪਲੀਜ਼। ਉਨ੍ਹਾਂ ਨੂੰ ਦੱਸਿਉ! ਉਨ੍ਹਾਂ ਦੀ ਪਰੀ ਉਨ੍ਹਾ ਨੂੰ ਬਹੁਤ ਯਾਦ ਕਰਦੀ ਐ। ਫਿਰ ਉਹ ਭੱਜ ਕੇ ਵਾਪਸ ਆ ਜਾਣਗੇ"।

-ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ

ਮਸਜਿਦ ਮੇਰੀ ਤੂੰ ਕਿਉਂ ਢਾਹਵੇਂ, ਮੈਂ ਕਿਉਂ ਤੋੜਾਂ ਮੰਦਰ ਨੂੰ ।
ਆ ਜਾ ਦੋਵੇਂ ਬਹਿ ਕੇ ਪੜ੍ਹੀਏ, ਇੱਕ ਦੂਜੇ ਦੇ ਅੰਦਰ ਨੂੰ ।
ਸਦੀਆਂ ਵਾਂਗੂੰ ਅੱਜ ਵੀ, ਕੁੱਝ ਨਹੀਂ ਜਾਣਾ ਮਸਜਿਦ ਮੰਦਰ ਦਾ।
ਲਹੂ ਤੇ ਤੇਰਾ ਮੇਰਾ ਲੱਗਣਾ, ਤੇਰੇ ਮੇਰੇ ਖੰਜਰ ਨੂੰ।

-ਬਾਬਾ ਨਜ਼ਮੀ



## Worthy Donors of the Quarter July-September 2019

Amarjit Singh
Saini Sansar

**K.R. Saini Charitable Trust-**
**Dr.Manavpreet Kaur (Prof.)** w/o Er. Sandeep Singh( Sr.V.President), # Frisco (Dallas),Texas (USA) –Rs 80000/
**S.Ram Singh** Trustee Saini Bhawan # Rupnagar- Rs. 5100/ for the celebration of Birth of his Grandson
**Dr. R.S.Parmar- Parmar Hospital** Rupnagar- Rs. 5000/ for Blood Donation Camp.
**Trust For the Welfare of Vanjara and Other Weaker Sections,Mohali-**
Rs. 10000/ as Financial Assistance to Tailoring & Embriodery Trg. Centre
**Mrs. Gagandeep Kaur** w/o Adv. Amar Raj # Rupnagar – Rs. 3100
**Sh. Surrinder Saini** Dy. Director Nehru yuvak Sansthan, Zone Panjab & Chd.- Rs. 2100/ for Blood Donation Camp
**Inner Wheel Club Rupnagar-** Rs. 2100/ for Blood Donation camp
**District Police Sanjh Kendra** Rupnagar- Rs. 2100/ for Blood Donation Camp
**S. Amar Sangram Singh** Sarpanch Kheri Salabatpur Rs. 2100/ in memory of his father Comrade Darshan Singh
**Mrs. Harmider Saini** w/o late Sh Varider Chaudhary (ex M.C.) # Rupnagar- Rs. 1100/ for Celebration of Teej Festival
**Mrs. Sukhjit Kaur** w/o S. Davinder Singh Jatana # Rupnagar- Rs. 1100/ for Teej Festival
**Mrs. Parminder Kaur Pandrol** w/o S.Tarlochan Singh # Rupnagar- Rs. 1100/ for Celebration of Teej Festival
**Mrs. Bhagwant Kaur** w/o S. Balwant Singh Bala, Rupnagar Rs. 500/ for Teej Festival
**Saini Charitable Education Trust**
**Mrs. Gurjinder Kaur** w/o Sh. Rajesh Kumar, # Hoshiarpur- Rs. 50000/
**Mrs. Chander Kanta** W/O S. Rajinder Singh, Rupnagar- Rs 11000/
**Dr.Manavpreet Kaur (Prof.)** w/o Er. Sandeep Singh( Sr.V.President), # Frisco (Dallas),Texas (USA)- Rs 10000/
**S. Navtej Singh,** Scientist NASA (USA) S/O S. Balbir Singh Saini, Rupnagar- Rs 10000/
**S. Rajwinder Singh** Global Director (U.K) S/O Dr. Ajmer Singh, Rupnagar- Rs 10000/
**Mrs. Harpreet Kaur** d/o S. Balbir Singh Saini, Rupnagar - Rs. 10000/-
**Sh. Amit Saini** S/O Sh. Rajinder Saini, Rupnagar- Rs 6000/
**Sq.Leader Manjit Singh Pabla,** Mohali- Rs 6000/ For Casual Scholarship
**S. Amrik Singh** Rtd. X-en, Rupnagar- Rs 6000/ For Casual Scholarship
**S. Gursharan Singh** S/o S. Gurdev Singh, Gobind Valley Rupnagar - Rs. 6000/-

❊ ❊ ❊ ❊ ❊



### What Is Life?:

Parwaz Singh

Do not weep,
When I fade away.
For I will
Not sleep Again,
For I am not here,
But in you.
Just as flowers wither,
Just as seasons change,
Just as light escapes,
Just as darkness rises,
Death has embraced me
In its arms,
But my spirit,
Will forever remain yours.

# ਸਾਈਂ ਦਾ ਬਿਰਹਾ

ਡਾ. ਜਸਵੰਤ ਕੌਰ
ਸੈਣੀ ਭਵਨ, ਰੂਪਨਗਰ



ਬਿਆਸ ਦਰਿਆ ਦੇ ਪਰਲੇ ਕਿਨਾਰੇ ਤੋਂ ਕੁੱਝ ਦੂਰ ਹੈ ਸੁਲਤਾਨਪੁਰ ਲੋਧੀ। ਇੱਥੇ ਸੱਚੇ ਸੁਲਤਾਨ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਹੱਟੀ ਪਾਈ ਅਤੇ ਗ੍ਰਹਿਸਥੀ ਬਣ ਕੇ 'ਪੁੰਨਦਾਨ ਕਾ ਕਰੇ ਸਰੀਰੁ' ਦੀ ਸੁਗੰਧੀ ਫੈਲਾਈ। ਸੱਚੇ ਸੁਲਤਾਨ ਨੇ ਇੱਥੋਂ ਹੀ ਗ੍ਰਹਿਸਥ ਤਿਆਗ ਕੇ ਸੰਸਾਰ-ਉਧਾਰ ਨਮਿਤ ਉਦਾਸੀ ਸ਼ੁਰੂ ਕੀਤੀ। ਉਨ੍ਹਾਂ ਦੇ ਘਰੋਂ ਜਾਣ ਬਾਅਦ ਉਨ੍ਹਾਂ ਦੀ ਅਰਧੰਗਨੀ ਮਾਤਾ ਸੁਲੱਖਣੀ ਜੀ ਉਦਾਸ ਰਹਿੰਦੇ ਸਨ।

ਇਕ ਦਿਨ ਜਦੋਂ ਉਦਾਸੀ ਸਾਰੀਆਂ ਹੱਦਾਂ ਬੰਨੇ ਟੱਪ ਗਈ ਤਾਂ ਮਾਤਾ ਜੀ ਘਰੋਂ ਨਿਕਲ ਕੇ ਬਿਆਸ ਦਰਿਆ ਕਿਨਾਰੇ ਜਾ ਬੈਠੇ। ਨਦੀ ਦੀਆਂ ਤਰੰਗਾਂ ਨੂੰ ਤੱਕਦਿਆਂ ਤੱਕਦਿਆਂ ਆਪੇ ਨਾਲ ਹੀ ਗੱਲੀਂ ਲਗ ਗਏ," ਵਾਹ ਵਾਹ ਨਦੀਏ! ਤੇਰਾ ਜਿਗਰਾ ਕਿਵੇਂ ਇੱਕੋ ਜਿਹਾ ਰਹਿੰਦਾ ਹੈ? ਸਦੀਆਂ ਤੇ ਯੁੱਗ ਬੀਤ ਗਏ, ਤੂੰ ਉਸੇ ਰੁੱਖ ਵਹਿ ਰਹੀ ਏਂ। ਕਈ ਜਣੇ ਤੇਰੇ ਕਿਨਾਰਿਆਂ 'ਤੇ ਆ ਕੇ ਹੱਸੇ , ਕਈ ਰੋਏ ਪਰ ਤੂੰ ਆਪਣੀ ਮੌਜ ਵਿੱਚ ਤੁਰੀ ਜਾ ਰਹੀ ਹੈਂ। ਇੱਕ ਮੈਂ ਸੁਹਾਗਵੰਤੀ ਹਾਂ, ਲੋਕੀਂ ਮੈਨੂੰ ਭਾਗਾਂ ਵਾਲੀ ਆਖਦੇ ਹਨ ਪਰ ਬਰਸਾਂ ਦੇ ਬਰਸ ਬੀਤ ਗਏ ਮੈਨੂੰ ਆਪਣੇ ਸੁਹਾਗ ਦੇ ਦਰਸ਼ਨ ਨਹੀਂ ਹੋਏ। ਮੇਰੇ ਸੁਹਾਗ ਨੇ ਕਦੇ ਵੀ ਨਾ ਮੇਰੇ ਦਿਲ ਦੀ ਸੁਣੀ, ਨਾ ਆਪਣੀ ਦੱਸੀ। ਕਦੇ ਜੇਕਰ ਬੋਲੇ ਵੀ ਤਾਂ, ' ਇਸ ਸੰਸਾਰ 'ਤੇ ਮਾਣ ਨਾ ਕਰ, ਇਹ ਛੱਡਣਾ ਪੈਣਾ ਹੈ। ਇੱਥੇ ਦਾ ਧਨ ਜੋੜ ਕੇ ਨਾਲ ਨਹੀਂ ਜਾਂਦਾ'। ਇਹ ਹੈ ਮੇਰੇ ਸੁਹਾਗ ਦਾ ਹੱਸਣਾ, ਬੋਲਣਾ ਤੇ ਰਲ ਬੈਠਣਾ"।

" ਫੇਰ ਵੀ ਦਰਸ਼ਨ ਤਾਂ ਹੁੰਦਾ ਸੀ। ਤਾਂਘ ਨਾਲ ਸੱਜਰੀ ਰੋਟੀ ਤਾਂ ਪਕਾ ਬੈਠਦੀ ਸਾਂ। ਹੁਣ ਤਾਂ ਇਸ ਗੱਲੋਂ ਵੀ ਗਈ। ਬਾਰਾਂ ਤੋਂ ਵੱਧ ਬਰਸ ਬੀਤ ਗਏ ਹਨ, ਜਿਵੇਂ ਜੁੱਗ ਬੀਤ ਗਿਆ ਹੋਵੇ। ਸਾਕ-ਸੰਗੀ ਮੈਨੂੰ ਮਿਹਣੇ ਦਿੰਦੇ ਹਨ, 'ਤੇਰਾ ਪਤੀ ਵਿੱਚ ਪਿਆਰ ਨਹੀਂ'। ਜੇ ਪਿਆਰ ਨਾ ਹੁੰਦਾ, ਮੈਂ ਭਲਾਂ ਨਿਖੁੱਟੀ ਰੋ-ਰੋ ਕੇ ਫਾਵੀਂ ਕਿਉਂ ਹੋਵਾਂ? ਇੱਕ ਇੱਕ ਦਿਨ ਜੁੱਗ ਜੁੱਗ ਜਿੱਡਾ ਕਿਉਂ ਜਾਪਦਾ? ਮੇਰੇ ਕਾਲਜੇ ਨੂੰ ਖੋਹ ਕਿਉਂ ਪੈਂਦੀ? ਅੱਖਾਂ ਪਰਨਾਲੇ ਕਿਉਂ ਬਣਦੀਆਂ? ਜਿਸ ਦਿਨ ਦੇ ਸਿਰਤਾਜ ਪਰਦੇਸ ਸਿਧਾਏ ਹਨ, ਅੰਨ ਸੁਆਦ ਨਹੀਂ ਦਿੰਦਾ, ਪਾਣੀ ਠੰਢ ਨਹੀਂ ਪਾਉਂਦਾ। ਵਿਛੜਨ ਵੇਲੇ ਮੈਂ ਕਿੰਨਾਂ ਰੋਈ, ਮਿੰਨਤਾਂ ਕੀਤੀਆਂ, ਹਾਵੇ ਲਏ, ਤਰਲੇ ਕੱਢੇ, ਉਨ੍ਹਾਂ ਨੇ ਇੱਕੋ ਨਾਂਹ ਫੜੀ ਰੱਖੀ, ' ਅਸਾਂ ਆਪਣੇ ਮਾਲਕ ਦੀ ਨੌਕਰੀ ਜਾਣਾ ਹੈ। ਤੇਰਾ ਉੱਥੇ ਕੋਈ ਕੰਮ ਨਹੀਂ'। ਨੌਕਰੀਆਂ 'ਤੇ ਗਏ ਵੀ ਬਾਰਾਂ ਵਰ੍ਹਿਆਂ ਵਿੱਚ ਸੱਤ-ਸੱਤ ਵਾਰੀ ਘਰੀਂ ਗੇੜੇ ਮਾਰ ਗਏ। ਮੇਰੇ ਕੰਤ ਦੇ ਮਾਲਕ ਨੇ ਪਤਾ ਨਹੀਂ ਕਿੰਨੀ ਡਾਢੀ ਨੌਕਰੀ ਦਿੱਤੀ ਹੈ ਕਿ ਉਸ ਨੂੰ ਛੁੱਟੀ ਹੀ ਨਹੀਂ ਮਿਲਦੀ?"

"ਸ਼ਾਇਦ ਮੇਰੇ ਮਾਲਕ ਦੇ ਮਨ ਵਿੱਚ ਟੱਬਰ ਨਾਲ ਮੋਹ ਨਹੀਂ। ਪਹਿਲੇ ਦਿਨ ਤੋਂ ਹੀ ਨਹੀਂ। ਮੈਂ ਸੁਹਾਗਣ ਵੀ ਹਾਂ, ਪੁੱਤਰਵੰਤੀ ਵੀ ਹਾਂ, ਫਿਰ ਵੀ ਵਿਛੋੜੇ ਤੇ ਚਿੰਤਾ ਦੇ ਸੱਲ੍ਹ ਦੇ ਮੂੰਹ ਪਈ ਰਹਿੰਦੀ ਹਾਂ। ਕਿੰਨੇ ਮੰਦੇ ਭਾਗ ਨੇ ਮੇਰੇ? ਪੇਕੀਂ ਜਾ ਕੇ ਰਹਿੰਦੀ ਹਾਂ, ਉੱਥੇ ਰੋਵਾਂ ਤਾਂ ਮਾਪੇ ਝਿੜਕਦੇ ਹਨ, 'ਭਰਾਵਾਂ ਦਾ ਭਲਾ ਮੰਗ। ਪੁੱਤਰ ਦੀ ਸੁਖ ਮੰਗ'। ਇੱਥੇ ਰੋਵਾਂ ਤਾਂ ਨਿਨਾਣ ਪਿਆਰ ਨਾਲ ਝਿੜਕਦੀ ਹੈ, ' ਮੇਰੇ ਵੀਰ ਦਾ ਭਲਾ ਮੰਗ'। ਪਰ ਕੋਈ ਮੇਰੇ ਅੰਦਰ ਵੜੇ ਤਾਂ ਪਤਾ ਲੱਗੇ..."।

" ਮੈਨੂੰ ਅਨੋਖੇ ਪ੍ਰੀਤਮ ਨਾਲ ਅਨੋਖੀ ਪ੍ਰੀਤ ਕਰਨ ਦੀ ਜਾਚ ਨਹੀਂ ਆਈ। ਮੈਂ ਉਸ ਦੇ ਅੰਦਰਲੇ ਨੂੰ ਕਿਵੇਂ ਜਾਣਾ? ਦੁਨੀਆਂ ਵਾਂਗੂ ਉਹ ਵੀ ਸੁਹਣੀ ਤਰ੍ਹਾਂ ਘਰ ਵਸਦੇ, ਕਮਾ ਕੇ ਲਿਆਉਂਦੇ, ਟੱਬਰ ਨਾਲ ਮੋਹ ਪਾਉਂਦੇ, ਹੱਸਦੇ ਵੱਸਦੇ ਤਾਂ ਦੁਨੀਆਂ ਨੂੰ ਮੇਰੇ ਪਿਆਰ ਦਾ ਵੀ ਪਤਾ ਲਗਦਾ। ਪਰਿਵਾਰ ਵੀ, ਮੈਂ ਵੀ ਸੁਖੀ ਬੈਠਦੀ"।

" ਹੇ ਬਿਆਸ! ਕਦੀ ਮੇਰੀ ਵੀ ਆਸ ਪੁਗਾ ਦੇ।ਮੇਰੇ ਪਤੀ ਦੀਆਂ ਘਰ ਵੱਲ ਮੁਹਾਰਾਂ ਮੋੜ, ਮੈਂ ਤੇਰੇ ਕੋਲ ਆ ਕੇ ਘਿਉ ਦੇ ਦੀਵੇ ਜਗਾਵਾਂ। ਮੈਂ ਵੀ ਸੁਲੱਖਣੀ ਹੋ ਜਾਵਾਂ।...." ਇਹ ਕਹਿੰਦਿਆਂ ਮਨ ਐਨਾ ਭਰਿਆ ਕਿ ਹੰਝੂਆਂ ਦੀ ਝੜੀ ਲਗ ਗਈ। ਕੋਈ ਨੇੜੇ ਤੇੜੇ ਰੋਕਣ ਵਾਲਾ ਤਾਂ ਹੈ ਨਹੀਂ ਸੀ। ਦਿਲ ਖੋਲ੍ਹ ਕੇ ਰੋਈ। ਬਿਰਹਾ ਨਾਲ ਅਰਧ-ਮੂਰਛਤ ਜਿਹੀ ਹੋ ਗਈ। ਬਿਰਹਾ ਭਰੀ ਸੁਰਤ ਵਿੱਚੋਂ ਇਹ ਸ਼ਬਦ ਨਿਕਲੇ-

' ਨਾ ਜੀਵਾਂ ਨਾ ਮੋਈ ਮੁੱਕੀ, ਤੱਕ ਤੱਕ ਰਾਹਾਂ ਥੱਕੀ।
ਸੂਕ ਸੂਕ ਨਦੀਆਂ ਥੱਲੇ ਗਈਆਂ, ਮੈਂ ਸਿੱਕ ਸਿੱਕ ਮਰ ਮਰ ਮੁੱਕੀ।
ਆ ਸਾਈਆਂ! ਹੁਣ ਮੋੜ ਮੁਹਾਰਾਂ, ਬਖ਼ਸ਼ ਦੇ ਭੁੱਲ ਚੁੱਕੀ'।

ਥੋੜ੍ਹੀ ਦੇਰ ਚੁੱਪ ਰਹਿ ਕੇ ਫਿਰ ਇੱਕ ਹਉਕਾ ਨਿਕਲਿਆ-

" ਮੂਰਖ ਅਜਾਣ ਭਾਰੀ, ਜਾਣਾ ਨਾ ਸਾਰ ਕਾਈ।
ਪ੍ਰੀਤਮ ਰਿਝਾ ਨਾ ਸਕੀ, ਲੀਤਾ ਜਨਮ ਅਜਾਈਂ।
ਪ੍ਰੇਮੀ ਜੋ ਪ੍ਰੇਮ ਕਰਦੇ, ਉਸ ਦੀ ਨਾ ਸਾਰ ਮੈਨੂੰ।
ਮੇਰਾ ਹੈ ਕੰਤ ਮੇਰਾ, ਮਾਣ ਦੇ ਜੀਅ ਧਰਾਈਂ।
ਦੁਨੀਆਂ ਨੂੰ ਤਾਰਿਆ ਤੈਂ, ਤਰਸਾਂ ਤੇ ਰਹਿਮ ਵਾਲੇ।
ਤੜਪਾਂ ਦਿਨੇ ਤੇ ਰਾਤੀਂ, ਮੈਨੂੰ ਵੀ ਠੰਢ ਪਾਈਂ।

ਬੇਬੇ ਨਾਨਕੀ ਵੀ ਘਰ ਬੈਠੀ ਆਪਣੇ ਵੀਰ ਨੂੰ ਯਾਦ ਕਰ ਕੇ ਰੋਣ ਲਗਦੀ ਹੈ। ਉਸੇ ਸਮੇਂ ਸਿਰੀ ਚੰਦ ਜੀ ਨੇ ਦੌੜ ਕੇ ਆ ਕੇ ਦੱਸਿਆ ਕਿ ਮਾਤਾ ਜੀ ਅੱਜ ਸਵੇਰ ਦੇ ਦਰਿਆ ਵੱਲ ਗਏ ਸਨ, ਅਜੇ ਤੱਕ ਨਹੀਂ ਮੁੜੇ। ਬੇਬੇ ਜੀ ਦਾਸੀ ਨੂੰ ਨਾਲ ਲੈ ਕੇ ਦਰਿਆ ਵੱਲ ਦੌੜੇ। ਉੱਥੇ ਉਨ੍ਹਾਂ ਨੂੰ ਵਿਰਲਾਪ ਦੀ ਆਵਾਜ਼ ਆਈ-

ਤੇਰੇ ਮੈਂ ਯੋਗ ਨਾਹੀਂ, ਤੇਰੀ ਸਦਾਵਦੀ ਹਾਂ।

ਚਰਨੀ ਲਗਾ ਕੇ ਆਂਦੀ, ਦਾਸੀ ਨੂੰ ਪਾਰ ਲਾਈਂ।
ਆਵੀਂ ਹੇ ਕੰਤ ਪਿਆਰੇ, ਆਵੀਂ ਸਿਰਾਂ ਦੇ ਸਾਈਂ।
ਦੇਵੀਂ ਦੀਦਾਰ ਆਪੇ, ਆਪੇ ਹੀ ਪਾਰ ਲਾਈਂ।

ਬੇਬੇ ਨਾਨਕੀ ਜੀ ਨੇ ਸੁਲੱਖਣੀ ਜੀ ਦੀਆਂ ਵਿਲਕਣੀਆਂ ਸੁਣੀਆਂ ਤਾਂ ਸਮਝ ਗਈ ਕਿ ਇਹ ਮੇਰੇ ਵੀਰ ਦੇ ਦੈਵੀ-ਸਰੂਪ ਤੋਂ ਬੇਸਮਝ ਆਪਣੇ ਪਤੀ-ਪਿਆਰ ਵਿੱਚ ਤੜਪ ਰਹੀ ਹੈ। ਬੇਬੇ ਨੇ ਗਲਵਕੜੀ ਪਾਉਂਦਿਆਂ ਆਖਿਆ, " ਪਿਆਰੀ ਭਾਬੀ ਰੋ ਨਾ"। ਸੁਲੱਖਣੀ ਨੇ ਕਿਹਾ, "ਰੋਵਾਂ ਨਾ ਤਾਂ ਹੋਰ ਕੀ ਕਰਾਂ? ਮੇਰੇ ਜਿਉਣ ਦਾ ਕੋਈ ਹੱਜ ਹੈ"? ਬੇਬੇ ਦੀਆਂ ਵੀ ਅੱਖਾਂ ਭਰ ਆਈਆਂ ਤੇ ਕਿਹਾ, "ਤੇਰਾ ਮਾਲਕ ਸਾਈਂ ਦੀ ਜੋਤ ਹੈ"। ਪਰ ਸੁਲੱਖਣੀ ਆਖਦੀ ਹੈ, "ਜਿਸ ਦਿਨ ਦੀ ਸੁਹਾਗ ਮਹਿੰਦੀ ਲੱਗੀ ਹੈ, ਰੱਤ ਦੇ ਹੰਝੂ ਭਰਦੀ ਨੂੰ ਇਹ ਦਿਨ ਆ ਗਏ"। ਬੇਬੇ, ਸੁਲੱਖਣੀ ਨੂੰ ਪਤੀ ਵਿੱਚ ਪਰਮੇਸ਼ਰ ਦੇਖਣ ਨੂੰ ਕਹਿੰਦੀ ਹੈ। ਮਸਾਂ ਹੀ ਮਿੰਨਤਾਂ ਤਰਲੇ ਕਰ ਕੇ ਬੇਬੇ ਨਾਨਕੀ ਜੀ ਸੁਲੱਖਣੀ ਨੂੰ ਘਰ ਲਿਆਉਂਦੇ ਹਨ। ਬਾਬਾ ਨਾਨਕ ਦੇ ਵਿਛੋੜੇ ਵਿੱਚ ਰੋਂਦੀਆਂ ਦੋਵੇਂ ਸਨ। ਮਾਤਾ ਸੁਲੱਖਣੀ ਦਾ ਰੋਣਾ ਪਤੀ ਦੇ ਮੋਹ ਤੇ ਸਾਕਾਦਾਰੀ ਵਾਲਾ, ਦਾਹਵੇ ਵਾਲਾ ਜਦੋਂ ਕਿ ਬੇਬੇ ਦਾ ਰੋਣਾ ਠੰਢ, ਰਸ ਤੇ ਟਕਾਉ ਵਾਲਾ।

ਇਕ ਦਿਨ ਬੇਬੇ ਤੜਕੇ ਲੱਸੀ ਰਿੜਕਦੀ, ਆਸਾ ਦੀ ਵਾਰ ਦਾ ਪਾਠ ਕਰ ਰਹੀ ਸੀ। ਵਰ੍ਹਿਆਂ ਮਗਰੋਂ 'ਧੰਨ ਨਿਰੰਕਾਰ' ਦੀ ਆਵਾਜ਼ ਡਿਉੜੀ ਵਿੱਚੋਂ ਸੁਣਾਈ ਦਿੱਤੀ। ਬੇਬੇ ਦੌੜ ਕੇ ਵੀਰ ਦੇ ਚਰਨਾਂ ਨਾਲ ਜਾ ਲਿਪਟੀ। ਗੁਰੂ ਨਾਨਕ ਦੇ ਕਹੇ ਸ਼ਬਦ,'ਬੇਬੇ'ਨੇ ਕੰਨਾਂ ਵਿੱਚ ਰਸ ਘੋਲ ਦਿੱਤਾ। ਦਰਸ਼ਨ ਕਰ ਕੇ ਆਨੰਦ ਵਿਭੋਰ ਹੋ ਗਈ ਬੇਬੇ। ਇੰਨੇ ਨੂੰ ਸ਼੍ਰੀ ਚੰਦ ਜੀ ਆ ਗਏ। ਪਿਤਾ ਜੀ ਦੇ ਚਰਨਾਂ 'ਤੇ ਢਹਿ ਪਏ। ਸਤਿਗੁਰ ਜੀ ਨੇ ਅਸੀਸ ਦਿੱਤੀ, "ਸਾਈਂ ਵਲ ਰਹੋ"। ਸੁਲੱਖਣੀ ਜੀ ਨੂੰ ਬੁਲਾ ਭੇਜਿਆ। ਮੋਹਭਰੀ, ਸਹਿਕਣ ਵਾਲੀ, ਗੁਰੂ ਜੀ ਦੀ ਅਰਧੰਗਣੀ ਆਈ। ਖੁਸ਼ ਹੈ, ਵੈਰਾਗ ਵਿੱਚ ਹੈ, ਅੰਤਾਂ ਦਾ ਪਿਆਰ ਉਮੜ ਰਿਹਾ ਹੈ। ਚਰਨਾਂ 'ਤੇ ਢੱਠੀ ਅਤੇ ਰੋਈ-ਰੋਈ। ਘਟ-ਘਟ ਦੇ ਜਾਨਣਹਾਰ ਮੁਸਕ੍ਰਾਏ, ਕਿਰਪਾ-ਦ੍ਰਿਸ਼ਟੀ ਨਾਲ ਤੱਕਿਆ, ਮਿਹਰ ਦਾ ਸਤੋਗੁਣੀ ਮੀਂਹ ਵਰਸਾਇਆ।

(ਭਾਈ ਵੀਰ ਸਿੰਘ ਰਚਨਾਵਲੀ (ਜਿਲਦ ਚੌਥੀ) ਭਾਗ ਪਹਿਲਾ- ਗੁਰੂ ਨਾਨਕ ਚਮਤਕਾਰ, ਪ੍ਰਕਾਸ਼ਕ ਭਾਸ਼ਾ ਵਿਭਾਗ ਪੰਜਾਬ ਵਿੱਚੋਂ)

## ਅਮੁੱਲ ਦਾਤ

ਸੈਣੀ ਭਵਨ ਦੇ ਟਰੱਸਟੀ ਸ. ਰਾਮ ਸਿੰਘ ਸੈਣੀ ਵਾਸੀ ਰੂਪਨਗਰ ਦੇ ਸਪੁੱਤਰ ਸ. ਸਮੀਤ ਸਿੰਘ ਸੈਣੀ ਨੂੰ ਅਕਾਲਪੁਰਖ ਨੇ ਬੇਟੇ (ਕੁਮਰਬੀਰ ਸਿੰਘ) ਦੀ ਦਾਤ ਬਖਸ਼ੀ ਹੈ। ਵਾਹਿਗੁਰੂ ਇਸ ਬੱਚੇ ਨੂੰ ਲੰਮੀ ਉਰਮ ਦੇਵੇ। ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਸੈਣੀ ਪਰਿਵਾਰ ਨੂੰ ਲੱਖ-ਲੱਖ ਵਧਾਈ।



## ਨਾਨਕ ਦੇ ਸੰਦੇਸ਼

ਜਸਵੀਰ ਸਿੰਘ ਪਾਬਲਾ

ਬਾਬੇ ਨਾਨਕ ਦੀ ਸਿੱਖਿਆ ਨੂੰ, ਮਨ ਦੇ ਵਿੱਚ ਵਸਾਓ।
ਉਸ ਦੇ ਪੂਰਨਿਆਂ 'ਤੇ ਚੱਲ ਕੇ, ਜੀਵਨ ਸਫ਼ਲ ਬਣਾਓ।
ਲਾਲੋ ਜਿਹੇ ਕਿਰਤੀਆਂ ਨੇ ਰਲ, ਦੁਨੀਆਂ ਤਾਈਂ ਸਜਾਇਆ
ਕਿਰਤੀ ਦੇ ਬਲਬੂਤੇ ਹੀ ਜੱਗ ਇਹ ਸਵਰਗ ਕਹਾਇਆ।
ਕਾਮੇ ਦੀ ਮਿਹਨਤ ਦਾ ਸਿਹਰਾ, ਕਾਮੇ ਸਿਰ ਸਜਾਓ।
ਬਾਬੇ ਨਾਨਕ ਦੀ ਸਿੱਖਿਆ ਨੂੰ.......

ਦਸਾਂ ਨਹੁੰਆਂ ਦੀ ਕਿਰਤ ਕਰਨ ਦਾ, ਮੰਤਰ ਉਸ ਦ੍ਰਿੜਾਇਆ।
ਨਾਮ ਜਪਣ ਤੇ ਵੰਡ ਛਕਣ ਦਾ, ਗੁਰ-ਉਪਦੇਸ਼ ਸੁਣਾਇਆ।
ਆਪ ਜਪੋ ਤੇ ਦੂਜਿਆਂ ਨੂੰ ਵੀ, ਰੱਬ ਦਾ ਨਾਮ ਜਪਾਓ।
ਬਾਬੇ ਨਾਨਕ ਦੀ ਸਿੱਖਿਆ ਨੂੰ.....

ਔਰਤ ਦਾ ਸਤਿਕਾਰ ਕਰਨ ਦਾ, ਬਾਬੇ ਵਲ ਸਮਝਾਇਆ।
ਜਣਨੀ ਕਹਿ ਕੇ ਰਾਜਿਆਂ ਦੀ, ਉਸ ਔਰਤ ਨੂੰ ਵਡਿਆਇਆ।
ਗੁਰੂ ਨਾਨਕ ਦਾ ਇਹ ਸੰਦੇਸ਼ਾ ਘਰ-ਘਰ ਤੱਕ ਪੁਚਾਓ।
ਬਾਬੇ ਨਾਨਕ ਦੀ ਸਿੱਖਿਆ ਨੂੰ......

ਮਾਲਕ ਭਾਗੋਆਂ, ਕੌਡੇ ਰਾਖਸ਼ਾਂ, ਥਾਂ-ਥਾਂ ਲਾਏ ਡੇਰੇ।
ਲੁੱਟਣ ਵਾਲੇ ਥੋੜ੍ਹੇ, ਪਰ ਲੁੱਟ ਹੋਣ ਵਾਲੇ ਬਹੁਤੇਰੇ।
ਕਰ ਕੇ ਏਕਾ ਲੋਟੂਆਂ ਦੇ, ਚੁੰਗਲ 'ਚੋਂ ਦੇਸ ਬਚਾਓ।
ਬਾਬੇ ਨਾਨਕ ਦੀ ਸਿੱਖਿਆ ਨੂੰ.....

ਕਿਸੇ ਸਮੇਂ ਸੀ ਭਾਰਤ ਮੇਰਾ, ਸੋਨ-ਚਿੜੀ ਅਖਵਾਂਦਾ।
ਰਿਸ਼ੀਆਂ-ਮੁਨੀਆਂ, ਗੁਰੂਆਂ, ਪੀਰਾਂ ਤੇ ਰੱਬੀ ਭਗਤਾਂ ਦਾ।
ਕਰ ਕੇ ਹਿੰਮਤ ਸੋਨੇ ਦੇ ਪਰ, ਇਸ ਦੇ ਮੋੜ ਲਿਆਓ।
ਬਾਬੇ ਨਾਨਕ ਦੀ ਸਿੱਖਿਆ ਨੂੰ.......

*ਪਿੰਡ ਲੰਗੜੋਆ, ਜ਼ਿਲ੍ਹਾ ਨਵਾਂਸ਼ਹਿਰ

* * * * *

ਸੈਣੀ ਸੰਸਾਰ ਦੇ ਪਾਠਕਾਂ
ਨੂੰ ਗੁਰੂ ਨਾਨਕ ਦੇਵ ਜੀ ਦੇ
550ਵੇਂ ਪ੍ਰਕਾਸ਼ ਪੁਰਬ
ਦੀਆਂ ਲੱਖ ਲੱਖ ਵਧਾਈਆਂ

ਸੈਣੀ ਬਰਾਦਰੀ ਦਾ ਮਾਣ

ਦਵਿੰਦਰ ਸਿੰਘ ਜਟਾਣਾ
ਰੂਪਨਗਰ

## ਪਰਮਵੀਰ ਚੱਕਰ ਵਿਜੇਤਾ - ਕੈਪਟਨ ਗੁਰਬਚਨ ਸਿੰਘ ਸਲਾਰੀਆ



*ਸੈਣੀ ਬਰਾਦਰੀ ਦਾ ਇਹ ਜਰਨੈਲ ਅਜਿਹਾ ਇਕੱਲਾ ਯੂ.ਐਨ.ਪੀਸਕੀਪਰ ਹੈ ਜਿਸ ਨੂੰ ਭਾਰਤ ਸਰਕਾਰ ਨੇ ਅਦੁੱਤੀ ਬਹਾਦਰੀ ਲਈ **ਪਰਮਵੀਰ ਚੱਕਰ** ਨਾਲ ਸਨਮਾਨਿਤ ਕੀਤਾ। ਗੁਰਬਚਨ ਸਿੰਘ ਸਲਾਰੀਆ ਦਾ ਜਨਮ 29 ਨਵੰਬਰ, 1935 ਨੂੰ ਸ਼੍ਰੀ ਮੁਨਸ਼ੀ ਰਾਮ ਅਤੇ ਸ਼੍ਰੀਮਤੀ ਧਨ ਦੇਵੀ ਦੇ ਘਰ ਪੰਜਾਬ (ਹੁਣ ਪਾਕਿਸਤਾਨ) ਦੇ ਕਸਬੇ ਸ਼ੱਕਰਗੜ੍ਹ ਨੇੜੇ ਪਿੰਡ ਜਨਵਾਲ ਵਿੱਚ ਹੋਇਆ। ਉਸ ਦੇ ਪਿਤਾ ਨੇ ਬ੍ਰਿਟਸ਼ ਇੰਡੀਅਨ ਆਰਮੀ ਦੀ ਡੋਗਰਾ ਸੁਕਾਅਡਰਨ ਦੇ ਹਾਡਸਨ ਹਾਰਸ ਵਿੱਚ ਨੌਕਰੀ ਕੀਤੀ ਸੀ। ਇਸ ਲਈ ਗੁਰਬਚਨ ਸਿੰਘ ਵੀ ਫੌਜ ਵਿੱਚ ਸੇਵਾ ਕਰਨ ਦੀ ਤਮੰਨਾਂ ਰਖਦਾ ਸੀ।

ਭਾਰਤ ਦੀ ਵੰਡ ਹੋਣ ਸਮੇ ਸਲਾਰੀਆ ਪਰਿਵਾਰ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਜਾਂਗਲ ਵਿੱਚ ਆ ਵਸਿਆ। ਉਹ ਮੁਢਲੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਕਰਨ ਉਪਰੰਤ 1946 ਵਿੱਚ ਕਿੰਗ ਜਾਰਜ ਰਾਇਲ ਇੰਡੀਅਨ ਮਿਲਟਰੀ ਸਕੂਲ ਬੰਗਲੌਰ ਵਿਚ ਦਾਖਲ ਹੋ ਗਿਆ। ਅਗਸਤ, 1947 ਵਿੱਚ ਉਸ ਨੂੰ ਜਲੰਧਰ ਦੇ ਮਿਲਟਰੀ ਸਕੂਲ ਵਿੱਚ ਤਬਦੀਲ ਕਰ ਦਿੱਤਾ ਗਿਆ। ਇੱਥੋਂ ਪੜ੍ਹਾਈ ਪੂਰੀ ਕਰਕੇ ਉਹ ਨੈਸ਼ਨਲ ਡਿਫੈਂਸ ਅਕੈਡਮੀ(ਐਨ.ਡੀ.ਏ.) ਦੀ ਜਾਇੰਟ ਸਰਵਿਸਸ ਵਿੰਗ ਵਿੱਚ ਚਲੇ ਗਿਆ। ਇੱਥੋਂ ਗ੍ਰੈਜੂਏਸ਼ਨ ਕਰਕੇ ਗੁਰਬਚਨ ਸਿੰਘ 1956 ਵਿੱਚ ਇੰਡੀਅਨ ਮਿਲਟਰੀ ਅਕੈਡਮੀ ਆਈ.ਐਮ.ਏ.) ਵਿੱਚ ਭਰਤੀ ਹੋ ਗਿਆ। ਉਹ 1957 ਵਿੱਚ ਕਮਿਸ਼ਨ ਪ੍ਰਾਪਤ ਕਰਕੇ ਗੋਰਖਾ ਰਾਈਫਲਜ਼ ਦਾ ਅਫਸਰ ਬਣ ਗਿਆ।

ਜੂਨ, 1960 ਵਿੱਚ ਕਾਂਗੋ ਦੇਸ਼ ਨੇ ਬੈਲਜੀਅਮ ਤੋਂ ਆਜ਼ਾਦੀ ਪ੍ਰਾਪਤ ਕੀਤੀ ਪਰ ਇਸੇ ਜੁਲਾਈ ਦੇ ਮਹੀਨੇ ਕਾਂਗੋ ਫੌਜ ਵਿੱਚ ਬਗਾਵਤ ਹੋ ਗਈ ਅਤੇ ਕਾਲੇ ਤੇ ਗੋਰੇ ਸਿਵਲੀਅਨ ਵਿਚਕਾਰ ਹਿੰਸਕ ਝੜਪਾਂ ਹੋਣੀਆਂ ਸ਼ੁਰੂ ਹੋ ਗਈਆਂ। ਇਸ ਲਈ ਕਾਂਗੋ ਸਰਕਾਰ ਦੀ ਬੇਨਤੀ 'ਤੇ ਯੂਨਾਈਟਡ ਨੇਸ਼ਨਜ਼ ਨੇ 14 ਜੁਲਾਈ 1960 ਨੂੰ ਬਹੁਦੇਸ਼ੀ ਪੀਸਕੀਪਿੰਗ ਫੋਰਸ ਇਸ ਦੇਸ਼ ਦੀ ਮਦਦ ਲਈ ਭੇਜੀਆਂ। ਇਸ ਵਿੱਚ ਭਾਰਤ ਦੇ 3000 ਫੌਜੀ ਸ਼ਾਮਿਲ ਸਨ। ਇਸ ਦੀ ਡੋਗਰਾ ਰੈਜਮੈਂਟ ਦਾ ਕਮਾਂਡਰ ਕੈਪਟਨ ਗੁਰਬਚਨ ਸਿੰਘ ਸੀ। 5 ਦਸੰਬਰ, 1961 ਨੂੰ ਇਸ ਗੋਰਖਾ ਰਜਮੈਂਟ ਨੂੰ ਬਾਗੀਆਂ ਵਲੋਂ ਬੰਦ ਕੀਤੀ ਗਈ ਇੱਕ ਸੜਕ ਖੋਲ੍ਹਣ ਦਾ ਆਦੇਸ਼ ਹੋਇਆ। ਕੈਪਟਨ ਸਲਾਰੀਆ ਨੇ ਆਪਣੀ ਛੋਟੀ ਜਿਹੀ ਟੁਕੜੀ ਨਾਲ ਕਾਰਵਾਈ ਆਰੰਭ ਕੀਤੀ ਜਿਸ ਦੇ ਨਤੀਜੇ ਵਜੋਂ ਬਾਗੀਆਂ ਦੇ 40 ਫੌਜੀ ਮਾਰੇ ਗਏ ਅਤੇ ਬਾਕੀ ਦੇ ਭੱਜ ਗਏ। ਰਾਸਤਾ ਖੁਲ੍ਹ ਗਿਆ। ਡੋਗਰਾ ਰਜਮੈਂਟ ਨੇ ਭੱਜਦੇ ਹੋਏ ਬਾਗੀਆਂ 'ਤੇ ਪਿੱਛਿਉਂ ਹਮਲਾ ਕਰ ਦਿੱਤਾ। ਇਸ ਦੌਰਾਨ ਕੈਪਟਨ ਸਲਾਰੀਆ ਦੀ ਗਰਦਨ ਵਿੱਚ ਦੋ ਗੋਲੀਆਂ ਲੱਗੀਆਂ ਜਿਸ ਨਾਲ ਉਹ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ।



ਇਸ ਦੇ ਬਾਵਜੂਦ ਉਹ ਵੱਧ ਖੂਨ ਵਗਣ ਨਾਲ ਸ਼ਹੀਦ ਹੋਣ ਤੱਕ ਦੁਸ਼ਮਣ ਦਾ ਮੁਕਾਬਲਾ ਕਰਦਾ ਰਿਹਾ। ਕੈਪਟਨ ਸਲਾਰੀਆ ਦੀ ਇਸ ਬਹਾਦਰੀ ਲਈ ਉਸ ਨੂੰ ਪਰਮਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ।

ਪਰਮਵੀਰ ਚੱਕਰ ਭਾਰਤੀ ਫੌਜ ਦਾ ਸਭ ਤੋਂ ਉਚਾ ਸਨਮਾਨ ਹੈ ਜੋ 1947 ਤੋਂ ਹੁਣ ਤੱਕ ਕੇਵਲ 21 ਫੌਜੀ ਯੋਧਿਆਂ ਨੂੰ ਪ੍ਰਦਾਨ ਕੀਤਾ ਗਿਆ ਹੈ। ਇਨ੍ਹਾਂ ਵਿੱਚ ਸੈਣੀ ਬਰਾਦਰੀ ਦਾ ਇੱਕ ਹੋਰ ਯੋਧਾ-**ਸੂਬੇਦਾਰ ਜੋਗਿੰਦਰ ਸਿੰਘ** ਵੀ ਸ਼ਾਮਿਲ ਹੈ। ਸੈਣੀ ਬਰਾਦਰੀ ਨੂੰ ਇਨ੍ਹਾਂ ਬਹਾਦਰ ਸ਼ਹੀਦਾਂ 'ਤੇ ਅੰਤਾਂ ਦਾ ਮਾਣ ਹੈ।

*ਸਲਾਰੀਆ ਗੋਤ ਪਹਾੜੀ ਰਾਜਪੂਤਾਂ ਦਾ ਵੀ ਹੈ ਅਤੇ ਸੈਣੀਆਂ ਦਾ ਵੀ। ਇਹ ਦੋਵੇਂ ਜਾਤਾਂ ਚੰਦਰਵੰਸ਼ੀ ਹਨ। ਪਰ ਸ਼ੱਕਰਗੜ੍ਹ ਅਤੇ ਗੁਰਦਾਸਪੁਰ ਇਲਾਕੇ ਵਿੱਚ ਸਲਾਰੀਆ ਸੈਣੀਆਂ ਦੀ ਬਹੁਗਿਣਤੀ ਹੈ। ਗੁਰਬਚਨ ਸਿੰਘ ਸਲਾਰੀਆ ਸੈਣੀ ਹੈ।( ਸਰੋਤ- ਸੈਣੀ ਆਨਲਾਈਨ)

❊ ❊ ❊ ❊ ❊

## ਸਾਡੀ ਮਨੋਦਸ਼ਾ

ਇੱਕ ਜਾਦੂਗਰ ਭੇਡਾਂ ਪਾਲਣ ਦਾ ਸ਼ੌਕੀਨ ਸੀ ਤੇ ਭੇਡਾਂ ਖਾਣ ਦਾ ਵੀ। ਜਦੋਂ ਇੱਕ ਭੇਡ ਕੱਟਦਾ, ਦੂਜੀਆਂ ਭੱਜ ਜਾਂਦੀਆਂ। ਇਸ ਸਮੱਸਿਆ ਦੇ ਹਲ ਲਈ ਜਾਦੂਗਰ ਨੇ ਇੱਕ ਤਰਕੀਬ ਖੋਜੀ। ਉਸ ਨੇ ਸਾਰੀਆਂ ਭੇਡਾਂ ਨੂੰ ਸੰਮੋਹਿਤ ਕਰ ਕੇ ਦੱਸਿਆ ਕੇ ਤੁਸੀਂ ਭੇਡਾਂ ਨਹੀਂ - ਸ਼ੇਰ, ਚੀਤੇ ਤੇ ਇਨਸਾਨ ਹੋ। ਜੋ ਕੱਟੀਆਂ ਜਾਂਦੀਆਂ ਹਨ, ਉਹ ਹੀ ਭੇਡਾਂ ਹਨ। ਸੰਮੋਹਿਤ ਭੇਡਾਂ ਨੇ ਇਸ ਨੂੰ ਮੰਨ ਲਿਆ। ਇਸ ਨਾਲ ਜਾਦੂਗਰ ਦਾ ਕੰਮ ਸੌਖਾ ਹੋ ਗਿਆ। ਜਦੋਂ ਇੱਕ ਭੇਡ ਕੱਟੀ ਜਾ ਰਹੀ ਹੁੰਦੀ, ਤਾਂ ਦੂਜੀਆਂ ਭੇਡਾਂ ਖੁਸ਼ ਹੁੰਦੀਆਂ ਕਿ ਵਿਚਾਰੀ ਭੇਡ ਕੱਟੀ ਜਾ ਰਹੀ ਹੈ; ਅਸੀਂ ਤਾਂ ਸ਼ੇਰ ਹਾਂ, ਚੀਤੇ ਹਾਂ ਅਤੇ ਇਨਸਾਨ ਹਾਂ; ਸਾਨੂੰ ਕੌਣ ਹੱਥ ਪਾਊ ? ਜੋ ਭੇਡ ਕੱਟੀ ਜਾ ਰਹੀ ਸੀ, ਉਹ ਵੀ ਕਲ੍ਹ ਤੱਕ ਇਹੋ ਸੋਚ ਰਹੀ ਸੀ - ਸ਼ੇਰ ਹਾਂ, ਚੀਤੇ ਹਾਂ, ਇਨਸਾਨ ਹਾਂ; ਕੌਣ ਲਾਗੇ ਲੱਗੂ ? ਜਾਦੂਗਰ ਨੇ ਬਿਨਾ ਕਿਸੇ ਖੌਫ ਤੋਂ ਸਾਰੀਆਂ ਭੇਡਾਂ ਨੂੰ ਕੱਟ ਕੇ ਖਾ ਲਿਆ।

ਪ੍ਰੋ. ਸਾਹਿਬ ਸਿੰਘ*

## ਧਰਮ - ਗੁਰੂ ਨਾਨਕ ਦੇਵ ਜੀ ਦ੍ਰਿਸ਼ਟੀਕੋਣ ਤੋਂ


ਧਰਮ ਦੀ ਸੰਸਾਰ ਵਿੱਚ ਬੜੀ ਮਹਿਮਾ ਹੈ। ਧਰਮ ਦਾ ਪਾਲਣ ਕਰਨਾ ਹਰੇਕ ਪ੍ਰਾਣੀ ਵਾਸਤੇ ਜ਼ਰੂਰੀ ਮੰਨਿਆਂ ਗਿਆ ਹੈ। ਕਿਹਾ ਜਾਂਦਾ ਹੈ ਕਿ ਜੇ ਇਹ ਖਤਰੇ ਵਿੱਚ ਪੈ ਜਾਏ, ਇਸ ਵਿੱਚ ਗਿਲਾਨੀ ਆ ਜਾਏ ਤਾਂ ਪਰਮਾਤਮਾ ਨੂੰ ਭੀ ਫਿਕਰ ਪੈ ਜਾਂਦਾ ਹੈ। ਫਿਰ ਇਸ ਦੇ ਬਚਾਵ ਲਈ ਕੋਈ ਉਪਾਉ ਕਰਨਾ ਪੈਂਦਾ ਹੈ। ਭਗਵਤ ਗੀਤਾ ਵਿੱਚ ਸ਼੍ਰੀ ਕ੍ਰਿਸ਼ਨ ਜੀ ਆਖਦੇ ਹਨ-

ਯਦਾ ਯਦਾਇ ਧਰਮਸਯ, ਗਲਾਨਿਰਭਵਤਿ ਭਾਰਤ।  
ਅਭੁਯਤਥਾਨਮ ਧਰਮਸਯ, ਤਦਾਤਮਾਨੰ ਸ੍ਰਿਜਾਮਹਯਮ।  
ਪਰਿਤ੍ਰਾਂਣਯਾਂ ਸਾਧੂਨਾ, ਵਿਨਾਸ਼ਾਯ ਚ ਦੁਸ਼ਕ੍ਰਿਤਾਮ।  
ਧਰਮ ਸੰਸਥਾਪਨਾਰਥਾਯ, ਸੰਭਵਾਮਿ ਯੁਗੇ ਯੁਗੇ।

ਸੰਸਾਰ ਵਿੱਚ 'ਧਰਮੀ ਸਦਾਣ ਵਾਲਿਆਂ' ਦੇ ਅਨੇਕਾਂ ਹੀ ਫ਼ਿਰਕੇ ਤੇ ਮਜ਼ਹਬ ਹਨ। ਸਾਰੇ ਹੀ ਲੋਕ ਆਪੋ ਆਪਣੀ ਸਮਝ ਅਨੁਸਾਰ ਆਪਣੇ ਆਪ ਨੂੰ ਧਰਮੀ ਸਮਝਦੇ ਹਨ। ਪਰ ਰੌਲਾ ਇੱਥੇ ਆ ਕੇ ਪੈਂਦਾ ਹੈ ਜਦੋਂ ਆਪਣੇ ਆਪ ਨੂੰ ਧਰਮੀ ਮੰਨਣ ਵਾਲੇ ਦੂਜਿਆਂ ਨੂੰ ਅਧਰਮੀ ਮੰਨਣ ਲਗਦੇ ਹਨ। ਜਿਸ ਚੀਜ਼ ਤੋਂ ਨਫਰਤ ਹੋਵੇ ਉਸ ਨੂੰ ਮੁਕਾਣ ਲਈ ਯਤਨ ਸ਼ੁਰੂ ਹੋ ਜਾਂਦੇ ਹਨ। ਬੱਸ! ਇੱਥੇ ਆ ਕੇ ਖੱਪ ਪੈ ਜਾਂਦੀ ਹੈ। ਧਰਮੀ ਸਦਾਣ ਵਾਲਿਆਂ ਦੀ ਆਪੋ ਵਿੱਚ ਲੜਾਈ ਸ਼ੁਰੂ ਹੋ ਜਾਂਦੀ ਹੈ, ਸੰਸਾਰ ਦੇ ਅਮਨ-ਸ਼ਾਂਤੀ ਦੇ ਰੂੰ ਵਿੱਚ ਅੱਗ ਦੀ ਚੰਗਿਆੜੀ ਆ ਪੈਂਦੀ ਹੈ।

ਜਗਤ ਵਿੱਚ 'ਧਰਮੀ ਸਦਾਣ ਵਾਲਿਆਂ' ਦੀ ਗਿਣਤੀ ਕਰੋੜਾਂ ਤੇ ਅਰਬਾਂ ਤੱਕ ਪਹੁੰਚੀ ਹੋਈ ਹੈ। ਉਨ੍ਹਾਂ ਦੇ ਲੱਖਾਂ-ਕਰੋੜਾਂ ਰੁਪਇਆਂ ਦੇ ਧਰਮ-ਮੰਦਰ ਬਣੇ ਹੋਏ ਹਨ ਜਿੱਥੇ ਹਰ ਰੋਜ਼ ਨੇਮ ਨਾਲ ਅਣਗਿਣਤ ਲੋਕ ਪੂਜਾ-ਪਾਠ ਕਰਦੇ ਹਨ, ਚੜ੍ਹਾਵੇ ਚੜ੍ਹਾਂਦੇ ਹਨ ਤੇ ਆਪੋ ਆਪਣੇ ਧਰਮ-ਗ੍ਰੰਥਾਂ ਦੇ ਅਖੰਡ ਪਾਠ ਜਾਰੀ ਰਖਦੇ ਹਨ। ਗੁਰਪੁਰਬਾਂ 'ਤੇ ਸਿੱਖਾਂ ਨੂੰ ਗੁਰਦੁਆਰਿਆਂ ਵਿੱਚ, ਈਦਾਂ 'ਤੇ ਮੁਸਲਮਾਨਾਂ ਨੂੰ ਮਸਜਿਦਾਂ ਵਿੱਚ ਤੇ ਪੁਰਬਾਂ ਸਮੇ ਹਿੰਦੂਆਂ ਨੂੰ ਤੀਰਥਾਂ 'ਤੇ ਜਾ ਕੇ ਵੇਖੋ। ਸ਼ਰਧਾਲੂਆਂ ਦੀਆਂ ਭੀੜਾਂ ਆਪਣੇ ਧਰਮਾਂ ਦੀਆਂ ਰਸਮਾਂ ਕਰ ਕਰ ਕੇ ਧਰਮੀ ਬਣਨ ਵਿੱਚ ਜੁਟੀਆਂ ਹੁੰਦੀਆਂ ਹਨ।

**ਜੇ ਧਰਮ ਇਹੋ ਹੋਵੇ ਤਾਂ ਇਸ ਦੇ ਕਮਾਉਣ ਵਿੱਚ ਲੋਕਾਂ ਵਲੋਂ ਕੋਈ ਕਸਰ ਨਹੀਂ ਜਾਪਦੀ। ਫਿਰ ਸੰਸਾਰ ਵਿੱਚ ਅਸ਼ਾਂਤੀ ਕਿਉਂ ਹੈ?** ਹੈਰਾਨੀ ਵਾਲੀ ਗੱਲ ਇਹ ਹੈ ਕਿ ਖ਼ਾਸ ਧਰਮ ਕਮਾਉਣ ਵਾਲੇ ਦਿਹਾੜਿਆਂ- ਈਦ, ਗੁਰਪੁਰਬਾਂ ਜਾਂ ਜਨਮ-ਅਸ਼ਟਮੀ ਨੂੰ ਹੀ ਅਮਨ ਵਧੀਕ ਖਤਰੇ ਵਿੱਚ ਪੈ ਜਾਂਦਾ ਹੈ। ਸਰਕਾਰ ਨੂੰ ਭੀ ਇਸੇ ਹੀ ਵਧੇਰੇ ਫਿਕਰ ਹੁੰਦਾ ਹੈ, ਕਿਉਂਕਿ ਭਰਾਵਾਂ ਦਾ ਖ਼ੂਨ ਡੋਲ੍ਹ ਕੇ ਆਪਣੇ ਮਜ਼ਹਬ ਦੀ ਵਿਸ਼ੇਸ਼ਤਾ ਦਾ ਸਬੂਤ ਦੇਣ ਲਈ ਇਨ੍ਹਾਂ ਹੀ ਦਿਨਾਂ ਵਿੱਚ ਧਰਮ ਦਾ ਜੋਸ਼ ਵਧੀਕ ਉੱਛਲਦਾ ਹੈ। ਇਸ ਹਾਲਤ ਨੂੰ ਵੇਖ ਕੇ ਕੁਦਰਤੀ ਤੌਰ 'ਤੇ ਮਨੁੱਖ ਦੇ ਮਨ ਵਿੱਚ ਵਿਚਾ ਉੱਠਣੀ ਚਾਹੀਦੀ ਹੈ ਕਿ **ਕੀ 'ਧਰਮ' ਇਹੋ ਕੁੱਝ ਹੈ ਜਾਂ ਇਸ ਵਿੱਚ ਕੋਈ ਕੂਣ-ਕਸਰ ਹੈ?**



ਪੰਦਰਵ੍ਹੀ ਸਦੀ ਵਿੱਚ ਜਦੋਂ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ, ਉਸ ਸਮੇ ਭੀ ਮਜ਼ਹਬਾਂ ਦਾ ਜ਼ੋਰ ਘੱਟ ਨਹੀਂ ਸੀ। ਮਜ਼ਹਬੀ ਰਸਮਾਂ ਕਮਾਉਣ ਤੇ ਪੁਰਬ ਮਨਾਉਣ ਵਿੱਚ ਸ਼ਰਧਾਲੂਆਂ ਦਾ ਇਹੋ ਜਿਹਾ ਹੀ ਜੋਸ਼ ਸੀ। ਸੰਤਾਂ-ਸਾਧਾਂ, ਜੋਗੀਆਂ, ਸਤੀਆਂ, ਸੰਨਿਆਸੀਆਂ, ਪੀਰਾਂ-ਫਕੀਰਾਂ ਦੀ ਗਿਣਤੀ ਲੱਖਾਂ ਤੱਕ ਅੱਪੜੀ ਹੋਈ ਸੀ, ਜੋ ਸੰਸਾਰ ਵਿੱਚ ਕੇਵਲ ਧਰਮ-ਪ੍ਰਚਾਰ ਲਈ ਘੁੰਮਦੇ ਫਿਰਦੇ ਸਨ।

ਹਿੰਦੁਸਤਾਨ ਵਿੱਚ ਭੀ ਤੇ ਹੋਰ ਦੇਸ਼ਾਂ ਵਿੱਚ ਭੀ ਧਰਮ-ਪ੍ਰਚਾਰ ਲਈ ਤਲਵਾਰਾਂ ਸੂਤ ਕੇ ਚੜ੍ਹਾਈਆਂ ਹੁੰਦੀਆਂ ਸਨ। ਦੂਜੇ ਮਤਾਂ ਦੇ ਧਰਮ-ਅਸਥਾਨਾਂ ਨੂੰ ਬਰਬਾਦ ਕਰ ਕੇ, ਉਨ੍ਹਾਂ ਨੂੰ ਲੁੱਟ ਕੇ, ਉਨ੍ਹਾਂ ਦੀਆਂ ਇਸਤ੍ਰੀਆਂ-ਬੱਚਿਆਂ ਨੂੰ ਬੇਦਰਦੀ ਨਾਲ ਕਤਲ ਕਰ ਕੇ ਜਾਂ ਪਸ਼ੂਆਂ ਵਾਂਗ ਵੇਚ-ਵੱਟ ਕੇ ਫ਼ਖ਼ਰ ਕੀਤਾ ਜਾਂਦਾ ਸੀ ਕਿ ਅਸਾਂ ਆਪਣੇ ਧਰਮ ਦਾ ਪ੍ਰਚਾਰ ਕੀਤਾ ਹੈ, ਦੀਨ ਦਾ ਵਾਧਾ ਕੀਤਾ ਹੈ ਤੇ ਸਾਡੇ ਵਾਸਤੇ ਹੁਣ ਬਹਿਸ਼ਤਾਂ ਦੇ ਦਰਵਾਜ਼ੇ ਖੁਲ੍ਹ ਜਾਣਗੇ। ਭਾਈ ਗੁਰਦਾਸ ਜੀ ਨੇ ਇਨ੍ਹਾਂ ਹਾਲਾਤਾਂ ਨੂੰ ਇਸ ਪ੍ਰਕਾਰ ਬਿਆਨ ਕੀਤਾ ਹੈ-

ਭਈ ਗਿਲਾਨਿ ਜਗਤ ਵਿਚਿ, ਚਾਰਿ ਵਰਨ ਆਸ਼੍ਰਮ ਉਪਾਏ।।  
ਦਸ ਨਾਮ ਸੰਨਿਆਸੀਆਂ, ਜੋਗੀ ਬਾਰਹ ਪੰਥ ਚਲਾਏ।।  
ਜੰਗਮ ਅਤੇ ਸਰੇਵੜੇ, ਦਗੇ ਦਿਗੰਬਰ ਵਾਦ ਕਰਾਏ।।  
ਬ੍ਰਾਹਮਣ ਬਹੁ ਪਰਕਾਰ ਕਰਿ, ਸ਼ਾਸਤ੍ਰ ਵੇਦ ਪੁਰਾਣ ਲੜਾਏ।।  
ਖਟ ਦਰਸਨ ਬਹੁ ਵੈਰ ਕਰਿ, ਨਾਲਿ ਛਤੀਸ ਪਖੰਡ ਚਲਾਏ।।

**ਗੁਰੂ ਨਾਨਕ ਦੇਵ ਜੀ ਦੇ ਵਚਨ ਹਨ-**

ਕਲਿ ਕਾਤੀ, ਰਾਜੇ ਕਸਾਈ, ਧਰਮ ਪੰਖ ਕਰਿ ਉਡਰਿਆ।।  
ਕੂੜ ਅਮਾਵਸ, ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ।।

ਵਿਚਾਰਨ ਵਾਲੀ ਗੱਲ ਹੈ ਕਿ **ਧਰਮ ਹੈ ਕੀ?** ਗੁਰੂ ਨਾਨਕ ਦੇਵ ਜੀ ਨੇ ਸੱਚੇ ਧਰਮ ਦੀ ਵਿਆਖਿਆ ਇਉਂ ਕੀਤੀ ਹੈ-

ਧੌਲੁ ਧਰਮੁ, ਦਇਆ ਕਾ ਪੂਤੁ।।

ਭਾਵ, ਧਰਮ ਉਸ ਜਜ਼ਬੇ ਦਾ ਨਾਮ ਹੈ ਜੋ ਕਿਸੇ ਦੁਖੀ ਮਜ਼ਲੂਮ ਨੂੰ ਵੇਖ ਕੇ ਮਨੁੱਖੀ ਦਿਲ ਵਿੱਚ ਪੈਦਾ ਹੁੰਦਾ ਹੈ। ਇਹੋ ਜਜ਼ਬਾ ਸਾਰੀ ਸ੍ਰਿਸ਼ਟੀ ਦਾ ਸਹਾਰਾ ਹੈ। ਇਹੋ ਜਜ਼ਬਾ ਦੁਖੀਆਂ ਮਜ਼ਲੂਮਾਂ ਦੀ ਸਹਾਇਤਾ ਕਰਵਾਉਂਦਾ ਹੈ ਤੇ ਕੁਰਬਾਨੀਆਂ ਦੇ ਇਤਿਹਾਸ ਬਣਾਉਂਦਾ ਹੈ। ਜਦੋਂ ਕੋਈ ਜ਼ਾਲਮ, ਕੋਈ

ਅਨਿਆਈ ਕਿਸੇ ਗਰੀਬ 'ਤੇ ਜ਼ੁਲਮ ਕਰ ਰਿਹਾ ਹੋਵੇ, ਧੱਕਾ ਕਰ ਰਿਹਾ ਹੋਵੇ, ਕਿਸੇ ਦੀ ਕਮਾਈ ਖੋਹ ਰਿਹਾ ਹੋਵੇ ਤਾਂ ਸੱਚੇ ਧਰਮ ਦੇ ਚਮਕਣ ਦਾ ਸਮਾਂ ਆਉਂਦਾ ਹੈ। ਜਿਨ੍ਹਾਂ ਹਿਰਦਿਆਂ ਵਿੱਚ ਅਜਿਹੇ ਸਮੇ ਜ਼ੁਲਮ ਅਨਿਆਇ ਤੇ ਧੱਕੇ ਦੇ ਵਿਰੁੱਧ ਜੋਸ਼ ਪੈਦਾ ਹੁੰਦਾ ਹੈ, ਕੁਰਬਾਨੀ ਲਈ ਉਬਾਲ ਉੱਠਦਾ ਹੈ, ਉਹ ਹਿਰਦੇ ਧਰਮੀ ਤੇ ਦਇਆਵਾਨ ਹੁੰਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਵੱਡਾ ਕੰਮ ਹਿੰਦੁਸਤਾਨ ਦੀ ਧਾਰਮਿਕ ਦੁਨੀਆਂ ਵਿੱਚ ਕੀਤਾ, ਉਹ ਇਹ ਸੀ ਕਿ ਲੋਕ ਧਰਮ ਦੇ ਅਸੂਲਾਂ ਨੂੰ ਨਿਰਾ ਦਿਮਾਗੀ ਮਨੌਤ ਤੱਕ ਹੀ ਮਹਿਦੂਦ ਨਾ ਰੱਖਣ, ਸਗੋਂ ਉਨ੍ਹਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾਉਣ। ਸਤਿਗੁਰੂ ਜੀ ਦੀਆਂ ਨਜ਼ਰਾਂ ਵਿਚ ਧਾਰਮਿਕ ਜ਼ਿੰਦਗੀ ਕਿਸੇ ਲਿਬਾਸ, ਸ਼ਲਕ ਜਾਂ ਪੈਸੇ ਨਾਲ ਸਬੰਧ ਨਹੀਂ ਰਖਦੀ। ਜਿੱਥੇ ਭੀ ਤੁਸੀਂ ਹੋਵੋ, ਉੱਥੋਂ ਹੀ ਧਾਰਮਿਕ ਅਸੂਲਾਂ ਨੂੰ ਜ਼ਿੰਦਗੀ ਵਿਚ ਵਰਤੋ। ਇਹ ਗੱਲ ਉਨ੍ਹਾਂ ਨੇ ਜੋਗੀਆਂ, ਮੁਸਲਮਾਨ ਫਕੀਰਾਂ ਤੇ ਹੋਰ ਅੱਡ ਅੱਡ ਫ਼ਿਰਕਿਆਂ ਦੇ ਆਗੂਆਂ ਨਾਲ ਵਿਚਾਰ ਕਰ ਕੇ ਬਹੁਤ ਚੰਗੀ ਤਰ੍ਹਾਂ ਪ੍ਰਗਟ ਕਰ ਦਿੱਤੀ।

ਜਦੋਂ ਗੁਰੂ ਜੀ ਸੁਮੇਰ ਪਰਬਤ 'ਤੇ ਸਿੱਧਾਂ ਨੂੰ ਮਿਲੇ ਤਾਂ ਉਨ੍ਹਾਂ ਨੂੰ ਸਮਝਾਇਆ ਕਿ ਤੁਸੀਂ ਲੋਕ ਜਿਨ੍ਹਾਂ ਕਾਮਯਾਬੀ ਹਾਸਲ ਕੀਤੀ ਸੀ, ਦੁਨੀਆਂ ਵਿੱਚ ਰਹਿ ਕੇ ਨਮੂਨਾ ਬਣਦੇ। ਪਰ ਤੁਸੀਂ ਤਾਂ ਪਹਾੜਾਂ ਵਿੱਚ ਲੁਕ ਕੇ ਬੈਠ ਗਏ ਤੇ ਹੁਣ ਉੱਥੇ ਆਗੂ ਅਗਿਆਨੀ ਰਹਿ ਗਏ ਹਨ, ਜਿਨ੍ਹਾਂ ਨੇ ਧਰਮ ਨੂੰ ਬਾਹਰਲੇ ਭੇਖ ਤੱਕ ਮਹਿਦੂਦ ਕਰ ਦਿੱਤਾ ਹੈ।

ਸਤਿਗੁਰੂ ਜੀ ਦੀਆਂ ਨਜ਼ਰਾਂ ਵਿੱਚ 'ਤਿਆਗ' ਇਹ ਨਹੀਂ ਸੀ ਕਿ ਕਿਰਤ-ਕਾਰ ਕਰਨੀ ਛੱਡ ਦਿਉ। **ਕਿਰਿਆ ਵਿੱਚੋਂ ਖ਼ੁਦਗਰਜ਼ੀ ਨੂੰ ਮਿਟਾਉਣਾ ਤਿਆਗ ਹੈ।** ਆਮ ਤੌਰ 'ਤੇ ਮਨੁੱਖ ਜਿਤਨੀ ਕਿਰਿਆ ਕਰਦਾ ਹੈ, ਉਸ ਦੀ ਤਹਿ ਹੇਠਾਂ ਗੁਪਤ ਜਾਂ ਪ੍ਰਗਟ ਖ਼ੁਦਗਰਜ਼ੀ ਹੁੰਦੀ ਹੈ। ਉਸ ਦਾ ਨਤੀਜਾ ਹੋਰਨਾਂ ਵਾਸਤੇ ਵੈਰ-ਵਿਰੋਧ ਨਿਕਲਦਾ ਹੈ। ਜੇ ਕਿਰਿਆ ਦੀ ਨੀਂਹ ਖ਼ੁਦਗਰਜ਼ੀ ਨਾ ਹੋਵੇ ਤਾਂ ਵੈਰ-ਵਿਰੋਧ ਦੀ ਥਾਂ ਲੋਕਾਂ ਦਾ ਪਿਆਰ ਤੇ ਆਦਰ ਉਸਿ ਦੇ ਹਿੱਸੇ ਆਵੇ। ਸਿੱਖ ਧਰਮ ਦੀ ਬੋਲੀ ਵਿੱਚ ਅਸੀਂ ਇਸ ਨੂੰ 'ਸੇਵਾ' ਆਖਦੇ ਹਾਂ। ਇਹ ਸੇਵਾ, ਦੂਜਿਆਂ ਦੀ ਭਲਾਈ ਲਈ ਉੱਦਮ ਗੁਰਸਿੱਖ ਦੀ ਖ਼ੁਰਾਕ ਹੈ।

*( ਇਹ ਲੇਖ ਗੁਰਮਤਿ ਦੇ ਮਹਾਨ ਵਿਦਵਾਨ ਸਵ.ਪ੍ਰੋਫੈਸਰ ਸਾਹਿਬ ਸਿੰਘ ਜੀ ਦੀ ਪੁਸਤਕ- 'ਬਾਬਾਣੀਆਂ ਕਹਾਣੀਆਂ' ਵਿੱਚੋਂ ਲਿਆ ਗਿਆ ਹੈ।)

❋ ❋ ❋ ❋ ❋

### ਮਾਂ ਬੋਲੀ ਪੰਜਾਬੀ

ਜਿਹੜੇ ਆਖਣ ਵਿੱਚ ਪੰਜਾਬੀ,
ਵੁਅਸਤ ਨਹੀਂ, ਤਹਿਜ਼ੀਬ ਨਹੀਂ।
ਪੜ੍ਹ ਕੇ ਵੇਖਣ ਵਾਰਸ, ਬੁੱਲਾ
ਬਾਹੂ ਲਾਲ ਪੰਜਾਬੀ ਦਾ''

–ਬਾਬਾ ਨਜ਼ਮੀ

## ਨਜ਼ਰ ਲੱਗੀ ਪੰਜਾਬ ਨੂੰ

ਗੁਲਾਬ ਦੇ ਫੁੱਲ ਵਰਗਾ ਪੰਜਾਬ ਗੰਭੀਰ ਸਮਾਜਿਕ ਬਿਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ। ਇੱਥੋਂ ਦੇ ਰਾਜ-ਪ੍ਰਬੰਧ ਦੀ ਅਣਗਹਿਲੀ ਅਤੇ ਸ਼ਾਇਦ ਮਿਲੀਭੁਗਤ ਕਾਰਨ ਨੌਜਵਾਨੀ ਨਸ਼ਿਆਂ ਵਿੱਚ ਡੁੱਬ ਰਹੀ ਹੈ, ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ ਅਤੇ ਪੜ੍ਹੇ-ਲਿਖੇ ਵਿਦੇਸ਼ਾਂ ਨੂੰ ਭੱਜ ਰਹੇ ਹਨ। ਹੁਣ ਇੱਕ ਨਵੀਂ ਬਿਮਾਰੀ ਨੇ ਸਮਾਜ ਨੂੰ ਖੋਖਲਾ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਹੈ- ਵਿਆਹਾਂ ਦੇ ਤੋੜ-ਵਿਛੋੜੇ। ਇੱਕ ਰਿਪੋਰਟ ਅਨੁਸਾਰ ਪੰਜਾਬ ਵਿੱਚ ਕੁੱਲ ਅਦਾਲਤੀ ਮੁਕੱਦਮਿਆਂ ਵਿੱਚੋਂ 14.65% ਕੇਸ ਪਰਿਵਾਰਕ ਝਗੜਿਆਂ ਦੇ ਹਨ ਜੋ ਕਿ ਭਾਰਤ ਵਿੱਚ ਸਭ ਤੋਂ ਵੱਧ ਹਨ। ਪੰਜਾਬ ਦਾ ਮੋਗਾ ਜ਼ਿਲ੍ਹਾ 21.76% ਨਾਲ ਦੇਸ਼ ਭਰ ਵਿੱਚੋਂ ਅੱਵਲ ਹੈ। ਇਸ ਸਬੰਧੀ ਦੇਸ਼ ਦੀ ਔਸਤ 6.12% ਹੈ ਜਦੋਂਕਿ ਗੁਆਂਢੀ ਸੂਬਿਆਂ ਹਰਿਆਣਾ ਦੀ 10.95% ਅਤੇ ਰਾਜਸਥਾਨ ਦੀ 7.21% ਹੈ। ਬੜੀ ਹੈਰਾਨੀ ਦੀ ਗੱਲ ਹੈ ਕਿ ਹਿਮਾਚਲ ਪ੍ਰਦੇਸ਼, ਆਂਧਰਾ ਪ੍ਰਦੇਸ਼ ਅਤੇ ਕੇਰਲ ਵਿੱਚ ਪਰਿਵਾਰਕ ਝਗੜਿਆਂ ਦੇ ਕੇਸ 1% ਤੋਂ ਵੀ ਘੱਟ ਹਨ। ਇਸ ਤੋਂ ਜਾਪਦਾ ਹੈ ਕਿ ਪੰਜਾਬੀ ਸਿਹਤ, ਸਿੱਖਿਆ ਅਤੇ ਖੇਡਾਂ ਵਿੱਚ ਤਾਂ ਭਾਵੇਂ ਪਛੜ ਰਹੇ ਹਨ ਪਰ ਹੈਕੜਬਾਜ਼ੀ ਅਤੇ ਅਸਹਿਨਸ਼ੀਲਤਾ ਵਿੱਚ ਦੂਜਿਆਂ ਤੋਂ ਬਹੁਤ ਅੱਗੇ ਹਨ। ਪੰਜਾਬ ਦੀ ਇਹ ਸਥਿਤੀ ਬਹੁਤ ਨਮੋਸ਼ੀ ਅਤੇ ਚਿੰਤਾ ਵਾਲੀ ਹੈ। ਕੁਛ ਕਰੋ।

❋ ❋ ❋ ❋ ❋

### ਵਧਾਈਆਂ

**ਸ. ਕਮਲਦੀਪ ਸਿੰਘ ਸੈਣੀ** ਪੁੱਤਰ ਸ. ਪ੍ਰੀਤਮ ਸਿੰਘ ਸੈਣੀ, **ਪੰਜਾਬ ਸਮਾਲ ਸਕੇਲ ਇੰਡਸਟ੍ਰੀਜ਼ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ** ਨਿਯੁਕਤ ਹੋਏ ਹਨ। ਆਪ ਰੂਪਨਗਰ ਜ਼ਿਲ੍ਹੇ ਵਿੱਚ ਪਿੰਡ ਬਹਿਰਾਮਪੁਰ ਬੇਟ ਦੇ ਮੁਢਲੇ ਵਸਨੀਕ ਅਤੇ ਸਮਾਜਸੇਵੀ ਹਨ।

**ਸ. ਹਰਜੀਤ ਸਿੰਘ ਲੌਂਗੀਆ**, ਪਿੰਡ ਸਿੰਘ-ਭਗਵੰਤਪੁਰਾ ਜ਼ਿਲ੍ਹਾ ਰੂਪਨਗਰ ਨੂੰ **ਬਹੁਜਨ ਸਮਾਜ ਪਾਰਟੀ ਪੰਜਾਬ ਦੇ ਉਪ-ਪ੍ਰਧਾਨ** ਦਾ ਮਾਣਮੱਤਾ ਅਹੁਦਾ ਮਿਲਿਆ ਹੈ। ਆਪ ਸੈਣੀ ਬਰਾਦਰੀ ਦੇ ਸਿਰਕੱਢ ਆਗੂ ਅਤੇ ਸਮਾਜਸੇਵੀ ਹਨ।

**ਸ਼੍ਰੀਮਤੀ ਕਮਲਜੀਤ ਕੌਰ** ਪਤਨੀ ਸ. ਜਰਨੈਲ ਸਿੰਘ ਕਾਬੜਵਾਲ ਨਿਵਾਸੀ ਰੂਪਨਗਰ, **ਬਲਾਕ ਸੰਮਤੀ ਦੇ ਉਪ-ਚੇਅਰਪਰਸਨ** ਚੁਣੇ ਗਏ ਹਨ। ਆਪ ਜਾਣੇ-ਪਛਾਣੇ ਸਮਾਜ ਸੇਵੀ ਅਤੇ ਸੈਣੀ ਭਵਨ ਰੂਪਨਗਰ ਦੇ ਹਿਤੈਸ਼ੀ ਹਨ।

**ਸ. ਦਵਿੰਦਰ ਸਿੰਘ** ਪੁੱਤਰ ਸ. ਹਰਦਿਆਲ ਸਿੰਘ ਵਾਸੀ ਲਸਾੜਾ ਜ਼ਿਲ੍ਹਾ ਜਲੰਧਰ, **ਬਲਾਕ ਸੰਮਤੀ ਫਲੌਰ ਦੇ ਚੇਅਰਮੈਨ** ਚੁਣੇ ਗਏ ਹਨ। ਆਪ ਸੁਹਿਰਦ ਸਮਾਜਸੇਵੀ ਅਤੇ ਕਾਂਗਰਸ ਪਾਰਟੀ ਦੇ ਵਫ਼ਾਦਾਰ ਹਨ।

ਕਹਾਣੀ



# ਅਜ਼ਮਾਇਸ਼ੀ ਸਮਾਂ

**ਡਾ. ਅਜਮੇਰ ਸਿੰਘ**
ਸੈਣੀ ਭਵਨ ਰੂਪਨਗਰ

ਧਰਤੀ ਦੇ ਜੀਵਾਂ ਦੀਆਂ ਸਮੱਸਿਆਵਾਂ ਵਿੱਚ ਵਾਧਾ ਹੋ ਰਿਹਾ ਸੀ। ਇਸ ਲਈ ਜੀਵ-ਕਮੇਟੀ ਨੇ ਇੱਕ ਡੈਲੀਗੇਟ ਅਜਲਾਸ ਕਰਨ ਦਾ ਫੈਸਲਾ ਕੀਤਾ। ਦਿਨ ਨਿਯਤ ਕਰ ਲਿਆ ਗਿਆ। ਸਾਰੀਆਂ ਜੀਵ-ਨਸਲਾਂ ਦੇ ਮੁਖੀਆਂ ਨੂੰ ਸੰਦੇਸ਼ੇ ਭੇਜੇ ਗਏ। ਸਾਰਿਆਂ ਵਿੱਚ ਬੜਾ ਉਤਸ਼ਾਹ ਸੀ। ਮਨੁੱਖ ਨੇ ਸੱਦਾ ਸਵੀਕਾਰ ਨਾ ਕੀਤਾ; ਅਖੇ, " ਮੈਂ ਤਾਂ ਹੁਣ ਤੁਹਾਡੇ ਸਮਾਜ ਦਾ ਮੈਂਬਰ ਹੀ ਨਹੀਂ। ਇਹ ਮੈਂਬਰਸ਼ਿਪ ਤਾਂ ਮੈਂ ਕਈ ਸਦੀਆਂ ਪਹਿਲਾਂ ਛੱਡ ਦਿੱਤੀ ਸੀ।ਕਿੱਥੇ ਤੁਸੀਂ ਉਜੱਡ, ਰੂੜ੍ਹੀਵਾਦੀ ਤੇ ਲਾਚਾਰ ਅਤੇ ਕਿੱਥੇ ਮੈਂ ਦਿਮਾਗੀ, ਤਰੱਕੀਪਸੰਦ ਅਤੇ ਤਾਕਤਵਰ। ਮੇਰਾ ਤੁਹਾਡੇ ਨਾਲ ਕੋਈ ਮੇਲ ਨਹੀਂ"। ਅਜਲਾਸ ਸ਼ੁਰੂ ਹੋਇਆ। ਡੈਲੀਗੇਟਾਂ ਦੀ ਗਿਣਤੀ ਬਹੁਤ ਘੱਟ ਸੀ। ਪ੍ਰਬੰਧਕਾਂ ਨੂੰ ਨਿਰਾਸ਼ਤਾ ਹੋਈ। ਜੀਵਾਂ ਦੇ ਆਪਸੀ ਛੋਟੇ-ਮੋਟੇ ਮਸਲੇ ਸਹਿਮਤੀ ਨਾਲ ਹਲ ਕਰ ਲਏ ਗਏ। ਪਰ ਘੱਟ ਹਾਜ਼ਰੀ ਦਾ ਮਸਲਾ ਗੰਭੀਰ ਸੀ। ਇਸ ਦਾ ਕਾਰਨ ਪਤਾ ਕਰਨ ਲਈ ਇੱਕ ਸਬ-ਕਮੇਟੀ ਬਣਾਈ ਗਈ। ਇਸ ਕਮੇਟੀ ਨੇ ਬੜੀ ਮਿਹਨਤ ਨਾਲ ਭਿੰਨ ਭਿੰਨ ਜੀਵ-ਨਸਲਾਂ ਸਮੇਤ ਮਨੁੱਖ ਦੇ ਮੈਂਬਰਾਂ ਦੀ ਗਿਣਤੀ ਦੇ ਅੰਕੜੇ ਇਕੱਠੇ ਕੀਤਾ। ਸਿੱਟਾ ਹੈਰਾਨੀਜਨਕ ਸੀ। ਕਈ ਜੀਵ ਨਸਲਾਂ ਦਾ ਕੋਈ ਵੀ ਮੈਂਬਰ ਨਹੀਂ ਸੀ ਬਚਿਆ ਤੇ ਕਈ ਲੁਪਤ ਹੋਣ ਕਿਨਾਰੇ ਸਨ ਜਦੋਂ ਕਿ ਮਨੁੱਖਾਂ ਦੀ ਗਿਣਤੀ ਸੈਕੜੇ ਗੁਣਾ ਵਧ ਗਈ ਸੀ। ਜੀਵਾਂ ਦੀ ਗਿਣਤੀ ਵਿੱਚ ਇਹ ਵਿਗਾੜ ਖਤਰਨਾਕ ਹਾਲਾਤ ਦਾ ਸੂਚਕ ਸੀ। ਸਾਰੇ ਜੀਵ ਚਿੰਤਤ ਹੋਏ। ਸ਼ੱਕ ਦੀ ਸੂਈ ਮਨੁੱਖ ਵੱਲ ਸੀ। ਇਸ ਸਬੰਧੀ ਜੀਵਾਂ ਵਿੱਚ ਘੁਸਰ-ਮੁਸਰ ਵੀ ਹੋਈ ਪਰ ਕੋਈ ਵੀ ਅੱਗੇ ਆ ਕੇ ਸਿਰ ਪੜਵਾਉਣ ਨੂੰ ਤਿਆਰ ਨਹੀਂ ਸੀ। ਡਾਢੇ ਨਾਲ ਕੌਣ ਮੱਥਾ ਲਾਵੇ। ਇਸ ਲਈ ਮਸਲੇ ਨੂੰ ਰੱਬ ਦੀ ਦਰਗਾਹ ਵਿੱਚ ਲਿਜਾਣ ਦਾ ਫੈਸਲਾ ਹੋਇਆ।

ਰੱਬ ਨੇ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਲਿਆ। ਉਸ ਨੇ ਤੁਰੰਤ ਅਦਾਲਤ ਲਾਈ। ਇਸ ਮਸਲੇ ਸਬੰਧੀ ਆਪਣਾ ਆਪਣਾ ਪੱਖ ਪੇਸ਼ ਕਰਨ ਲਈ ਸ਼ਿਕਾਇਤਕਰਤਾ ਜੀਵ-ਕਮੇਟੀ ਦੇ ਮੈਂਬਰਾਂ, ਤਾਕਤਵਰ ਤੇ ਬਾਗੀ ਜੀਵ-ਮਨੁੱਖ, ਜੀਵਾਂ ਦੀ ਭਲਾਈ ਤੇ ਸੁਰੱਖਿਆ ਲਈ ਜ਼ਿੰਮੇਵਾਰ- ਸੂਰਜ, ਧਰਤੀ, ਹਵਾ ਤੇ ਪਾਣੀ ਨੂੰ ਸੰਮਣ ਭੇਜੇ ਗਏ। ਜਦੋਂ ਮਨੁੱਖ ਨੂੰ ਪਤਾ ਲੱਗਾ ਕਿ ਉਸ ਵਿਰੁੱਧ ਇਹ ਸ਼ਿਕਾਇਤ ਨਾਸਮਝ ਤੇ ਨਿਮੂਝਣੇ ਜਿਹੇ ਜੀਵਾਂ ਨੇ ਕੀਤੀ ਹੈ ਤਾਂ ਉਹ ਗੁੱਸੇ ਵਿੱਚ ਕੱਪੜਿਆਂ ਤੋਂ ਬਾਹਰ ਹੋ ਗਿਆ। ਉਸ ਨੂੰ ਭੁੱਲ ਹੀ ਗਿਆ ਕਿ ਇਹ ਸੰਮਣ ਸਰਬਸ਼ਕਤੀਮਾਨ ਰੱਬ ਦੇ ਹਨ। ਝੱਗ ਛੱਡਦਿਆਂ ਉਹ ਬੁੜਬੁੜਾਇਆ, " ਇਨ੍ਹਾਂ ਸ਼ਿਕਾਇਤਕਰਤਾ ਜੀਵਾਂ ਵਿੱਚੋਂ ਕੋਈ ਵੀ ਇਹ ਨੂੰ ਮੰਨਣ ਲਈ ਤਿਆਰ ਨਹੀਂ। ਕੋਈ ਜੀਵ ਇਸ ਦੀ ਪੂਜਾ ਨਹੀਂ ਕਰਦਾ। ਮੈਂ ਇਸ ਦੇ ਪੂਜਾ-ਸਥਾਨ ਬਣਾਏ ਹਨ। ਇਸ ਦੀ ਵਡਿਆਈ ਵਿੱਚ ਧਰਮ-ਗ੍ਰੰਥ ਲਿਖੇ। ਰੋਜ਼ ਇਸ ਦਾ ਨਾਮ ਜਪਦਾ ਹਾਂ। ਪੂਜਾ-ਪਾਠ ਕਰਵਾਉਂਦਾ ਹਾਂ। ਮੇਰੇ ਕਰ ਕੇ ਹੀ ਇਹ ਸ੍ਰਿਸ਼ਟੀ ਵਿੱਚ ਜਾਣਿਆਂ ਜਾਂਦਾ ਹੈ। ਮੇਰੀ ਬਿੱਲੀ ਮੈਨੂੰ ਮਿਆਉਂ। ਮੈਂ ਨੀ ਮੰਨਦਾ ਕਿਸੇ ਨੂੰ "। ਮਨੁੱਖ ਨੇ ਸੰਮਣ ਰਿਸੀਵ ਨਾ ਕੀਤੇ। ਰੱਬ, ਮਨੁੱਖ ਦੀ ਬੇਵਕੂਫੀ 'ਤੇ ਮੁਸਕਰਾਇਆ ਅਤੇ ਆਪਣੇ ਮਾਰਸ਼ਲਾਂ ਨੂੰ ਹੁਕਮ ਕੀਤਾ ਕਿ ਮਨੁੱਖ ਨੂੰ ਹੱਥਕੜੀ ਲਾ ਕੇ ਲਿਆਂਦਾ ਜਾਵੇ। ਹੁਕਮ ਦੀ ਤਾਮੀਲ ਹੋਈ।

ਜੀਵ-ਕਮੇਟੀ ਦੇ ਮੈਂਬਰ ਹੱਥ ਜੋੜ ਕੇ ਰੱਬ ਅੱਗੇ ਪੇਸ਼ ਹੋਏ ਅਤੇ ਸਾਰੇ ਮਸਲੇ ਨੂੰ ਜ਼ੁਬਾਨੀ ਦੁਹਰਾਇਆ। ਸੂਰਜ ਨੇ ਹਲੀਮੀ ਨਾਲ ਸਿਰ ਝੁਕਾਇਆ ਤੇ ਬਿਆਨ ਦਿੱਤਾ, " ਮਹਾਰਾਜ ਮੇਰਾ ਕੰਮ ਹੈ ਜੀਵਾਂ ਨੂੰ ਪ੍ਰਕਾਸ਼ ਤੇ ਰੋਸ਼ਨੀ ਦੇਣੀ। ਇਹ ਕੰਮ ਮੈਂ ਪੂਰੀ ਇਮਾਨਦਾਰੀ ਤੇ ਨਿਰਸਵਾਰਥ ਕਰ ਰਿਹਾ ਹਾਂ। ਇਹ ਕਾਰਜ ਕਰਦਿਆਂ ਮੈਂ ਜੀਵ ਦੀ ਨਸਲ, ਤਾਕਤ ਤੇ ਅਕਲ ਦਾ ਕੋਈ ਧਿਆਨ ਨਹੀਂ ਕਰਦਾ। ਮੈਂ ਬਨਸਪਤੀ ਰਾਹੀਂ ਸਭ ਨੂੰ ਤਾਕਤ ਦਿੰਦਾ ਹਾਂ। ਜੇ ਕੋਈ ਤਾਕਤਵਰ ਜੀਵ ਮੇਰੀ ਉਰਜਾ ਦੀ ਗਲਤ ਵਰਤੋਂ ਕਰ ਕੇ ਦੂਜੇ ਜੀਵਾਂ ਨੂੰ ਨੁਕਸਾਨ ਪਹੁੰਚਾਏ ਤਾਂ ਭਲਾ ਮੇਰਾ ਇਸ ਵਿੱਚ ਕੀ ਕਸੂਰ ਹੈ? ਮੈਂ ਕਿਸੇ ਜੀਵ ਦੀ ਨਸਲ ਨੂੰ ਖਤਮ ਕਰਨ ਦਾ ਜ਼ਿੰਮੇਵਾਰ ਨਹੀਂ ਹਾਂ"। ਧਰਤੀ ਨੇ ਨਮਸਕਾਰ ਕੀਤਾ ਤੇ ਨਿਮਰਤਾ ਨਾਲ ਬੇਨਤੀ ਕੀਤੀ, " ਮੇਰੇ ਮਾਲਕ! ਸਾਰੇ ਜੀਵ ਮੇਰੇ ਪੁੱਤਰ-ਪੁੱਤਰੀਆਂ ਹਨ। ਮੈਂ ਸਭ ਨੂੰ ਗੋਦ ਵਿੱਚ ਖਿਡਾਉਂਦੀ ਹਾਂ। ਮੇਰੇ ਸਾਰੇ ਖਣਿਜ ਤੇ ਬਨਸਪਤੀ ਸਭ ਲਈ ਹੈ। ਮੈਨੂੰ ਆਪਣੇ ਪਿਆਰੇ ਜੀਵਾਂ ਦੇ ਲੁਪਤ ਹੋਣ ਦਾ ਬਹੁਤ ਦੁੱਖ ਹੈ ਪਰ ਮੈਂ ਬੇਬਸ ਹਾਂ, ਕੁੱਝ ਕਰ ਨਹੀਂ ਸਕਦੀ। ਹੁਣ ਮਨੁੱਖ ਨੇ ਆਪਣੀ ਬੇਲੋੜੀ ਲਾਲਸਾ ਹਿਤ ਮੇਰੇ ਬਹੁਤੇ ਹਿੱਸੇ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ ਹੈ ਜਿਸ ਨਾਲ ਦੂਜੇ ਬੇਜ਼ੁਬਾਨ ਤੇ ਲਾਚਾਰ ਜੀਵਾਂ ਦੇ ਟਿਕਾਣੇ ਨਸ਼ਟ ਹੋ ਰਹੇ ਹਨ। ਮਮਤਾ ਵਸ ਮੈਂ ਤਾਂ ਆਪਣੇ ਇਸ ਲਾਲਚੀ ਪੁੱਤਰ ਨੂੰ ਵੀ ਨਹੀਂ ਝਿੜਕਦੀ ਅਤੇ ਨਾ ਹੀ ਉਸ ਨਾਲ ਕੋਈ ਵਿਤਕਰਾ ਕਰਦੀ ਹਾਂ"। ਹਵਾ ਨੇ ਆਪਣੇ ਆਪ ਨੂੰ ਨਿਰਦੋਸ਼ ਦੱਸਦਿਆਂ ਕਿਹਾ, ' ਮੇਰੇ ਪਰਵਦਗਾਰ! ਮੈਂ ਮੁੱਢਕਦੀਮ ਤੋਂ ਆਪ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸਾਰੇ ਜੀਵਾਂ ਨੂੰ ਜੀਵਨ-ਦਾਨ, ਆਕਸੀਜਨ ਦੇ ਰਹੀ ਹਾਂ। ਮੈਂ ਨਿਰੰਤਰ ਗਤੀਸ਼ੀਲ ਹਾਂ। ਮੇਰੇ ਲਈ ਸਾਰੇ ਜੀਵ ਬਰਾਬਰ ਹਨ। ਮੈਂ ਜਿਸੇ ਜੀਵ ਨੂੰ ਨਾਸ਼ ਕਰਨ ਬਾਰੇ ਸੋਚ ਵੀ ਨਹੀ ਸਕਦੀ। ਕੁੱਝ ਸਮੇਂ ਤੋਂ ਮੇਰੇ 'ਤੇ

ਗੰਦੀ ਹੋਣ ਦੇ ਇਲਜ਼ਾਮ ਲੱਗਣ ਲੱਗੇ ਹਨ ਪਰ ਇਸ ਵਿੱਚ ਮੇਰਾ ਕੋਈ ਕਸੂਰ ਨਹੀਂ। ਮਨੁੱਖ ਨੇ ਆਪਣੀ ਐਸ਼ਪ੍ਰਸਤੀ ਦੀਆਂ ਚੀਜ਼ਾਂ ਤਿਆਰ ਕਰਨ ਲਈ ਮੈਨੂੰ ਗੰਦੀਆਂ ਗੈਸਾਂ ਨਾਲ ਦੂਸ਼ਿਤ ਕਰ ਦਿੱਤਾ ਹੈ। ਉਹ ਮੇਰੀ ਤਰਸਯੋਗ ਹਾਲਤ ਦੀ ਕੋਈ ਪ੍ਰਵਾਹ ਨਹੀਂ ਕਰਦਾ"। ਪਾਣੀ ਨੇ ਝੁਕ ਕੇ ਅਰਜ ਕੀਤੀ, " ਮੇਰੇ ਸਵਾਮੀ! ਮੈਂ ਸਾਰੇ ਜੀਵਾਂ ਦੇ ਸਰੀਰਾਂ ਵਿੱਚ ਮੌਜੂਦ ਰਹਿੰਦਾ ਹਾਂ। ਮੈਂ ਨਿਰਸਵਾਰਥ ਹੋ ਕੇ ਸਭ ਦੀ ਪਿਆਸ ਬੁਝਾਉਂਦਾ ਹਾਂ। ਮੈਂ ਖੁਦ ਕਦੇ ਗੰਦਾ ਨਹੀਂ ਹੁੰਦਾ। ਹੁਣ ਮੈਨੂੰ ਜੀਵ ਦਾ ਦੁਸ਼ਮਣ ਕਹਿ ਕੇ ਬਦਨਾਮ ਕੀਤਾ ਜਾ ਰਿਹਾ ਹੈ। ਮਨੁੱਖ ਨੇ ਹੀ ਮੇਰੇ ਵਿੱਚ ਜ਼ਹਿਰੀਲੇ ਪਦਾਰਥਾਂ ਨੂੰ ਸੁੱਟ ਕੇ ਮੈਨੂੰ ਜੀਵਾਂ ਲਈ ਜਾਨਲੇਵਾ ਬਣਾ ਦਿੱਤਾ ਹੈ। ਉਹ ਮੇਰੀ ਫਜ਼ੂਲ ਤੇ ਦੁਰਵਰਤੋਂ ਕਰਕੇ ਹੋਰ ਜੀਵਾਂ ਨੂੰ ਪਿਆਸੇ ਮਾਰ ਰਿਹਾ ਹੈ। ਮੈਂ ਹੁਣ ਬਹੁਤ ਦੁਖੀ ਹਾਂ"।

ਆਪਣੇ 'ਤੇ ਲੱਗ ਰਹੇ ਸਿੱਧੇ-ਸਪਾਟ ਇਲਜ਼ਾਮਾਂ ਨੂੰ ਸੁਣਦਿਆਂ ਮਨੁੱਖ ਨਮੋਸ਼ੀ ਨਾਲ ਪਾਣੀ ਪਤਲਾ ਹੋ ਗਿਆ। ਉਸ ਦੀ ਹੈਂਕੜ ਭੱਜ ਚੁੱਕੀ ਸੀ। ਉਸ ਪਾਸ ਇਨ੍ਹਾਂ ਦਾ ਕੋਈ ਜਬਾਵ ਨਹੀਂ ਸੀ। ਉਸ ਨੇ ਰੱਬ ਅੱਗੇ ਮੰਨਿਆਂ, " ਮੇਰੇ ਦਾਤਾ!ਮੈਂ ਭੁਲੇਖੇ ਵਿੱਚ ਸੀ। ਮੈਂ ਤਾਂ ਜੀਵਾਂ ਨੂੰ ਆਪਣੇ ਗੁਲਾਮ, ਮਨੋਰੰਜਨ ਦੇ ਵਸੀਲੇ ਤੇ ਧਰਤੀ 'ਤੇ ਵਾਧੂ ਭਾਰ ਹੀ ਸਮਝਦਾ ਸਾਂ। ਮੈਂ ਸੂਰਜ, ਧਰਤੀ, ਪਾਣੀ ਤੇ ਹਵਾ ਨੂੰ ਵੀ ਆਪਣੇ ਨੌਕਰ ਸਮਝਣ ਦੀ ਭੁੱਲ ਕਰ ਬੈਠਾ। ਮੈਂ ਆਪਣੇ ਕਸੂਰ ਲਈ ਕੋਈ ਵੀ ਸਜ਼ਾ ਭੁਗਤਣ ਲਈ ਤਿਆਰ ਹਾਂ"। ਰੱਬ ਨੇ ਸਾਰਿਆਂ ਦੇ ਬਿਆਨਾਂ ਨੂੰ ਧਿਆਨਪੂਰਬਕ ਸੁਣਿਆਂ ਅਤੇ ਪੂਰੀ ਛਾਣਬੀਣ ਤੋਂ ਬਾਅਦ ਫੈਸਲਾ ਦਿੱਤਾ, " ਸਾਰੇ ਪੇਸ਼ ਹੋਏ ਗਵਾਹਾਂ ਦੇ ਬਿਆਨਾਂ ਤੋਂ ਬਿਨਾ ਸ਼ੱਕ ਸਿੱਧ ਹੋ ਗਿਆ ਹੈ ਕਿ ਜੀਵਾਂ ਦੀ ਗਿਣਤੀ ਵਿੱਚ ਅਸੰਤੁਲਨ ਪੈਦਾ ਕਰਨ ਲਈ ਮਨੁੱਖ ਜ਼ਿੰਮੇਵਾਰ ਹੈ। ਉਸ ਨੇ ਧਰਤੀ, ਪਾਣੀ ਤੇ ਹਵਾ ਨੂੰ ਆਪਣੇ ਸਵਾਰਥ ਹਿਤ ਦੂਸ਼ਿਤ ਕਰ ਕੇ ਜੀਵਾਂ ਦਾ ਘਾਣ ਕੀਤਾ ਹੈ। ਉਹ ਜੀਵਾਂ ਦਾ ਕਾਤਲ ਹੈ। ਇਨਸਾਫ ਦਾ ਤਕਾਜ਼ਾ ਹੈ ਕਿ ਉਸ ਨੂੰ ਸਜ਼ਾ ਦੇਣ ਤੋਂ ਪਹਿਲਾਂ ਆਪਣੇ ਵਿਵਹਾਰ ਵਿੱਚ ਸੁਧਾਰ ਕਰਨ ਦਾ ਮੌਕਾ ਦਿੱਤਾ ਜਾਵੇ। ਉਸ ਨੂੰ ਹੁਕਮ ਦਿੱਤਾ ਜਾਂਦਾ ਹੈ ਕਿ ਅਗਲੇ ਸਾਲਾਂ ਵਿੱਚ ਉਹ ਜੰਗਲਾਂ ਦੀ ਕਟਾਈ ਬੰਦ ਕਰੇ ਤੇ ਹੋਰ ਦਰਖਤ ਲਾਵੇ; ਆਪਣੀ ਰਿਹਾਇਸ਼ ਲਈ ਸੀਮਿਤ ਜਗਾਹ ਦੀ ਵਰਤੋਂ ਕਰੇ; ਦਰਿਆਵਾਂ ਵਿੱਚ ਕਾਰਖਾਨਿਆਂ ਦੇ ਜ਼ਹਿਰੀਲੇ ਪਾਣੀ ਨੂੰ ਸੋਧ ਕੇ ਪਾਵੇ, ਧਰਤੀ ਵਿੱਚੋਂ ਪਾਣੀ ਕੱਢਣਾ ਬੰਦ ਕਰੇ; ਹਵਾ ਦਾ ਪ੍ਰਦੂਸ਼ਣ ਘਟਾਵੇ, ਧਰਤੀ ਦੇ ਖਣਿਜਾਂ ਦੀ ਵਰਤੋਂ ਸੀਮਿਤ ਕਰੇ ਅਤੇ ਹੋਰ ਜੀਵਾਂ ਦੇ ਰਿਹਾਇਸ਼ੀ ਟਿਕਾਣਿਆਂ ਨੂੰ ਸੁਰੱਖਿਅਤ ਕਰੇ। ਨਿਰਧਾਰਿਤ ਸਮੇਂ ਅੰਦਰ ਹੁਕਮਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਮਨੁੱਖੀ ਨਸਲ ਲਾਇਲਾਜ ਬਿਮਾਰੀਆਂ, ਕੁਦਰਤੀ ਆਫਤਾਂ ਦੀ ਕਰੋਪੀ ਅਤੇ ਕੁਦਰਤੀ ਵਸੀਲਿਆਂ ਦੇ ਖਾਤਮੇ ਨਾਲ ਭੁੱਖਮਰੀ ਦਾ ਸ਼ਿਕਾਰ ਹੋ ਕੇ ਨਾਸ਼ ਹੋ ਜਾਵੇਗੀ। ਇਹੀ ਮਨੁੱਖ ਨੂੰ ਸਜ਼ਾ ਹੈ"।

ਸਾਰਿਆਂ ਨੇ ਰੱਬ ਦੇ ਇਸ ਫੈਸਲੇ ਅੱਗੇ ਸਿਰ ਝੁਕਾਦਿਆਂ ਉਸ ਦੀ ਜੈ ਜੈ ਕਾਰ ਕੀਤੀ। ਹੁਣ ਮਨੁੱਖ ਅਜਮਾਇਸ਼ੀ ਸਾਲਾਂ ਵਿੱਚੋਂ ਲੰਘ ਰਿਹਾ ਹੈ। ਦੇਖਦੇ ਹਾਂ ਉਹ ਆਪਣੇ ਵਤੀਰੇ ਵਿੱਚ ਸੋਧ ਕਰ ਕੇ ਰੱਬ ਦੀ ਖੁਸ਼ੀ ਹਾਸਲ ਕਰਦਾ ਹੈ ਜਾਂ ਆਪਣੀ ਨਸਲ ਦੇ ਸਰਬਨਾਸ਼ ਦੀ ਸਜ਼ਾ ਭੁਗਤਦਾ ਹੈ।

* * * * *



ਕਵਿਤਾ

## ਆਸ ਦਾ ਅਹਿਸਾਨ

ਪ੍ਰਿਤਪਾਲ ਸਿੰਘ 'ਜਟਾਣਾ'

ਮਸਾਂ ਮਸਾਂ ਮੈਂ,
ਬੜੀ ਮੁਸ਼ਕਲ ਸੰਗ,
ਮੁੱਦਤਾਂ ਦੇ ਅਜ਼ਲ ਤੋਂ,
ਜ਼ਿੰਦਗੀ ਦੇ ਸਰ 'ਚੋਂ,
ਕਈ ਗੁਆਚੀਆਂ, ਕਈ ਖਿੰਡੀਆਂ
ਬੇ-ਆਸ ਕ੍ਰਿਚਾਂ 'ਚੋਂ,
ਲੱਭੀਆਂ ਨੇ ਕੁੱਝ ਕਿਰਚਾਂ
ਆਸਾਵੰਦ-ਅਹਿਸਾਸ ਦੀਆਂ।
ਮੰਜ਼ਿਲਾਂ ਦੀ ਹੋਂਦ ਬੋਝਣ ਲਈ,
ਕਿ ਉਜਲੇ ਭਵਿੱਖ'ਚ ਹੋਂਦ ਰੁਸ਼ਨਾ ਸਕਾਂ,
ਜ਼ਿੰਦਗੀ ਦੀ ਵਿਰਾਨ ਵਲਗਣ ਅੰਦਰ,
ਕੋਈ ਫੁੱਲ ਜੇ ਵੰਡ ਸਕੇ ਮਹਿਕਾਂ।
    ਖਿਆਲਾਂ ਦੇ ਭੁੱਜਦੇ ਥਲਾਂ 'ਚ
    ਵਿਚਰ ਵਿਚਰ ਕੇ ਉਮਰਾਂ ਦੇ ਪੈਰ ਗਏ ਸੀ ਛਾਲੇ,
    ਬੇਚੈਨੀ ਨੂੰ ਜਿਹਨਬਦਰ ਕਰਨ ਤੋਂ ਪਹਿਲਾਂ
    ਖੁਦ ਸੂਲੀ 'ਤੇ ਚੜ੍ਹਦਾ ਸਾਂ,
    ਜੋ ਸੋਚਾਂ 'ਚੋਂ ਗੁਜਰਦੀ ਸੀ ਆਸ ਕੋਈ
    ਹਾਰਾਂ ਵਰਗੀ ਜ਼ਰਦ, ਬੇਫਿਜਾ ਹੋ ਨਿਬੜਦੀ ਸੀ।
ਹੰਝੂਆਂ ਦੇ ਵਹਿਣਾਂ 'ਚ ਵੀ,
ਦੂਰ ਤੱਕ ਅਸਪਸ਼ਟਤਾ ਛਾਈ ਹੋਈ ਸੀ,
ਤੇ ਰਾਤਾਂ ਨੂੰ ਉਨੀਂਦੇ ਰੱਖਣਾ
ਕਾਤਲ ਦੁਪੈਹਰਾਂ ਵੀ ਸਾਂਭ ਸਾਂਭ ਰੱਖਣਾ
ਬੜਾ ਹੀ ਸਰਾਪ ਸਿਰ ਲੈਣ ਵਾਲੀ ਗੱਲ ਸੀ।
    ਸ਼ੁਕਰ ਹੈ! ਖੈਰ ਹੈ!!
ਕਿਤੋਂ ਇਕ ਆਸ ਦੀ ਕਿਰਨ ਲੱਭੀ।
ਬੇ-ਆਸਾਂ 'ਚ ਜਿੰਦੇ ਰਹਿਣਾ
ਬੜਾ ਤਲਖ ਹੁੰਦਾ ਹੈ।
ਬੜਾ ਕਠਨ ਹੁੰਦਾ ਹੈ।

ਚੰਡੀਗੜ੍ਹ, ਫੋਨ-9915342742



## SYNERGY BETWEEN NATURAL AND ARTIFICIAL PRODUCTS

**Jaswant Singh Saini**
Ropar

All creatures or living beings are the product of nature. Nature is commonly believed to be the creator of universe. All visible, non visible, tangible, non tangible things are its products. God lives in Nature. We can directly see nature but not God. Whatsoever we have in the world or whatsoever we feel or see in the world is the product of Nature. All means of human beings' sustenance are created by nature.

Nature has its imposing and unalterable bondage with the living creatures. The survival of each and every living thing is on the mercy of nature. Nature continuously provides what a living thing needs to survive. Air and water can distinctly be mentioned in this connection. To be more elaborate nature has given us air to inhale, water to drink, light to see and sun to have energy necessary for survival. The quantity of air required for a living creature is boundless. Nature has given us as a free gift. It can never be produced artificially for every creature of the world. The second necessity for survival is water. The sole producer of water is nature and none else.

But despite all this perpetual authenticity the public in general tend to be indiffdrent on this front. Under the aura of modernization and advancement we are forgetting nature. The blind following of western way of life have changed our mindset in the last few decades. Most of us have stopped recognizing the real worth and significance of nature. We are distancing from nature day by day and a sort of atmosphere has been formed that man is supreme and nature is just subservient to him and he is in commanding position to toy with it as per his whims.

Because of increasing population and their demands and above all the effects of modernization, residing in concrete jungles has become our way of living. It has altered our way of thinking to a great extent. Use of air conditioned comforts, coolers, refrigerators etc. are the common things now. Initially, all those things came into use to counter the vagaries of the weather. But now the same has become a part of fashion, comfort and livelihood sources. But because of all this, the people have become prone to new physical ailments and diseases.

Gone are the days when mostly our livelihood depended on agriculture, live stock cattle and allied affairs. We were more close to natural way of life then. But under the influence of modernization our economy has shifted to newly invented scientific technology and mechanism. Gadgets and devices like computers and mobiles have become the inseparable part of our daily routine. In every field, may be official work, may be business or may be even studying and learning, these devices rule the roost. New generation does not feel and bother about the entity of nature. They have formed such habits where these artificial things are everything for them. But they are in oblivion that artificial things also invite miseries. By overuse of mobile like things most of the people even in their young age fall prey to serious ailments like hearing, vision and mental retardation etc.

Admitted, that we can not go back to past and remain detached from using the latest technology in vogue. We will be misfit in the global society in case we do not use the latest scientific technology. We will have to keep pace with the day to day developments. But by and by we will have to sort out such a living method which is not far from natural life. We

Continue to page no. 48.......

# ਗੁਰੂ ਨਾਨਕ ਦੇ ਸੇਵਕ

ਇਕਬਾਲ ਸਿੰਘ ਲਾਲਪੁਰਾ*



**ਭਾਈ ਦਾਊਦ ਜੀ–** ਦਾਊਦ ਬੁਲਾਣੀ ਪਿੰਡ ਦੇ ਰਹਿਣ ਵਾਲੇ ਜੁਲਾਹਾ ਪਰਿਵਾਰ ਵਿੱਚੋਂ ਸਨ। ਆਪ ਚੰਗੇ ਕਿਰਤੀ ਤੇ ਰੱਬ ਨੂੰ ਮੰਨਣ ਵਾਲੇ ਸਨ। ਆਪ ਜੀ ਨੇ ਗੁਰੂ ਨਾਨਕ ਦੇਵ ਜੀ ਬਾਰੇ ਬਹੁਤ ਕੁੱਝ ਸੁਣਿਆਂ ਸੀ। ਤੀਸਰੀ ਉਦਾਸੀ ਸਮੇ ਜਦੋਂ ਗੁਰੂ ਜੀ ਬੁਲਾਣੀ ਪਹੁੰਚੇ ਤਾਂ ਦਾਊਦ ਨੂੰ ਵੀ ਗੁਰੂ ਜੀ ਨੂੰ ਮਿਲਣ ਦੀ ਇੱਛਾ ਪੂਰੀ ਹੋਣ ਦੀ ਆਸ ਬੱਝੀ। ਉਹ ਇੱਕ ਗਲੀਚਾ ਭੇਟ ਲੈ ਕੇ ਗੁਰੂ ਜੀ ਦੇ ਹਜ਼ੂਰ ਪੇਸ਼ ਹੋਇਆ। ਸਤਿਕਾਰ ਵਜੋਂ ਸਿਜਦਾ ਕੀਤਾ ਅਤੇ ਚਰਨ ਛੂਹੇ। ਬੜੀ ਸ਼ਰਧਾ ਨਾਲ ਗਲੀਚਾ ਭੇਟ ਕੀਤਾ ਅਤੇ ਪਾਸ ਹੀ ਬੈਠ ਗਿਆ। ਗੁਰੂ ਜੀ ਨੇ ਬਚਨ ਕੀਤਾ, ' ਸਾਡਾ ਇਹੋ ਜਿਹੀਆਂ ਚੀਜ਼ਾਂ ਨਾਲ ਕੀ ਸਰੋਕਾਰ? ਥੋੜ੍ਹਾ ਸਾਮਾਨ ਤੇ ਸੁਖੀ ਜਾਨ। ਸਾਡੇ ਵਾਸਤੇ ਤਾਂ ਅਕਾਲਪੁਰਖ ਨੇ ਹਰ ਤਰਫ ਘਾਹ ਦੀ ਚਾਦਰ ਵਿਛਾ ਛੱਡੀ ਹੈ, ਜਿੱਥੇ ਮਰਜ਼ੀ ਲੇਟ ਜਾਓ'। ਗੁਰੂ ਜੀ ਨੇ ਦਾਊਦ ਤੋਂ ਗਲੀਚਾ ਲੈ ਲਿਆ ਅਤੇ ਉਸੀ ਵਕਤ ਅੱਧਾ ਇੱਕ ਸੂਈ ਹੋਈ ਕੁੱਤੀ ਦੇ ਥੱਲੇ ਵਿਛਾ ਦਿੱਤਾ ਤੇ ਅੱਧਾ ਉੱਪਰ ਦੇ ਦਿੱਤਾ। ਦਾਊਦ ਬੜਾ ਹੈਰਾਨ ਹੋਇਆ ਕਿ ਇਹ ਕੈਸਾ ਪੀਰ ਹੈ ਜਿਹੜਾ ਕਿਸੀ ਦੀ ਦਿੱਤੀ ਚੀਜ਼ ਦੀ ਕੋਈ ਕਦਰ ਨਹੀਂ ਕਰਦਾ। ਦਾਊਦ ਦੀ ਸ਼ੰਕਾ ਦੂਰ ਕਰਨ ਲਈ ਗੁਰੂ ਜੀ ਨੇ ਬਚਨ ਕੀਤਾ, ' ਭਾਈ ਦਾਊਦ, ਤੇਰੀ ਸੇਵਾ ਥਾਂਇ ਪਈ ਹੈ, ਪਰ ਸਾਡੇ ਨਾਲੋਂ ਕੁੱਤੀ ਤੇ ਕਤੂਰਿਆਂ ਨੂੰ ਇਸ ਦੀ ਜ਼ਰੂਰਤ ਜ਼ਿਆਦਾ ਸੀ। ਜੇ ਮਾਲਕ ਦੇ ਜੀਵ ਦੁਖੀ ਹਨ ਤਾਂ ਸਾਡਾ ਆਰਾਮ ਵਿਅਰਥ ਹੈ। ਦਾਊਦ ਨੇ ਚਰਨ ਫੜ ਕੇ ਬੇਨਤੀ ਕੀਤੀ, ' ਬਾਬਾ ਤੇਰੀਆਂ ਤੂੰ ਹੀ ਜਾਣੇ'। ਭਾਈ ਦਾਊਦ ਨੂੰ ਗਿਆਨ ਦੀ ਬਖਸ਼ਿਸ਼ ਹੋਈ ਤੇ ਉਸ ਨੇ ਸਾਰੀ ਉਮਰ ਲੋੜਵੰਦਾਂ ਦੀ ਸੇਵਾ ਅਤੇ ਰੱਬ ਦੇ ਸਿਮਰਨ ਵਿੱਚ ਬਤੀਤ ਕੀਤੀ।

**ਭਾਈ ਦੋਦਾ ਜੀ–**ਭਾਈ ਦੋਦਾ ਜੀ ਕਰਤਾਰਪੁਰ( ਪਾਕਿਸਤਾਨ) ਦੇ ਲਾਗਲੇ ਪਿੰਡ ਦੇ ਰਹਿਣ ਵਾਲੇ ਜੱਟ ਸਨ। ਉਨ੍ਹਾਂ ਦੇ ਘਰ ਸੰਤਾਨ ਨਹੀਂ ਸੀ। ਉਨ੍ਹਾਂ ਦੀ ਘਰ ਵਾਲੀ ਨੇ ਗੁਰੂ ਜੀ ਦੀ ਮਹਿਮਾ ਸੁਣ ਕੇ ਨਿਹਚਾ ਨਾਲ ਗੁਰੂ ਘਰ ਦੀ ਸੇਵਾ ਲਈ ਦੁੱਧ ਲੈ ਕੇ ਜਾਣ ਦਾ ਨਿਯਮ ਬਣਾ ਲਿਆ ਸੀ। ਦੋਦੇ ਨੇ ਸਮਝਿਆ ਕਿ ਉਸ ਦੀ ਪਤਨੀ ਕਿਤੇ ਦੁੱਧ ਵੇਚ ਆਉਂਦੀ ਹੈ। ਇੱਕ ਦਿਨ ਇਸ ਦਾ ਪਤਾ ਲਗਾਉਣ ਲਈ ਦੋਦਾ ਆਪਣੀ ਪਤਨੀ ਦਾ ਪਿੱਛਾ ਕਰਦਿਆਂ ਗੁਰੂ ਘਰ ਪਹੁੰਚ ਗਿਆ। ਗੁਰੂ ਨਾਨਕ ਦੇਵ ਜੀ ਨੇ ਦੋਦੇ ਦੇ ਮਨ ਦੀ ਗੱਲ ਬੁੱਝ ਕੇ ਬਚਨ ਕੀਤਾ, 'ਭਾਈ ਦੋਦਾ! ਦੁੱਧ ਕਰ ਕੇ ਆਇਆ ਹੈਂ ਤਾਂ ਜਿਤਨਾ ਮਰਜ਼ੀ ਦੁੱਧ ਪੀ। ਇਹ ਕਰਤਾਰ ਦਾ ਘਰ ਹੈ। ਇੱਥੇ ਕਿਸੇ ਚੀਜ਼ ਦੀ ਤੋਟ ਨਹੀਂ'। ਭਾਈ ਦੋਦਾ ਨੇ ਦੁੱਧ ਪੀਤਾ ਤਾਂ ਉਸ ਦਾ ਸੁਆਦ ਅੰਮ੍ਰਿਤ ਵਰਗਾ ਸ੍ਰੇਸ਼ਟ ਸੀ। ਇਸ ਦੁੱਧ ਨਾਲ ਉਸ ਦਾ ਸਰੀਰ ਤੇ ਆਤਮਾ ਤ੍ਰਿਪਤ ਹੋ ਗਈ। ਉਹ ਘਰ ਵਾਲੀ ਦੇ ਨਾਲ ਹੀ ਗੁਰੂ ਘਰ ਰਹਿ ਕੇ ਸੇਵਾ ਕਰਨ ਲੱਗਾ। ਇੱਕ ਦਿਨ ਪਤੀ-ਪਤਨੀ ਨੇ ਗੁਰੂ ਜੀ ਦੇ ਪੇਸ਼ ਹੋ ਕੇ ਸੰਤਾਨ ਦੀ ਬਖਸ਼ਿਸ਼ ਲਈ ਬੇਨਤੀ ਕੀਤੀ। ਗੁਰੂ ਜੀ ਨੇ ਬਚਨ ਕੀਤਾ, ' ਭਾਈ ਸੇਵਾ ਕਰ ਕੇ ਆਪ ਨੇ ਸੰਗਤ ਪ੍ਰਾਪਤ ਕਰ ਲਈ ਹੈ। ਹੁਣ ਸਿਮਰਨ ਨਾਲ ਜੀਵਨ ਵੀ ਸਫਲਾ ਕਰੋ। ਅਕਾਲਪੁਰਖ ਦੇ ਘਰ ਕੋਈ ਘਾਟਾ ਨਹੀਂ ਹੈ'। ਭਾਈ ਦੋਦਾ ਦੇ ਘਰ ਔਲਾਦ ਹੋਈ। ਆਪ ਨੇ ਕਰਤਾਰਪੁਰ ਦੀ ਉਸਾਰੀ ਵਿੱਚ ਵਧ ਚੜ੍ਹ ਕੇ ਹਿੱਸਾ ਪਾਇਆ ਅਤੇ ਸਾਰੀ ਉਮਰ ਗੁਰੂ ਘਰ ਦੀ ਸੇਵਾ ਵਿੱਚ ਗੁਜ਼ਾਰੀ। ਆਪ ਦੇ ਨਾਮ 'ਤੇ ਕਰਤਾਰਪੁਰ ਦੇ ਨਜ਼ਦੀਕ ਪਿੰਡ ਦੋਦਾ ਵਸਿਆ ਹੋਇਆ ਹੈ।

**ਭਾਈ ਮਨਸੁਖ ਜੀ–** ਮਨਸੁਖ ਗੁਰੂ ਨਾਨਕ ਪਾਤਸ਼ਾਹ ਦਾ ਸੱਚਾ ਸਿੱਖ ਸੀ ਤੇ ਦੇਸ਼ਾਂ ਵਿਦੇਸ਼ਾਂ ਵਿਚ ਵਪਾਰ ਕਰਦਾ ਸੀ। ਉਹ ਵਪਾਰ ਦੇ ਸਿਲਸਿਲੇ ਵਿੱਚ ਸੰਗਲਾਦੀਪ(ਸ੍ਰੀ ਲੰਕਾ) ਗਿਆ ਸੀ। ਉਸ ਦੇ ਮੂੰਹੋਂ ਗੁਰੂ ਨਾਨਕ ਜੀ ਦੀ ਬਾਣੀ ਸੁਣ ਕੇ ਉੱਥੋਂ ਦੇ ਰਾਜਾ ਸ਼ਿਵਨਾਭ ਨੇ ਮਨਸੁਖ ਪਾਸ ਗੁਰੂ ਜੀ ਦੇ ਦਰਸ਼ਨਾ ਦੀ ਖਾਹਿਸ਼ ਜਾਹਰ ਕੀਤੀ। ਮਨਸੁਖ ਨੇ ਰਾਜੇ ਨੂੰ ਕਿਹਾ ਕਿ ਉਹ ਸਵੇਰੇ ਜਲਦੀ ਉੱਠੇ, ਮੂਲਮੰਤਰ ਪੜ੍ਹੇ ਅਤੇ ਸੱਚੇ ਦਿਲੋਂ ਅਰਦਾਸ ਕਰੇ ਤਾਂ ਗੁਰੂ ਜੀ ਜ਼ਰੂਰ ਮਿਲਣਗੇ। ਰਾਜੇ ਨੇ ਰੋਜ਼ ਇਵੇਂ ਹੀ ਕਰਨਾ ਸ਼ੁਰੂ ਕਰ ਦਿੱਤਾ। ਕਈ ਦਿਨਾਂ ਤੱਕ ਜਦੋਂ ਗੁਰੂ ਜੀ ਦੇ ਦਰਸ਼ਨ ਨਾ ਹੋਏ ਤਾਂ ਰਾਜੇ ਦੀ ਤਾਂਘ ਵਧਦੀ ਜਾ ਰਹੀ ਸੀ। ਰਾਜੇ ਦੀ ਧਾਰਮਿਕ ਬਿਰਤੀ ਦੇਖ ਕੇ ਕਈ ਫਕੀਰ ਸਾਧੂ ਵੀ ਉਸ ਪਾਸ ਆ ਕੇ ਟਿਕਣ ਲੱਗੇ। ਉਹ ਗਿਆਨਵਾਨ ਰਾਜਾ ਸੀ।ਇਨ੍ਹਾਂ ਸਾਧੂਆਂ ਤੋਂ ਤੰਗ ਆ ਕੇ ਰਾਜੇ ਨੇ ਇਨ੍ਹਾਂ ਦੀ ਪਰਖ ਕਰਨੀ ਸ਼ੁਰੂ ਕੀਤੀ ਤਾਂ ਸਾਰੇ ਪਾਖੰਡੀ ਨਿਕਲੇ। ਇੱਕ ਦਿਨ ਰਾਜੇ ਨੂੰ ਪਤਾ ਲੱਗਾ ਕਿ ਇੱਕ ਪਵਿੱਤਰ ਆਦਮੀ ਉਸ ਦੇ ਪੁਰਾਣੇ ਬਾਗ ਵਿੱਚ ਆਇਆ ਹੈ ਜਿਸ ਦੇ ਚਰਨ ਪੈਂਦਿਆਂ ਹੀ ਸਾਰੇ ਰੁੱਖ, ਫੁੱਲ-ਬੂਟੇ ਹਰੇ ਹੋ ਗਏ ਹਨ। ਰਾਜੇ ਨੇ ਉਸ ਮਹਾਂਪੁਰਖ ਦੀ ਪਰਖ ਕਰਨ ਲਈ ਉਸ ਪਾਸ ਸੁੰਦਰ ਕੰਨਿਆਂ ਨੂੰ ਭੇਜਿਆ ਜਿਨ੍ਹਾਂ ਨੇ ਬਹੁਤ ਹਾਰ ਸ਼ਿੰਗਾਰ ਕੀਤਾ ਹੋਇਆ ਸੀ। ਉਨ੍ਹਾਂ ਸੁੰਦਰੀਆਂ ਨੇ ਗਾ-ਨੱਚ ਕੇ ਗੁਰੂ ਜੀ ਨੂੰ ਆਪਣੇ ਵੱਲ ਖਿੱਚਣ ਦੀ ਪੂਰੀ ਵਾਹ ਲਾਈ ਪਰ ਗੁਰੂ ਜੀ ਸ਼ਾਂਤ ਰਹੇ।ਇਸ ਸਮੇ ਗੁਰੂ ਜੀ ਨੇ ਸ਼ਬਦ ਉਚਾਰਿਆ, 'ਗਾਫ਼ਹੁ ਪੁਤ੍ਰੀ ਰਾਜ ਕੁਆਰਿ।।......ਗੁਰ ਸਬਦੀ ਬਿਖੁ ਤਿਆਸ ਨਿਵਾਰਿ'। ਇਹ ਸ਼ਬਦ ਸੁਣ ਕੇ ਸੁੰਦਰੀਆਂ ਗੁਰੂ ਜੀ ਦੇ ਚਰਨੀ ਢਹਿ ਪਈਆਂ ਤੇ ਖਿਮਾ ਮੰਗਣ ਲੱਗੀਆਂ। ਜਦੋਂ ਰਾਜੇ ਨੂੰ ਇਸ ਦਾ ਪਤਾ ਲੱਗਾ ਤਾਂ ਉਹਨੇ ਗੁਰੂ ਜੀ ਦੇ ਚਰਨਾਂ 'ਤੇ ਡਿਗ ਕੇ ਖਿਮਾ ਮੰਗੀ ਅਤੇ ਗੁਰੂ ਜੀ ਦਾ ਸਿੱਖ ਬਣ ਗਿਆ। ਰਾਜੇ ਨੇ ਗੁਰੂ ਜੀ ਦੀ ਆਗਿਆ ਨਾਲ ਉੱਥੇ ਇੱਕ ਧਰਮਸ਼ਾਲਾ ਬਣਵਾਈ ਜਿੱਥੇ ਰੋਜ਼ ਸਤਿਸੰਗ ਹੋਣ ਲੱਗਾ ਅਤੇ ਬਹੁਤ ਲੋਕ ਗੁਰੂ ਜੀ ਦੇ ਸ਼ਰਧਾਲੂ ਬਣ ਗਏ।ਮਨਸੁਖ ਲੁਬਾਣਾ ਘਰਾਣੇ ਦਾ ਸੀ।

**ਭਾਈ ਝੰਡਾ ਜੀ–** ਆਪ ਲੱਕੜ ਦੇ ਕੰਮ ਦੇ ਕਾਰੀਗਰ ਪਲਾਹਾ ਗੋਤ ਵਿੱਚੋਂ ਸਨ। ਜਦੋਂ ਗੁਰੂ ਨਾਨਕ ਦੇਵ ਜੀ ਬਿਸੀਅਰ ਪਹੁੰਚੇ ਅਤੇ ਬਾਹਰ ਜਾ ਪੜਾਉ ਕੀਤਾ ਤਾਂ ਝੰਡੇ ਬਾਡੀ ਨੂੰ ਪਤਾ ਲੱਗਾ ਕਿ ਕੋਈ ਅਤੀਤ ਸਾਧੂ ਪਧਾਰੇ ਹਨ। ਉਸ ਨੇ ਜਾ ਕੇ ਗੁਰੂ ਜੀ ਨੂੰ ਮੱਥਾ ਟੇਕਿਆ। ਝੰਡੇ ਨੇ ਘਰ ਜਾ ਕੇ ਸੰਤਾਂ ਲਈ ਭੋਜਨ ਤਿਆਰ ਕਰਨ ਲਈ ਕਿਹਾ ਤਾਂ ਪਤਨੀ ਨੇ ਦੱਸਿਆ ਕਿ ਘਰ ਵਿੱਚ ਕੁੱਝ ਵੀ ਨਹੀ ਹੈ। ਉਹ ਸਾਰੀ ਬਸਤੀ ਵਿੱਚ ਘੁੰਮਿਆਂ ਪਰ ਖਾਣ ਲਈ ਕਿਤੋਂ ਕੁੱਝ ਨਾ ਮਿਲਿਆ। ਉਹ ਸੰਤਾਂ ਨੂੰ ਭੋਜਨ ਕਰਾਉਣ ਲਈ ਦ੍ਰਿੜ੍ਹ ਸੀ। ਉਸ ਨੂੰ ਪਤਾ ਲੱਗਾ ਕਿ ਰਾਜੇ ਨੇ ਅੱਜ ਛਿੰਜ ਕਰਾਉਣੀ ਹੈ ਜਿਸ ਵਿੱਚ ਰਾਜੇ ਦੇ ਪਹਿਲਵਾਨ ਨਾਲ ਘੋਲ ਕਰਨ ਵਾਲੇ ਨੂੰ 50 ਟਕੇ ਅਤੇ ਪਿੱਠ ਲਾਉਣ ਵਾਲੇ ਨੂੰ 100 ਟਕੇ ਇਨਾਮ ਮਿਲਣਾ ਹੈ। ਸੰਤਾਂ ਦੇ ਭੋਜਨ ਲਈ ਪੈਸਿਆਂ ਲਈ ਉਹ ਪਹਿਲਵਾਨ ਨਾਲ ਘੋਲ ਕਰਨ ਨੂੰ ਤਿਆਰ ਹੋ ਗਿਆ। ਜਦੋਂ ਪਹਿਲਵਾਨ ਨੂੰ ਇਹ ਪਤਾ ਲੱਗਾ ਕਿ ਝੰਡਾ ਇਕ ਨੇਕ ਕੰਮ ਲਈ ਆਪਣੇ ਹੱਡ ਤੁੜਵਾਉਣ ਨੂੰ ਤਿਆਰ ਹੈ ਤਾਂ ਉਸ ਦੇ ਮਨ ਵਿੱਚ ਪ੍ਰਮੇਸ਼ਵਰ ਦਾ ਭਾਉ ਜਾਗ ਪਿਆ। ਪਹਿਲਵਾਨ ਝੰਡੇ ਤੋਂ ਬਹੁਤ ਤਕੜਾ ਹੋਣ ਦੇ ਬਾਵਜ਼ੂਦ ਕੁੱਝ ਦੇਰ ਘੋਲ ਕਰਨ ਤੋਂ ਬਾਅਦ ਜਾਣਬੁੱਝ ਕੇ ਢਹਿ ਗਿਆ। ਇਸ ਨਾਲ ਝੰਡੇ ਨੂੰ 100 ਟਕੇ ਮਿਲ ਗਏ ਜੋ ਉਸ ਨੇ ਗੁਰੂ ਦੀ ਸੇਵਾ ਵਿੱਚ ਖਰਚ ਦਿੱਤੇ। ਗੁਰੂ ਨਾਨਕ ਦੇਵ ਜੀ ਨੇ ਝੰਡੇ ਨੂੰ ਨਾਮ ਦਾਨ ਦਿੱਤਾ, ਉਸ ਦੀ ਗਰੀਬੀ ਦੂਰ ਕੀਤੀ ਅਤੇ ਕਈ ਕੁਲਾਂ ਤਾਰ ਦਿੱਤੀਆਂ। ਗੁਰੂ ਘਰ ਦੀ ਸ਼ਰਧਾਲੂ, ਆਪ ਦੀ ਸੰਤਾਨ ਘੁਲਾਣਾ ਨੇੜੇ ਸਿਆਣ ਪਿੰਡ ਵਿੱਚ ਰਹਿੰਦੀ ਹੈ। ਇਸ ਪਰਿਵਾਰ ਦੇ ਘਰ ਦਸਵੇਂ ਪਾਤਸ਼ਾਹ ਨੇ ਵੀ ਚਰਨ ਪਾਏ ਸਨ।

**ਭਾਈ ਰੂਪ ਦੇਵ ਜੀ–** ਆਪ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਪਿੰਡ ਮੇਘੋਵਾਲ ਦੇ ਕਲਸੀ(ਰਾਮਗੜ੍ਹੀਆ) ਪਰਿਵਾਰ ਦੇ ਸਨ। ਆਪ ਦਸੂਹਾ -ਮੁਕੇਰੀਆਂ ਤੋਂ ਰਾਮਪੁਰ ਤੱਕ ਦੇ ਪਹਾੜੀ ਖੇਤਰ ਦੇ ਰਾਜੇ ਸਨ। ਆਪ ਦਾ ਪਹਿਲਾ ਨਾਮ ਸੁਧਰਸੈਨ ਸੀ। ਉੱਤਰਖੰਡ ਦੀ ਉਦਾਸੀ ਸਮੇ ਗੁਰੂ ਨਾਨਕ ਦੇਵ ਜੀ ਜਦੋਂ ਦਸੂਹਾ ਰੁਕੇ ਤਾਂ ਉਨ੍ਹਾਂ ਦੀ ਮੁਲਾਕਾਤ ਸੁਧਰਸੈਨ ਨਾਲ ਹੋਈ। ਗੁਰੂ ਜੀ ਦੇ ਉਪਦੇਸ਼ਾਂ ਦੇ ਪ੍ਰਭਾਵ ਅਧੀਨ ਉਹ ਰਾਜਭਾਗ ਤਿਆਗ ਕੇ ਗੁਰੂ ਜੀ ਦੇ ਭਗਤ ਬਣ ਗਏ ਅਤੇ ਗੁਰੂ ਦੇ ਹੀ ਰੂਪ ਹੋ ਗਏ। ਇਸ ਲਈ ਉਹ ਰੂਪ ਦੇਵ ਕਹਿਲਾਏ ਜਾਣ ਲੱਗੇ। ਆਪ ਸਾਰੀ ਉਮਰ ਤਨ-ਮਨ-ਧਨ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਦੇ ਰਹੇ। ਆਪ ਜੀ ਨੇ ਬਹੁਤ ਲੰਮੀ ਉਮਰ ਭੋਗੀ। ਆਪ ਜੀ ਦੇ ਸ਼ਰਧਾਲੂਆਂ ਨੇ ਆਪ ਦੇ ਘਰ ਨੂੰ ਯਾਦਗਾਰੀ ਸਥਾਨ ਬਣਾ ਦਿੱਤਾ। ਹੁਣ ਉੱਥੇ ਗੁਰਦੁਆਰਾ ਸਾਹਬ ਬਣਿਆਂ ਹੋਇਆ ਹੈ। ਇਸ ਸਮੇਂ ਆਪ ਦੀ 11ਵੀਂ ਤੇ ਬਾਰ੍ਹਵੀਂ ਪੀੜ੍ਹੀ ਚੱਲ ਰਹੀ ਹੈ।

**ਭਾਈ ਭਗਤਾ ਜੀ–** ਭਾਈ ਭਗਤਾ ਜੀ ਖੇਮਕਰਨ ਦੇ ਨੇੜੇ ਪੈਂਦੇ ਪਿੰਡ ਕਾਲੀਆ ਦੇ ਵਸਨੀਕ ਸਨ। ਆਪ ਨੇ ਗੁਰੂ ਨਾਨਕ ਦੇਵ ਜੀ ਤੋਂ ਚਰਨ ਪਹੁਲ ਲੈ ਕੇ ਸਿੱਖੀ ਧਾਰਨ ਕੀਤੀ। ਆਪ ਸਾਰਾ ਦਿਨ ਛਬੀਲ ਲਗਾ ਕੇ ਮੁਸਾਫਰਾਂ ਨੂੰ ਪਾਣੀ ਪਿਆਉਂਦੇ ਰਹਿੰਦੇ। ਹਰ ਵੇਲੇ ਆਪ ਪਾਸ ਜਲ ਦਾ ਲੋਟਾ ਹੁੰਦਾ ਜਿਸ ਕਾਰਨ ਆਪ ਨੂੰ ਲੋਟੇ ਸ਼ਾਹ ਕਿਹਾ ਜਾਣ ਲੱਗਾ। ਗੁਰੂ ਨਾਨਕ ਦੇਵ ਜੀ ਮੁਲਤਾਨ ਦੀ ਉਦਾਸੀ ਕਰਨ ਤੋਂ ਬਾਅਦ ਕੁੱਝ ਦਿਨ ਆਪ ਦੇ ਘਰ ਰਹੇ ਤੇ ਭਾਈ ਭਗਤਾ ਜੀ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਆਪ ਨੇ ਮੁਸਾਫਰਾਂ ਦੇ ਆਰਾਮ ਲਈ ਧਰਮਸ਼ਾਲਾ ਵੀ ਬਣਾਈ ਹੋਈ ਸੀ। ਭਾਈ ਭਗਤਾ ਜੀ ਦੇ ਪੰਜ ਪੁੱਤਰ ਸਨ ਜਿਨ੍ਹਾਂ ਵਿੱਚੋਂ ਦੋ ਪਿੰਡ ਕਾਲੀਆ ਵਿੱਚ, ਇੱਕ-ਭਾਈ ਝਾੜੂ ਜੀ ਵਲਟੋਹਾ ਵਿੱਚ ਅਤੇ ਦੋ ਮਾਲਵੇ ਜਾ ਵਸੇ ਸਨ। ਕਿਹਾ ਜਾਂਦਾ ਹੈ ਕਿ ਲੋਟਾ ਗੋਤ ਵਾਲੇ ਭਾਈ ਭਗਤਾ ਜੀ ਦੀ ਜੱਦ ਵਿੱਚੋਂ ਹਨ। ਭਾਈ ਝਾੜੂ ਜੀ ਦਾ ਗੁਰਦੁਆਰਾ ਵਲਟੋਹਾ ਵਿਖੇ ਹੈ ਜਿਸ ਦੀ ਸਾਂਭ-ਸੰਭਾਲ ਰਾਮਗੜ੍ਹੀਆ ਪਰਿਵਾਰ ਕਰ ਰਿਹਾ ਹੈ।

**ਬਾਬਾ ਸੁੰਦਰ ਦਾਸ ਜੀ–** ਆਪ ਜੀ ਦਾ ਜਨਮ ਮੂਸਾਪੁਰ ਪਿੰਡ, ਜ਼ਿਲ੍ਹਾ ਭਗਤ ਸਿੰਘ ਨਗਰ( ਨਵਾਂਸ਼ਹਿਰ) ਵਿੱਚ ਰਾਮਗੜ੍ਹੀਆ ਜਾਤ ਦੇ ਸਿਆਣ ਖਾਨਦਾਨ ਵਿੱਚ ਹੋਇਆ। ਬਚਪਨ ਤੋਂ ਹੀ ਆਪ ਨੂੰ ਸਾਧੂ-ਸੰਤਾਂ ਦੀ ਸੇਵਾ ਕਰਨ ਦਾ ਚਾਅ ਸੀ। ਜਦੋਂ ਗੁਰੂ ਨਾਨਕ ਦੇਵ ਜੀ ਨਵਾਂਸ਼ਹਿਰ ਜ਼ਿਲ੍ਹੇ ਦੇ ਪਿੰਡ ਹਕੀਮਪੁਰ ਤੋਂ ਹੁੰਦੇ ਹੋਏ ਮੂਸਾਪੁਰ ਆਏ ਤਾਂ ਇੱਥੇ ਭਾਈ ਸੁੰਦਰ ਜੀ ਵੈਰਾਗ ਅਵਸਥਾ ਵਿੱਚ ਇੱਕ ਉਚੇ ਟਿੱਲੇ 'ਤੇ ਬੈਠ ਕੇ ਭਗਤੀ ਕਰ ਰਹੇ ਸਨ। ਗੁਰੂ ਨਾਨਕ ਦੇਵ ਜੀ ਬਾਬਾ ਸੁੰਦਰ ਜੀ ਪਾਸ ਗਏ ਤਾਂ ਉਹ ਦਰਸ਼ਨ ਪਾ ਕੇ ਖੁਸ਼ੀ ਨਾਲ ਨਦਰੀ ਨਦਰਿ ਨਿਹਾਲ ਹੋ ਗਏ। ਬਾਬਾ ਜੀ ਦਾ ਗੁਰੂ ਜੀ ਨਾਲ ਬਹੁਤ ਬਚਨ ਬਿਲਾਸ ਹੋਇਆ। ਗੁਰੂ ਜੀ ਦੇ ਕਹਿਣ 'ਤੇ ਬਾਬਾ ਜੀ ਨੇ ਗ੍ਰਿਹਸਥ ਧਾਰਨ ਕਰ ਲਿਆ ਜਿਸ ਤੋਂ ਆਪ ਦੇ ਘਰ ਚਾਰ ਲੜਕਿਆਂ ਨੇ ਜਨਮ ਲਿਆ। ਬਾਬਾ ਜੀ ਨੇ ਮੂਸਾਪੁਰ ਪਿੰਡ ਦੀ ਮੋਹੜੀ ਗੱਡੀ ਅਤੇ ਇੱਥੇ ਰਹਿ ਕੇ ਸਿੱਖ ਧਰਮ ਦਾ ਬਹੁਤ ਪ੍ਰਚਾਰ ਕੀਤਾ। ਇੱਥੇ ਆਪ ਦੀ ਸਮਾਧ ਬਣੀ ਹੋਈ ਹੈ ਅਤੇ ਸੁੰਦਰ ਗੁਰਦੁਆਰਾ ਸੁਸ਼ੋਭਿਤ ਹੈ। ਇਸ ਸਮੇਂ ਆਪ ਦੀ 15ਵੀਂ, 16ਵੀਂ ਪੀੜ੍ਹੀ ਚਲ ਰਹੀ ਹੈ।

**ਭਾਈ ਮਾਲੋ ਜੀ–** ਗੁਰੂ ਨਾਨਕ ਦੇਵ ਜੀ ਜਗਤ ਜਲੰਦੇ ਨੂੰ ਤਾਰਦੇ ਹੋਏ ਸੈਦਪੁਰ ਤੋਂ ਬਾਅਦ ਭਾਈ ਮਾਲੋ ਜੀ ਨੂੰ ਮਿਲੇ। ਭਾਈ ਮਾਲੋ ਜੀ ਬਹੁਤ ਪੜ੍ਹਿਆ ਲਿਖਿਆ ਤੇ ਸਿਆਣਾ ਇਨਸਾਨ ਸੀ। ਆਪ ਪੇਸ਼ੇ ਤੋਂ ਤਰਖਾਣ ਸਨ। ਉਸ ਨੇ ਗੁਰੂ ਜੀ ਨੂੰ ਪੁੱਛਿਆ ਕਿ ਤੁਸੀਂ ਕਿਸੇ ਵੀ ਧਰਮ ਨੂੰ ਨਹੀਂ ਮੰਨਦੇ ਅਤੇ ਕਹਿੰਦੇ ਹੋ ਕਿ, "ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ"।। ਜੇ ਹਿੰਦੂ ਮੁਸਲਮਾਨ ਕੁੱਝ ਵੀ ਨਹੀ ਤਾਂ ਖੁਦਾ ਨੇ ਪੈਦਾ ਕਿਉਂ ਕੀਤੇ ਹਨ? ਗੁਰੂ ਕੀ ਨੇ ਕਿਹਾ ਕਿ ਜਿਨ੍ਹਾਂ ਨੇ ਸੱਚ ਨੂੰ ਪਛਾਣ ਲਿਆ ਹੈ ਉਹ ਹੀ ਪਾਰ ਉਤਨਗੇ, ਬਾਕੀ ਸਭ ਦੁਨੀਆਂ ਝੂਠ ਵਿੱਚ ਫਸੀ ਹੋਈ ਹੈ। ਇਹ ਗੱਲ ਸੁਣ ਕੇ ਭਾਈ ਮਾਲੋ ਜੀ ਗੁਰੂ ਜੀ ਦੇ ਚਰਨੀ ਢਹਿ ਪਏ ਤੇ ਕਹਿਣ ਲੱਗੇ, "ਹੇ ਬਾਬਾ ਨਾਨਕ! ਤੂੰ ਹੀ ਮੇਰਾ ਗੁਰੂ ਹੈਂ, ਤੂੰ ਹੀ ਮੇਰਾ ਪੀਰ ਹੈਂ, ਮੈਂ ਤੇਰਾ ਮੁਰੀਦ ਹਾਂ, ਮੇਰੇ ਤੇ ਕਿਰਪਾ ਕਰੋ ਤੇ ਮੈਨੂੰ ਆਪਣਾ ਸਿੱਖ ਬਣਾ ਲਓ"। ਭਾਈ ਮਾਲੋ ਜੀ ਗੁਰੂ ਨਾਨਕ ਦੇਵ ਜੀ ਦੇ ਅਨਿੰਨ ਸਿੱਖ ਹੋਏ ਜਿਨ੍ਹਾਂ ਨੇ ਗੁਰਸਿੱਖੀ ਦਾ ਪ੍ਰਚਾਰ ਬਹੁਤ ਦੂਰ-ਦੂਰ ਤੱਕ ਕੀਤਾ। ਇਨ੍ਹਾਂ ਦੇ ਪੁੱਤਰਾਂ ਅਤੇ ਪੋਤਰਿਆਂ ਨੇ ਵੀ ਸਿੱਖੀ ਦਾ ਪ੍ਰਚਾਰ ਕੀਤਾ।

–*ਲੇਖਕ ਸੈਣੀ ਬਰਾਦਰੀ ਨਾਲ ਸਬੰਧਤ ਸੇਵਾ ਮੁਕਤ ਆਈ.ਪੀ.ਐੱਸ. ਅਧਿਕਾਰੀ ਹਨ ਅਤੇ ਧਾਰਮਿਕ ਪੁਸਤਕਾਂ ਦੇ ਲਿਖਾਰੀ ਹਨ।



## DONORS OF REGULAR SCHOLARSHIPS
## Year 2019-20

Balbir Singh Saini
Saini Bhawan,
Rupnagar

| Sr.No | Name Of Donor | Address | Amount Donated (Rs.) |
|---|---|---|---|
| 1. | Late.Sh.L.R.Mundra | Haveli Kalan,Rupnagar | 70,00,000<br>2,49,897 |
| 2. | Lt.Col.G.R.Saini (Retd.) | Hoshiarpur | 20,45,000 |
| 3. | S.Baldev Singh Mundra | Kondivali-East,Mumbai | 17,52,111 |
| 4. | S.Hardev Singh Saini | Flemington (U.S.A.) | 11,00,000 |
| 5. | Advocate Lajpat Rai Saini | East of Kailash,New Delhi | 3,49,000 |
| 6. | S.Tekpal Singh Saini | Faridabad (Haryana) | 2,61,000 |
| 7. | Smt.Baldev Chaudhry | Rupnagar | 2,07,000 |
| 8 | Mrs.Rajinder Kaur | Mohali | 2,00,000 |
| 9. | Dr.Rajwant Singh | Mohali | 2,00,000 |
| 10. | S.Gurmukh Singh Saini (M.C.) | Rupnagar | 1,71,000 |
| 11. | Sh.B.R.Tumber | New Delhi | 1,46,200 |
| 12. | S.Charan Singh Saini | Mohali | 1,03,000 |
| 13. | Dr.Jaswant Kaur Saini | Rupnagar | 1,00,000 |
| 14. | Sh.Ujjal Dosanjh | Vancouvre (Canada) | 1,00,000 |
| 15. | Thekedar Gurmeet Singh Jattana | Chandigarh | 1,00,000 |
| 16. | S. Trilochan Singh Saini | Bhopal | 93,500 |
| 17. | Mrs.Gurjinder Kaur | Hoshiarpur | 1,75,000 |
| 18. | Smt.Ranjit Kaur Girn | California (USA) | 87,000 |
| 19. | S. Bhag Singh Saini | Noida | 57,300 |
| 20. | S.Baldev Singh Saini | Bhopal | 51,000 |
| 21. | S.Gurinder Singh Toni | Rupnagar | 50,000 |
| 22. | S.Jasbir Singh | Vancouvre (Canada) | 50,000 |
| 23. | Smt.Damyanti Saini | Bhopal | 50,000 |
| 24. | Sh. Ajit Saini | North Carilona (USA) | 30,000 |
| 25. | S. Sher Singh | Rupnagar | 25,000 |

## NEW FIVE YEAR MEMBERS OF "SAINI SANSAR"

Continued from 19 of 34th Issue

820. **S. Daljit Singh Saini**
SCO No. 1, Shima City, Zirakpur

821. **S. Tarsem Saini**
Nangal

822. **S. Karamjit Singh**
Jot Medical Store, Ropar

823. **Capt. Baldev Singh**
Vill. Thali Kalan, Distt. Ropar

824. **S. Mohinder Singh Parvana**
# 360, Tibba Sahib, Hoshiarpur

825. **S. Jasbir Singh**
Flat No. 1721/A, Sector 79, Mohali

826 **Ms. Shahnaz Singh**
12801, Monterery Beach Drive
Bahkersfiold, USA

827. **S. Paramjit Singh**
Zirakpur, Distt. Mohali

828. **S. Normolak Singh**
# 1461, 3B2, Mohali

829. **S. Rajinder Singh**
# 5, Sahibzada Jujhar Singh Ngr, Ropar



# ਗੁਰੂ ਨਾਨਕ ਸਾਹਿਬ ਦਾ ਬ੍ਰਹਿਮੰਡ ਵਿਗਿਆਨ

**ਡਾ. ਡੀ.ਪੀ. ਸਿੰਘ**
**ਉਨਟਾਰਿਓ (ਕੈਨੇਡਾ)**

ਗੁਰੂ ਨਾਨਕ ਦੇਵ ਜੀ ਨੇ ਬ੍ਰਹਿਮੰਡੀ ਸਿਰਜਣਾ ਨੂੰ ਕੁਦਰਤ ਦਾ ਨਾਮ ਦਿੱਤਾ ਹੈ। ਉਨ੍ਹਾਂ ਅਨੁਸਾਰ ਜੋ ਵੀ ਨਜ਼ਰ ਆਉਂਦਾ ਹੈ, ਸੁਣਾਈ ਦਿੰਦਾ ਹੈ, ਸਭ ਕੁਦਰਤ ਹੈ। ਗੁਰੂ ਜੀ ਦਾ ਕਥਨ ਹੈ- ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ।।

ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰ।।

**ਵਿਸ਼ਾਲਤਾ-** ਬ੍ਰਹਿਮੰਡ ਦੀ ਵਿਸ਼ਾਲਤਾ ਸਬੰਧੀ ਵੱਖ ਵੱਖ ਧਰਮਾਂ ਦੇ ਵੱਖਰੇ ਵੱਖਰੇ ਵਿਚਾਰ ਹਨ। ਈਸਾਈ, ਇਸਲਾਮ ਤੇ ਹਿੰਦੂ ਧਰਮ ਚੋਦਾਂ ਆਕਾਸ਼ ਤੇ ਪਾਤਾਲ ਦੱਸਦੇ ਹਨ ਪਰ ਗੁਰੂ ਨਾਨਕ ਜੀ ਇਸ ਨਾਲ ਸਹਿਮਤ ਨਹੀਂ। ਉਨ੍ਹਾਂ ਦਾ ਕਥਨ ਹੈ-

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।।

ਭਾਵ ਇੱਥੇ ਤਾਂ ਲੱਖਾਂ ਹੀ ਪਾਤਲ ਤੇ ਲੱਖਾਂ ਹੀ ਆਕਾਸ਼ ਹਨ। ਉਨ੍ਹਾਂ ਅਨੁਸਾਰ ਅਸੀਮ ਸਿਰਜਣਹਾਰ ਦੀ ਸਿਰਜਣਾ ਨੂੰ ਸੀਮਿਤ ਦੱਸਣਾ ਗਲਤ ਹੈ। ਉਹ 'ਨੇਤੀ' 'ਨੇਤੀ' ਵਾਲੀ ਭਾਵਨੀ ਅਨੁਸਾਰ ਅਥਾਹ ਪਸਾਰੇ ਦੀ ਗੱਲ ਕਰਦੇ ਹਨ:

ਅੰਤੁ ਨ ਜਾਪੈ ਕੀਤਾ ਆਕਾਰ।।
ਅੰਤੁ ਨ ਜਾਪੈ ਪਾਰਾਵਾਰੁ।।

ਵਿਗਿਆਨਕ ਪ੍ਰੇਖਣਾ ਤੋਂ ਵੀ ਬ੍ਰਹਿਮੰਡ ਦੇ ਆਖਰੀ ਕਿਨਾਰੇ ਦੀ ਅਜੇ ਤੱਕ ਥਾਹ ਨਹੀਂ ਪਾਈ ਜਾ ਸਕੀ। ਰੋਸ਼ਨੀ ਜਿੰਨੀ ਤੇਜ਼ ਰਫਤਾਰ( 3 ਲੱਖ ਕਿਲੋਮੀਟਰ ਪ੍ਰਤਿ ਸੈਕਿੰਡ) ਨਾਲ ਵੀ ਜੇ ਅਸੀਂ ਬ੍ਰਹਿਮੰਡ ਦੇ ਦਿਖਾਈ ਦਿੰਦੇ ਭਾਗ ਦੀਆਂ ਹੱਦਾਂ ਤੱਕ ਜਾਣ ਦੀ ਕੋਸ਼ਿਸ਼ ਕਰੀਏ ਤਾਂ ਅਜਿਹਾ ਕਰਨ ਲਈ ਸਾਨੂੰ ਦਸ ਅਰਬ ਸਾਲ ਲੱਗਣਗੇ। ਗੁਰੂ ਨਾਨਕ ਦੇਵ ਜੀ ਆਪਣੀ 'ਜਪੁ' ਬਾਣੀ ਵਿੱਚ ਬ੍ਰਹਿਮੰਡ ਦੀ ਅਨੰਤਤਾ ਤੇ ਅਸੀਮਤਾ ਦੀ ਵਿਸਥਾਰਸਹਿਤ ਵਿਆਖਿਆ ਕਰਦੇ ਦੱਸਦੇ ਹਨ ਕਿ ਇਸ ਵਿੱਚ ਬੇਅੰਤ ਸੂਰਜ,ਚੰਦ, ਦੇਵਤੇ- ਦੈਂਤ, ਰਿਸ਼ੀ-ਮੁਨੀ, ਜੀਵ-ਜੰਤੂ, ਪਰਬਤ, ਅਵਤਾਰ, ਪੌਣ-ਪਾਣੀ, ਅਗਨੀ, ਆਕਾਸ਼-ਪਾਤਾਲ, ਸਮੁੰਦਰ, ਪਹਾੜ, ਪਾਤਸ਼ਾਹ ਤੇ ਭਗਤ ਹਨ ਤੇ ਹੋ ਚੁੱਕੇ ਹਨ। ਇਸ ਤਰ੍ਹਾਂ ਗੁਰੂ ਜੀ ਕੁਦਰਤ ਦੇ ਇਨ੍ਹਾਂ ਅਮੁੱਲ ਖਜ਼ਾਨਿਆਂ ਤੇ ਉਨ੍ਹਾਂ ਦੀ ਬੇਅੰਤਤਾ ਤੇ ਵਿਭਿੰਨਤਾ ਦਾ ਵਿਸਤਾਰ ਕਰਦੇ ਹਨ। ਉਹ ਅਨੇਕ ਕਿਸਮਾਂ ਦੀ ਬਨਸਪਤੀ, ਜੀਵਜੰਤੂਆਂ, ਖਣਿਜੀ ਸੋਮਿਆਂ ਤੇ ਭਾਸ਼ਾਈ ਵੰਨਸੁਵੰਨਤਾ ਦਾ ਵਿਵਰਣ ਦਿੰਦੇ ਹਨ।

ਵਿਗਿਆਨੀਆਂ ਦਾ ਅੰਦਾਜ਼ਾ ਹੈ ਕਿ ਕੇਵਲ ਸਾਡੀ ਧਰਤੀ ਉਪਰ ਹੀ ਲਗਭੱਗ 1 ਤੋਂ 3 ਕਰੋੜ ਕਿਸਮਾਂ ਦੀ ਬਨਸਪਤੀ ਤੇ ਜੀਵਜੰਤੂ ਮੌਜੂਦ ਹਨ ਜਿਨ੍ਹਾਂ ਵਿੱਚੋਂ ਅਜੇ ਤੱਕ 14 ਲੱਖ ਕਿਸਮਾਂ ਬਾਰੇ ਹੀ ਜਾਣਕਾਰੀ ਹਾਸਲ ਕੀਤੀ ਜਾ ਸਕੀ ਹੈ।

**ਸ੍ਰਿਸ਼ਟੀ ਰਚਨਾ-** ਵਿਗਿਆਨੀਆਂ ਦੁਆਰਾ ਬ੍ਰਹਿਮੰਡ ਦੇ ਜਨਮ ਸਬੰਧੀ 'ਬਿੱਗ ਬੈਂਗ', 'ਸਟੈਡੀ ਸਟੇਟ ਥਿਊਰੀ' ਅਤੇ 'ਪਲਸੇਟਿੰਗ ਯੂਨੀਵਰਸ' ਜਿਹੇ ਸੁਝਾਏ ਵਿਭਿੰਨ ਸਿਧਾਂਤ ਇਸ ਘਟਨਾ ਬਾਰੇ ਨਿਸ਼ਚਿਤ ਤੌਰ 'ਤੇ ਕੁੱਝ ਕਹਿਣ ਤੋਂ ਅਸਮਰਥ ਹਨ।

ਹਿੰਦੂ ਧਾਰਮਿਕ ਗ੍ਰੰਥ ਬ੍ਰਹਿਮੰਡ ਦੇ ਅਨੇਕ ਯੁੱਗਾਂ ਤੇ ਕਾਲਾਂ ਦਾ ਜ਼ਿਕਰ ਕਰਦੇ ਹਨ। ਸੰਸਾਰ ਦੀਆਂ ਵਿਭਿੰਨ ਵਿਚਾਰਧਾਰਾਵਾਂ ਨੇ ਸ੍ਰਿਸ਼ਟੀ ਦੇ ਜਨਮ ਤੇ ਵਿਕਾਸ ਕਾਲ ਦੀ ਭਿੰਨ ਭਿੰਨ ਰੂਪਾਂ ਵਿੱਚ ਕਲਪਣਾ ਕੀਤੀ ਹੈ। ਕਈ ਧਾਰਮਿਕ ਗ੍ਰੰਥ ਤਾਂ ਸ੍ਰਿਸ਼ਟੀ ਦੇ ਜਨਮ ਸਮੇਂ ਤੋਂਹੁਣ ਤੱਕ ਗੁਜ਼ਰੇ ਸਾਲਾਂ ਦੀ ਗਿਣਤੀ ਵੀ ਦੱਸਦੇ ਹਨ। ਪਰੰਤੂ ਲਗਭਗ 550 ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਸਾਰੀਆਂ ਵਿਚਾਰਧਾਰਾਵਾਂ ਦਾ ਖੰਡਨ ਕਰਦਿਆਂ ਕਿਹਾ ਕਿ ਸ੍ਰਿਸ਼ਟੀ ਦੀ ਉਤਪਤੀ ਬਾਰੇ ਜਾਨਣਾ ਮਨੁੱਖੀ ਬੁੱਧੀ ਦੇ ਵੱਸ ਦੀ ਗੱਲ ਨਹੀਂ। ਇਸ ਦੇ ਨਾਲ ਹੀ ਉਨ੍ਹਾਂ ਨੇ ਵਿਗਿਆਨੀਆਂ ਤੋਂ ਬਹੁਤ ਪਹਿਲਾਂ ' ਕੀਤਾ ਪਸਾਉ ਏਕੋ ਕਵਾਉ।। ਤਿਸ ਤੇ ਹੋਏ ਲਖ ਦਰੀਆਉ।।' ਕਹਿ ਕੇ ਬਿਗ ਬੈਂਗ ਸਿਧਾਂਤ ਦੀ ਕਲਪਣਾ ਕਰ ਦਿੱਤੀ ਸੀ। ਸ੍ਰਿਸ਼ਟੀ ਦੇ ਜਨਮ ਤੋਂ ਪਹਿਲਾਂ ਦੇ ਹਾਲਾਤਾਂ ਬਾਰੇ ਵੀ ਆਪ ਨੇ ਦੱਸਿਆ-



'ਅਰਬਦ ਨਰਬਦ ਧੁੰਦੂਕਾਰਾ।।
ਧਰਣਿ ਨ ਗਗਨਾ ਹੁਕਮੁ ਅਪਾਰਾ।।
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ।।

ਅਜੋਕੇ ਵਿਗਿਆਨੀ ਵੀ ਬ੍ਰਹਿਮੰਡੀ ਪਸਾਰੇ ਦੇ ਸ਼ੁਰੂ ਹੋਣ ਤੋਂ ਪਹਿਲਾਂ ਚੰਨ, ਸੂਰਜ, ਧਰਤੀ, ਤਾਰੇ, ਆਕਾਸ਼-ਗੰਗਾਵਾਂ ਅਤੇ ਦਿਨਰਾਤ ਕਿਸੇ ਵੀ ਵਸਤੂ ਦੀ ਹੋਂਦ ਨਾ ਹੋਣ ਬਾਰੇ ਦੱਸਦੇ ਹਨ। ਇੰਞ ਗੁਰੂ ਨਾਨਕ ਦੇਵ ਜੀ ਦੇ ਬ੍ਰਹਿਮੰਡੀ ਪਸਾਰੇ ਦੇ ਆਦਿ, ਵਿਸਥਾਰ ਤੇ ਵਿਕਾਸ ਬਾਰੇ ਵਿਚਾਰ ਅਜੋਕੀਆਂ ਵਿਗਿਆਨਕ ਧਾਰਣਾਵਾਂ ਨਾਲ ਗੂੜ੍ਹਾ ਮੇਲ ਖਾਂਦੇ ਹਨ।

**ਸ੍ਰਿਸ਼ਟੀ ਦਾ ਕਾਰਜ ਢੰਗ-**ਖੋਜ ਕਾਰਜਾਂ ਨਾਲ ਵਿਗਿਆਨੀਆਂ ਨੇ ਜਾਣ ਲਿਆ ਹੈ ਕਿ ਕੁਦਰਤੀ ਵਰਤਾਰੇ ਨਿਸ਼ਚਿਤ ਨਿਯਮਾਂ ਤੇ ਸਿਸਟਮ ਦਾ ਪਾਲਣਾ ਕਰਦੇ ਹਨ। ਇਹ ਨਿਯਮ ਤੇ ਸਿਸਟਮ ਹਰ ਜਗ੍ਹਾ, ਹਰ ਸਮੇਂ ਤੇ ਹਰ ਕਿਸੇ ਲਈ ਇੱਕੋ ਜਿਹੇ ਹੁੰਦੇ ਹਨ। ਇਹ ਊਰਜਾ ਵਿੱਚੋਂ ਪੈਦਾ ਹੁੰਦੇ

ਹਨ ਅਤੇ ਇਸ ਵਿੱਚ ਹੀ ਸਮਾ ਜਾਂਦੇ ਹਨ। ਕੁਦਰਤੀ ਨਿਯਮ ਬ੍ਰਹਿਮੰਡ ਦੇ ਜਨਮ ਸਮੇਂ ਤੋਂ ਹੀ ਹੋਂਦ ਵਿੱਚ ਆ ਗਏ ਸਨ ਤੇ ਇਹ ਅਟੱਲ ਹਨ। ਵਿਗਿਆਨੀਆਂ ਦਾ ਮੰਨਣਾ ਹੈ ਕਿ ਮਨੁੱਖ ਆਪਣੇ ਗਿਆਨ ਤੇ ਸ਼ਕਤੀ ਨੂੰ ਭਾਵੇਂ ਜਿੰਨਾਂ ਮਰਜੀ ਵਧਾ ਲਵੇ ਪਰੰਤੂ ਉਹ ਕੁਦਰਤ 'ਤੇ ਸੰਪੂਰਨ ਕੰਟਰੋਲ ਪ੍ਰਾਪਤ ਨਹੀਂ ਕਰ ਸਕਦਾ।

ਗੁਰੂ ਨਾਨਕ ਜੀ ਦਾ ਵਿਚਾਰ ਹੈ ਕਿ ਅਕਾਲਪੁਰਖ(ਸਿਰਜਣਹਾਰ) ਸ਼ੁੱਧ ਚੇਤਨਾ ਹੈ। ਉਹ ਇੱਕ ਚੇਤਨਸ਼ਕਤੀ ਵਾਂਗ ਕੰਮ ਕਰਦਾ ਹੈ। ਕੁਦਰਤ ਤੇ ਇਸ ਦੇ ਸਾਰੇ ਵਰਤਾਰੇ ਸਿਰਜਣਹਾਰ ਦੁਆਰਾ ਸਥਾਪਿਤ ਨਿਯਮ(ਹੁਕਮ) ਅਨੁਸਾਰ ਵਾਪਰਦੇ ਹਨ:

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।। ( ਜਪੁ )

ਬ੍ਰਹਿਮੰਡ ਦੇ ਸਾਰੇ ਗ੍ਰਹਿ, ਜੀਵ-ਜੰਤੂ ਤੇ ਤੱਤ ਇਸ ਸਥਾਈ ਨਿਯਮ ਦੀ ਸੀਮਾ ਵਿੱਚ ਕਾਰਜ ਕਰਦੇ ਹਨ। ਸਾਰੇ ਬ੍ਰਹਿਮੰਡੀ ਬਲ, ਸਿਰਜਣਹਾਰ ਦੇ ਸਰਬਵਿਆਪਕ ਆਦੇਸ਼ਾਂ ( ਹੁਕਮ ਜਾਂ ਭੈਅ) ਦੀ ਪਾਲਣਾ ਕਰਦੇ ਹਨ:

ਭੈ ਵਿਚਿ ਪਵਣੁ ਵਹੈ ਸਦ ਵਾਉ।।
ਭੈ ਵਿਚਿ ਚਲਹਿ ਲਖ ਦਰੀਆਉ।।
ਭੈ ਵਿਚਿ ਅਗਨਿ ਕਢੈ ਵੇਗਾਰਿ।।
ਭੈ ਵਿਚਿ ਧਰਤੀ ਦਬੀ ਭਾਰਿ।।( ਵਾਰ ਆਸਾ ਪੰਨਾ-464)

ਵਿਗਿਆਨੀ ਜਿਸ ਨੂੰ ਹੀ ਊਰਜਾ ਕਹਿੰਦੇ ਹਨ, ਗੁਰੂ ਨਾਨਕ ਦੇਵ ਜੀ ਉਸੇ ਨੂੰ 'ਹੁਕਮ' ਆਖਦੇ ਹਨ। ਅੰਤਰ ਇਹ ਹੈ ਕਿ ਵਿਗਿਆਨੀ ਊਰਜਾ ਨੂੰ ਬਿਆਨ ਕਰਨ ਲਈ ਕੋਸ਼ਿਸ਼ਾਂ ਕਰਨ ਵਿੱਚ ਵਿਸ਼ਵਾਸ ਰਖਦੇ ਹਨ ਜਦੋਂ ਕਿ ਗੁਰੂ ਜੀ ਇਸ ਸਰਬਵਿਆਪਕ ਹੁਕਮ ਨੂੰ ਸੰਪੂਰਨ ਰੂਪ ਵਿੱਚ ਵਰਣਨ ਕਰ ਸਕਣ ਤੋਂ ਅਸਮਰਥਤਾ ਪ੍ਰਗਟਾਉਂਦੇ ਹਨ।

**ਕੁਦਰਤ ਦੀ ਅਸਚਰਜਤਾ-** ਅਸਚਰਜਤਾ ਉਹ 'ਕੁੱਝ' ਹੈ ਜੋ ਹੈਰਾਨ ਕਰਦਾ ਹੈ, ਜੋ ਪ੍ਰਸ਼ੰਸਾ ਤੇ ਖੁਸ਼ੀ ਦਾ ਕਾਰਨ ਬਣਦਾ ਹੈ। ਇਹ 'ਕੁੱਝ' ਜਗਿਆਸਾ ਭਰੀ ਉਤਸੁਕਤਾ ਪੈਦਾ ਕਰਦਾ ਹੈ। ਅਸਚਰਜਤਾ ਦਾ ਅਨੁਭਵ ਸਭ ਮਨੁੱਖਾਂ ਵਿੱਚ ਸਮਾਨ ਹੈ। ਇਹ ਕਿਸੇ ਧਾਰਮਿਕ ਵਿਅਕਤੀ ਤੇ ਵਿਗਿਆਨੀ ਵਿੱਚ ਫਰਕ ਨਹੀਂ ਰਖਦੀ। ਵਿਗਿਆਨੀ ਵੀ ਰਹੱਸਮਈ ਬ੍ਰਹਿਮੰਡ ਦੁਆਰਾ ਮੁਗਧ ਹੁੰਦਾ ਹੈ। ਬ੍ਰਹਿਮੰਡ ਇਕ ਸ਼ਕਤੀਸ਼ਾਲੀ ਪ੍ਰੇਰਕ ਬਲ ਦਾ ਸਰੋਤ ਹੈ। ਇਸ ਦੀ ਰਹੱਸਪੂਰਨ ਅਨੁਭੂਤੀ ਹੀ ਧਰਮ ਦਾ ਆਧਾਰ ਹੈ ਤੇ ਇਹੋ ਹੀ ਸਾਰੀਆਂ ਕਲਾਵਾਂ ਤੇ ਵਿਗਿਆਨਾਂ ਦੀ ਡੂੰਘੀ ਘਾਲਣਾ ਦਾ ਆਧਾਰ ਹੈ।

ਗੁਰੂ ਨਾਨਕ ਦੇਵ ਜੀ ਕੇਵਲ ਇੱਕ ਸਿੱਧ ਪੁਰਸ਼ ਜਾਂ ਰਵਾਇਤੀ ਰਹੱਸਵਾਦੀ ਹੀ ਨਹੀਂ ਸਨ, ਉਹ ਵਿਗਿਆਨਕ ਪ੍ਰਵਿਰਤੀ ਵਾਲੇ ਨਿਰੀਖਿਅਕ ਸਨ। ਕੁਦਰਤ ਦੀ ਖੂਬਸੂਰਤੀ ਦਾ ਵਰਣਨ ਕਰਦੇ ਹੋਏ ਉਹ 'ਅਸਚਰਜਤਾ' ਜਾਂ 'ਵਿਸਮਾਦ' ਤੱਤ ਉੱਤੇ ਜ਼ਿਆਦਾ ਜ਼ੋਰ ਦਿੰਦੇ ਹਨ:

ਵਿਸਮਾਦੁ ਨਾਦ ਵਿਸਮਾਦੁ ਵੇਦ।।
ਵਿਸਮਾਦੁ ਜੀਅ ਵਿਸਮਾਦੁ ਭੇਦ।।
ਵਿਸਮਾਦੁ ਰੂਪ ਵਿਸਮਾਦੁ ਰੰਗ।।
ਵਿਸਮਾਦੁ ਨਾਗੇ ਫਿਰਹਿ ਜੰਤ।।
ਵਿਸਮਾਦੁ ਪਉਣੁ ਵਿਸਮਾਦੁ ਪਾਣੀ।।
ਵਿਸਮਾਦੁ ਅਗਨੀ ਖੇਡਹਿ ਵਿਡਾਣੀ।।
(ਆਸਾ ਦੀ ਵਾਰ, ਪੰਨਾ-463)

ਕੁਦਰਤ ਦੇ ਬੇਅੰਤ ਨਜ਼ਾਰੇ ਜਿਨ੍ਹਾਂ ਤੋਂ ਕਾਦਰ ਦੀ ਕਾਰੀਗਰੀ ਦਾ ਕਮਾਲ ਪ੍ਰਗਟ ਹੁੰਦਾ ਹੈ, ਮਨੁੱਖ ਦੇ ਮਨ ਵਿੱਚ ਇੱਕ ਥੱਰਾਹਟ ਤੇ ਕਾਂਬਾ ਛੇੜ ਦਿੰਦੇ ਹਨ। ਇਹ ਹੀ 'ਵਿਸਮਾਦ' ਹੈ। ਗੁਰੂ ਨਾਨਕ ਦੇਵ ਜੀ ਆਪਣੀ ਰਚਨਾ, 'ਆਰਤੀ' ਵਿੱਚ ਵੀ ਕੁਦਰਤ ਦੇ ਸੁਹੱਪਣ ਦਾ ਵਿਸਮਾਦ ਵਿੱਚ ਆ ਕੇ ਵਰਣਨ ਕਰਦੇ ਹਨ:

ਗਗਨ ਮੈਂ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ।।
ਧੂਪ ਮਲਿਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ।।

ਇੰਞ ਗੁਰੂ ਨਾਨਕ ਦੇਵ ਜੀ ਚਕ੍ਰਿਤ ਹਨ ਕਿ ਕਿਵੇਂ ਸੰਪੂਰਨ ਸ੍ਰਿਸ਼ਟੀ ਵਜਦ ਵਿੱਚ ਆ ਕੇ ਤਰਤੀਬ ਵਿੱਚ ਕੰਮ ਕਰਦੀ ਹੈ। ਉਹ ਪਹਾੜ, ਪਾਣੀ, ਦਰਖੱਤ, ਫੁੱਲਾਂ, ਬੱਦਲਾਂ, ਸੂਰਜ, ਚੰਨ, ਤਾਰਿਆਂ ਤੇ ਉਸ ਸਭ ਕੁੱਝ ਨੂੰ ਜੋ ਅਸਚਰਜ ਜਨਕ ਨਜ਼ਰ ਆਉਂਦਾ ਹੈ, ਨੂੰ ਪਿਆਰ ਕਰਦੇ ਹਨ।

ਇਸ ਸਭ ਤੋਂ ਅਸੀਂ ਇਸ ਨਤੀਜੇ 'ਤੇ ਪੁੱਜਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਇੱਕ ਮਹਾਨ ਉਪਦੇਸ਼ਕ, ਵਿਲੱਖਣ ਦੂਰ-ਅੰਦੇਸ਼ ਤੇ ਰਹੱਸਵਾਦੀ ਮਹਾਂਪੁਰਸ਼ ਸਨ। ਉਨ੍ਹਾਂ ਦੀ ਅੰਤਰਦ੍ਰਿਸ਼ਟੀ ਤੇ ਅਨੁਭਵੀ ਗਿਆਨ ਨੇ ਅਗੰਮ-ਗਿਆਨ ਦਾ ਪ੍ਰਕਾਸ਼ ਕੀਤਾ ਅਤੇ ਸ੍ਰਿਸ਼ਟੀ ਦੀ ਉਤਪਤੀ ਸਬੰਧੀ ਸਾਡੇ ਗਿਆਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਉਨ੍ਹਾਂ ਨੇ ਬ੍ਰਹਿਮੰਡ-ਵਿਗਿਆਨ ਤੇ ਸ੍ਰਿਸ਼ਟੀ ਦੇ ਭੌਤਿਕ ਵਿਕਾਸ ਸਬੰਧੀ ਬਹੁਤ ਹੀ ਸਚੇਤਨ ਤੇ ਸੂਖਮ ਢੰਗ ਨਾਲ ਵਿਆਖਿਆਤਮਕ ਪ੍ਰਗਟਾ ਕੀਤਾ। ਉਨ੍ਹਾਂ ਦਾ ਇਹ ਵਰਣਨ ਵਿਆਪਕ ਰੂਪ ਵਿੱਚ ਅਜੋਕੀਆਂ ਵਿਗਿਆਨਕ ਖੋਜਾਂ ਦੇ ਨਿਰਣਿਆਂ ਨਾਲ ਮੇਲ ਖਾਂਦਾ ਹੈ।

(* ਲੇਖਕ ਸੈਣੀ ਬਰਾਦਰੀ ਨਾਲ ਸਬੰਧ ਰਖਦੇ ਹਨ। ਆਪ ਸ਼ਿਵਾਲਿਕ ਸਰਕਾਰੀ ਕਾਲਜ ਨੰਗਲ ਵਿਖੇ ਭੌਤਿਕ ਵਿਗਿਆਨ ਦੇ ਲੈਕਚਰਾਰ ਰਹੇ ਹਨ ਅਤੇ ਹੁਣ ਕੈਨੇਡਾ ਦੇ ਪੱਕੇ ਵਸਨੀਕ ਹਨ। ਇਹ ਲੇਖ ਉਨ੍ਹਾਂ ਦੀ ਪੁਸਤਕ-'ਧਰਮ ਅਤੇ ਵਿਗਿਆਨ' ਵਿੱਚੋਂ ਲਿਆ ਗਿਆ ਹੈ।)

## ਸ਼ਰਧਾਂਜਲੀ

ਮਾਸਟਰ ਦਰਸ਼ਨ ਸਿੰਘ ਵਾਸੀ ਪਿੰਡ ਖੇੜੀ ਸਲਾਬਤਪੁਰ, ਜ਼ਿਲ੍ਹਾ ਰੂਪਨਗਰ 15 ਸਤੰਬਰ 2019 ਨੂੰ ਅਕਾਲ ਚਲਾਣਾ ਕਰ ਗਏ ਹਨ। ਆਪ ਸਿਰਕੱਢ ਸੰਘਰਸ਼ੀ ਮੁਲਾਜ਼ਮ ਆਗੂ ਸਨ। ਆਪ ਸੇਵਾਮੁਕਤ ਜ਼ਿਲ੍ਹਾ ਸਿੱਖਿਆ ਅਫਸਰ ਡਾ. ਹਰਚਰਨ ਦਾਸ ਦੇ ਸਹੁਰਾ ਸਾਹਿਬ ਅਤੇ ਖ਼ੂਨਦਾਨੀ ਸ. ਦਲਜੀਤ ਸਿੰਘ ਜਗਜੀਤ ਨਗਰ ਦੇ ਮਾਮਾ ਜੀ ਸਨ। ਸੈਣੀ ਭਵਨ ਦੇ ਪ੍ਰਬੰਧਕ ਉਨ੍ਹਾਂ ਦੇ ਸਪੁੱਤਰ ਸਰਪੰਚ ਅਮਰਸੰਗ੍ਰਾਮ ਸਿੰਘ ਅਤੇ ਪਰਿਵਾਰ ਤੇ ਸਬੰਧੀਆਂ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ।



# ਗੁਰੂ ਨਾਨਕ ਫਲਸਫਾ - ਇੱਕ ਸਮਾਜਿਕ ਕ੍ਰਾਂਤੀ

ਇੰਜ. ਜਸਵਤ ਸਿੰਘ
ਜਲੰਧਰ

ਸੰਸਾਰ ਵਿੱਚ ਜਦੋਂ ਵੀ ਧਰਮ ਅਤੇ ਸਮਾਜਿਕ ਢਾਂਚੇ ਵਿੱਚ ਗਿਰਾਵਟ ਆਈ ਹੈ, ਉਦੋਂ ਹੀ ਅਕਾਲਪੁਰਖ ਨੇ ਕਿਸੇ ਮਹਾਨਪੁਰਸ਼ ਅਰਥਾਤ ਅਧਿਆਤਮਕ ਆਗੂ ਨੂੰ ਸੰਸਾਰ ਵਿੱਚ ਭੇਜਿਆ ਹੈ। ਇਸੇ ਮਨੋਰਥ ਅਧੀਨ ਹਜ਼ਰਤ ਮੂਸਾ ਨੇ ਯਹੂਦੀ ਧਰਮ, ਹਜ਼ਰਤ ਈਸਾ ਨੇ ਈਸਾਈ, ਹਜ਼ਰਤ ਮੁਹੰਮਦ ਸਾਹਿਬ ਨੇ ਇਸਲਾਮ ਅਤੇ ਮਹਾਤਮਾ ਬੁੱਧ ਨੇ ਬੁੱਧ ਧਰਮ ਦੀ ਸਥਾਪਨਾ ਕੀਤੀ। ਹਿੰਦੂ ਧਰਮ ਅਤੇ ਜੈਨ ਧਰਮ ਦਾ ਵਿਕਾਸ ਭਾਰਤ ਵਿੱਚ ਹੋਇਆ।

ਗੁਰੂ ਨਾਨਕ ਦੇਵ ਜੀ 1469 ਈ. ਨੂੰ ਪ੍ਰਗਟ ਹੋਏ। ਆਪ ਨੇ ਸਮਾਜ ਵਿਚ ਆਈ ਬਹੁਪੱਖੀ ਗਿਰਾਵਟ ਨੂੰ ਵੇਖ ਕੇ ਸੁਲਤਾਨਪੁਰ ਲੋਧੀ ਵਿਖੇ ' ਨਾ ਕੋਈ ਹਿੰਦੂ ਨਾ ਕੋ ਮੁਸਲਮਾਨ' ਕਹਿ ਕੇ ਪਰਿਵਰਤਨ ਦਾ ਨਾਹਰਾ ਲਾਇਆ ਅਤੇ ਮਨੁੱਖ ਦੇ ਪੁਨਰ ਨਿਰਮਾਣ ਲਈ, ਧਰਮ ਦੇ ਪੁਰਾਣੇ ਰੂਪ ਨੂੰ ਤੋੜ ਕੇ ਇਕ ਨਵਾਂ ਗਤੀਸ਼ੀਲ ਸਰੂਪ ਸਾਹਮਣੇ ਲਿਆਂਦਾ ਜਿਸ ਦੇ ਫਲਸਰੂਪ ਸਿੱਖ ਧਰਮ ਹੋਂਦ ਵਿਚ ਆਇਆ। ਉਸ ਸਮੇ ਭਾਰਤੀ ਸਮਾਜ ਚਾਰ ਵਰਣਾਂ ਵਿੱਚ ਵੰਡਿਆ ਹੋਇਆ ਸੀ। ਇਸ ਤੋਂ ਇਲਾਵਾ ਇਸਲਾਮੀ ਰਾਜ ਨੇ ਹਾਲਾਤ ਹੋਰ ਵੀ ਵਿਗਾੜ ਦਿੱਤੇ ਸਨ। ਉਸ ਸਮੇ ਕਾਜ਼ੀ, ਬ੍ਰਾਹਮਣ ਤੇ ਜੋਗੀ ਲੋਕਾਂ ਨੂੰ ਭਰਮ ਦੀਆਂ ਜੰਜੀਰਾਂ ਵਿੱਚ ਜਕੜ ਕੇ ਉਨ੍ਹਾਂ ਦੀ ਲੁੱਟ-ਖਸੁੱਟ ਕਰ ਰਹੇ ਸਨ। ਸਮਕਾਲੀ ਹਾਕਮ ਵੀ ਆਪਣੇ ਜ਼ੁਲਮਾਂ ਨਾਲ ਲੋਕਾਂ ਨੂੰ ਤੰਗ ਕਰਦੇ ਸਨ। ਇਸ ਕਾਰਨ ਸਮਾਜਿਕ ਕਦਰਾਂ-ਕੀਮਤਾਂ ਦਾ ਚੰਦਰਮਾ ਹਨੇਰੀ ਰਾਤ ਦੀ ਬੁੱਕਲ ਵਿੱਚ ਛੁਪਣ ਲਈ ਮਜ਼ਬੂਰ ਸੀ। ਗੁਰੂ ਜੀ ਨੇ ਫੁਰਮਾਇਆ-

ਕਾਦੀ ਕੂੜੁ ਬੋਲਿ ਮਲੁ ਖਾਇ। ਬ੍ਰਾਹਮਣੁ ਨਾਵੈ ਜੀਆ ਘਾਇ।
ਜੋਗੀ ਜੁਗਤਿ ਨ ਜਾਣੈ ਅੰਧੁ। ਤੀਨੇ ਓਜਾੜੇ ਕਾ ਬੰਧੁ
( ਅੰਗ-662)

ਗੁਰੂ ਨਾਨਕ ਦੇਵ ਜੀ ਅਜਿਹੇ ਮਹਾਨ ਕ੍ਰਾਂਤੀਕਾਰੀ ਧਾਰਮਿਕ ਆਗੂ ਸਨ ਜਿਨ੍ਹਾਂ ਦੀ ਵਿਚਾਰਧਾਰਾ ਨੇ ਸਾਰੀ ਮਨੁੱਖਤਾ ਨੂੰ ਇਕ ਮੁਕੰਮਲ ਫ਼ਲਸਫ਼ਾ ਦਿੱਤਾ ਜਿਸ ਦੇ ਫਲਸਰੂਪ ਸਮਾਜ ਵਿੱਚ ਇਕ ਇਨਕਲਾਬ ਆਇਆ। ਗੁਰੂ ਜੀ ਨੇ ਕਿਸੇ ਧਰਮ ਦਾ ਵਿਰੋਧ ਨਹੀਂ ਕੀਤਾ ਸਗੋਂ ਧਰਮ ਨੂੰ ਅੰਧਵਿਸ਼ਵਾਸ ਅਤੇ ਧਾਰਮਿਕ ਭੇਖਾਂ ਦੀ ਕੈਦ ਚੋਂ ਕੱਢ ਕੇ ਇਕ ਸੁਚੱਜੇ ਸਮਾਜ ਦੀ ਸਿਰਜਣਾ ਕੀਤੀ। ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਕਿਸੇ ਖਾਸ ਵਰਗ ਜਾਂ ਖਾਸ ਇਲਾਕੇ ਦੇ ਲੋਕਾਂ ਲਈ ਨਹੀਂ ਸੀ। ਆਪ ਨੇ ਦੂਰ-ਦੂਰ ਤੱਕ ਜਾ ਕੇ ਸਾਰੀ ਮਾਨਵਤਾ ਨੂੰ ਆਪਣੀ ਵਿਚਾਰਧਾਰਾ ਨਾਲ ਪ੍ਰੇਰਿਤ ਕੀਤਾ। ਇਸ ਮੰਤਵ ਨੂੰ ਪੂਰਾ ਕਰਨ ਲਈ ਆਪ ਨੇ ਉਦਾਸੀਆਂ ਦੌਰਾਨ ਸਮੇਂ ਦੇ ਪ੍ਰਸਿੱਧ ਪੰਡਤਾਂ, ਕਾਜ਼ੀਆਂ, ਜੋਗੀਆਂ, ਨਾਥਾਂ, ਪੀਰਾਂ ਤੇ ਫਕੀਰਾਂ ਨਾਲ ਗੋਸ਼ਟੀਆਂ ਕਰ ਕੇ ਪ੍ਰਮਾਤਮਾ ਦੀ ਸਰਵਵਿਆਪਕਤਾ ਦਾ ਸਿਧਾਂਤ ਸਪਸ਼ਟ ਕੀਤਾ। ਗੁਰੂ ਨਾਨਕ ਦਾ ਫ਼ਲਸਫ਼ਾ ਇਸ ਤੱਥ ਨੂੰ ਵੀ ਉਜਾਗਰ ਕਰਦਾ ਹੈ ਕਿ ਹਰ ਮਨੁੱਖ ਧਰਮ ਨਾਲ ਜੁੜਨ ਤੋਂ ਪਹਿਲਾਂ ਇਕ ਇਨਸਾਨ ਹੈ। ਇਨਸਾਨੀਅਤ ਹੀ ਸਰਵੋਤਮ ਧਰਮ ਹੈ। ਆਪ ਨੇ ਸਾਰੀ ਮਾਨਵਤਾ ਨੂੰ ਬਰਾਬਰੀ ਦਾ ਦਰਜਾ ਦੇ ਕੇ ਛੋਟੀ ਜਾਤਿ ਦੇ ਲੋਕਾਂ ਵਿਚ ਸਨਮਾਨ ਭਰੀ ਜ਼ਿੰਦਗੀ ਜੀਉਣ ਦਾ ਜ਼ਜ਼ਬਾ ਪੈਦਾ ਕੀਤਾ। ਸ਼ੂਦਰ ਵਰਗ ਨੂੰ ਤਾਂ ਰੱਬੀ ਗਿਆਨ ਪ੍ਰਾਪਤ ਕਰਨ ਦਾ ਹੱਕ ਵੀ ਨਹੀਂ ਸੀ। ਔਰਤਾਂ ਨੂੰ ਵੀ ਸਮਾਜਿਕ ਤੇ ਧਾਰਮਿਕ ਖੇਤਰਾਂ ਵਿਚ ਯੋਗ ਸਥਾਨ ਨਹੀਂ ਸੀ ਦਿੱਤਾ ਜਾਂਦਾ। ਗੁਰੂ ਨਾਨਕ ਦੇਵ ਜੀ ਨੇ ਇਸ ਸੋਚਣੀ ਵਿਰੁੱਧ ਖੁਲ੍ਹ ਕੇ ਪ੍ਰਚਾਰ ਕੀਤਾ। ਆਪ ਨੇ ਨੀਵੀਂ ਜਾਤਿ ਦੇ ਮਰਦਾਨਾ ਅਤੇ ਭਾਈ ਲਾਲੋ ਨੂੰ ਆਪਣੇ ਸਾਥੀ ਬਣਾਇਆ ਅਤੇ ਆਖਿਆ-



' ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।
ਨਾਨਕੁ ਤਿਨ ਕੈ ਸੰਗ ਸਾਥਿ ਵਡਿਆ ਸਿਉ ਕਿਆ ਰੀਸ'।

ਗੁਰੂ ਨਾਨਕ ਦੇਵ ਜੀ ਨੇ ਸਮਾਜ ਦੇ ਦੁੱਖ-ਸੁੱਖ ਨਾਲ ਵੀ ਸਾਂਝ ਪਾਈ। ਆਪ ਨੇ ਬਾਬਰ ਦੇ ਹਮਲੇ ਸਮੇ ਐਮਨਾਬਾਦ ਵਿੱਚ ਹੋਏ ਜ਼ੁਲਮ ਦੇ ਕਹਿਰ ਨੂੰ ਅੱਖੀਂ ਦੇਖਦਿਆਂ ਦਰਦਭਰੀ ਆਵਾਜ਼ ਵਿੱਚ ਕਿਹਾ-'ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨਾ ਆਇਆ'।ਆਪ ਨੇ ਸਮਾਜਿਕ ਬਿਖਰਾਓ, ਜਾਤ-ਪਾਤ ਅਤੇ ਉਚ-ਨੀਚ ਦੀ ਭਾਵਨਾ ਨਾਲ ਲਿਪਤ ਸਮਾਜਿਕ ਸੋਚ ਨੂੰ ਸਹੀ ਦਿਸ਼ਾ ਦੇਣ ਲਈ ਸੰਗਤ ਤੇ ਪੰਗਤ ਦੀ ਪ੍ਰਥਾ ਸ਼ੁਰੂ ਕੀਤੀ। ਇਸ ਨਾਲ ਗਰੀਬ-ਅਮੀਰ ਅਤੇ ਹਰ ਵਰਗ ਦੇ ਲੋਕ ਇਕੋ ਹੀ ਸਥਾਨ 'ਤੇ ਬਰਾਬਰੀ ਦੀ ਪੰਗਤ ਵਿੱਚ ਬੈਠ ਕੇ ਲੰਗਰ ਛਕਦੇ ਹਨ।

ਗੁਰੂ ਨਾਨਕ ਜੀ ਦੀ ਵਿਚਾਰਧਾਰਾ ਇੰਨੀ ਉਚੀ-ਸੁੱਚੀ ਤੇ ਵਿਸ਼ਾਲ ਹੈ ਕਿ ਮਨੁੱਖ ਅਜੇ ਵੀ ਉਸ ਪੱਧਰ ਤੱਕ ਨਹੀਂ ਪਹੁੰਚ ਸਕਿਆ ਅਤੇ ਨਾ ਹੀ ਵੱਖ-ਵੱਖ ਧਰਮਾਂ ਦੀ ਸੋਚ ਤੋਂ ਉਪਰ ਉੱਠ ਕੇ ਆਪਣੀ ਜੀਵਨ ਪ੍ਰਵਿਰਤੀ ਨੂੰ ਬਦਲ ਸਕਿਆ ਹੈ। ਇਨਸਾਨ ਆਪਣੇ ਧਰਮ ਦੀ ਵਾਹਵਾਹ ਖੱਟਣ ਦੀ ਦੌੜ ਵਿੱਚ ਵਿਅਸਤ ਹੈ। ਗੁਰੂ ਜੀ ਦੇ ਫਲਸਫੇ ਅਨੁਸਾਰ ਧਰਮ ਦੀ ਪਰਿਭਾਸ਼ਾ ਹੈ- ਅਕਾਲਪੁਰਖ ਦੇ ਨਾਮ ਦਾ ਸਿਮਰਨ ਕਰਨਾ ਅਤੇ ਸ਼ੁੱਭ ਕਰਮ ਕਰਨੇ। ਸਮੇਂ ਦੀ ਲੋੜ ਹੈ ਕਿ ਗੁਰੂ ਨਾਨਕ ਫ਼ਲਸਫ਼ੇ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਅਮਲੀ ਰੂਪ ਦੇ ਕੇ ਸਾਰੀ ਮਨੁੱਖਤਾ ਨੂੰ ਇੱਕ ਸੱਚੇ ਇਨਸਾਨੀ ਭਾਈਚਾਰੇ ਨਾਲ ਜੋੜਿਆ ਜਾਵੇ ਅਤੇ ਇਨਸਾਨ ਦੀ ਇਨਸਾਨੀਅਤ ਨੂੰ ਇੱਕ ਧਰਮ ਦੇ ਰੂਪ ਵਿੱਚ ਸਦਾ ਲਈ ਕਾਇਮ ਰੱਖਿਆ ਜਾਵੇ।



ਖਾਲਸਾ ਪੰਥ ਦੇ ਸੰਕਟ-ਨਿਵਾਰਕ

# ਗੁਰੂ ਨਾਨਕ ਦੇਵ ਦੇ ਵੰਸ਼ਜ - ਬਾਬਾ ਸਾਹਿਬ ਸਿੰਘ ਬੇਦੀ (ਊਨਾ)

ਪ੍ਰਿਤਪਾਲ ਸਿੰਘ
ਰੂਪਨਗਰ

ਖਰਾਜ ਯੋਗੀ ਬਾਬਾ ਸਾਹਿਬ ਸਿੰਘ ਬੇਦੀ ਊਨਾ ਵਾਲੇ ਉਨ੍ਹਾਂ ਮਹਾਨ ਸਖਸ਼ੀਅਤਾਂ ਵਿੱਚੋਂ ਸਨ ਜਿਨ੍ਹਾਂ ਨੇ ਸੰਕਟ ਸਮੇ ਪੰਥ ਦੀ ਯੋਗ ਅਗਵਾਈ ਕਰਕੇ ਖਾਲਸਾ ਰਾਜ ਨੂੰ ਪੱਕੀਆਂ ਨੀਹਾਂ 'ਤੇ ਸਥਾਪਿਤ ਕਰਨ ਵਿੱਚ ਪ੍ਰਮੁੱਖ ਭੂਮਿਕਾ ਨਿਭਾਈ। ਆਪ ਨੇ ਆਪਣੀ ਬਿਰਤੀ ਪ੍ਰਮਾਤਮਾ ਨਾਲ ਜੋੜ ਕੇ, ਹੱਥ ਵਿੱਚ ਸ਼ਮਸ਼ੀਰ ਫੜ ਕੇ ਅਤੇ ਘੋੜੇ ਦੀ ਕਾਠੀ 'ਤੇ ਸਵਾਰ ਹੋ ਕੇ ਤਖਤ ਦੀ ਯੋਗ ਸੰਭਾਲ ਕੀਤੀ।

ਆਪ ਦਾ ਜਨਮ 1756 ਵਿੱਚ ਬਾਬਾ ਨਾਨਕ ਜੀ ਦੇ ਨੌਵੇਂ ਵੰਸ਼ਜ ਬਾਬਾ ਕਲਾਧਾਰੀ ਜੀ ਦੇ ਪੁੱਤਰ ਬਾਬਾ ਅਜੀਤ ਸਿੰਘ ਜੀ ਦੇ ਘਰ ਡੇਹਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤਰ ਬਾਬਾ ਸ੍ਰੀ ਲਖਮੀ ਚੰਦ ਜੀ ਉਦਾਸੀ ਬ੍ਰਹਮਚਾਰੀ ਸਨ ਅਤੇ ਛੋਟੇ ਪੁੱਤਰ ਬਾਬਾ ਲਖਮੀ ਚੰਦ ਜੀ ਜੋ ਕਿ ਗ੍ਰਹਿਸਥੀ ਸਨ ਦੇ ਪੁੱਤਰ ਬਾਬਾ ਧਰਮ ਚੰਦ ਜੀ ਸਨ। ਇਨ੍ਹਾਂ ਦੀ ਪੀੜ੍ਹੀ ਚਲਦੀ ਰਹੀ ਜਿਸ ਵਿੱਚ ਬਾਬਾ ਮਾਣਕ ਚੰਦ, ਬਾਬਾ ਦਾਤਾਰ ਚੰਦ, ਬਾਬਾ ਪਹਾੜ ਚੰਦ, ਬਾਬਾ ਹਰਕਰਨ ਚੰਦ, ਬਾਬਾ ਨਿਹਾਲ ਚੰਦ ਤੇ ਬਾਬਾ ਕਲਾਧਾਰੀ ਜੀ ਹੋਏ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਬਾਬਾ ਕਲਾਧਾਰੀ ਜੀ ਗੱਦੀ 'ਤੇ ਬਿਰਾਜਮਾਨ ਸਨ ਜੋ ਅਕਸਰ ਗੁਰੁ ਜੀ ਪਾਸ ਆਨੰਦਪੁਰ ਆਉਂਦੇ-ਜਾਂਦੇ ਰਹਿੰਦੇ ਸਨ।

ਬਾਬਾ ਸਾਹਿਬ ਸਿੰਘ ਜੀ ਬਚਪਨ ਤੋਂ ਹੀ ਗੰਭੀਰ, ਸੰਤ ਸਰੂਪ, ਅਲੌਕਿਕ ਗੁਣਾ ਵਾਲੇ ਅਤੇ ਸੰਸਾਰਿਕ ਪਦਾਰਥਾਂ ਤੋਂ ਨਿਰਲੇਪ ਰਹਿਣ ਵਾਲੇ ਮਹਾਂਪੁਰਸ਼ ਸਨ। ਬਚਪਨ ਤੋਂ ਤੀਖਣ ਬੁੱਧੀ ਦੇ ਹੋਣ ਕਾਰਨ ਆਪ ਨੇ ਸ਼ਾਸਤਰ ਅਤੇ ਸ਼ਸਤਰ ਵਿੱਦਿਆ ਜਲਦੀ ਹੀ ਗ੍ਰਹਿਣ ਕਰ ਲਈ। ਆਪ 16 ਸਾਲ ਦੀ ਉਮਰ ਵਿੱਚ ਧਰਮ ਪ੍ਰਚਾਰ ਕਰਨ ਲਈ ਕਸ਼ਮੀਰ ਵੱਲ ਚੱਲ ਪਏ। ਸ਼੍ਰੀਨਗਰ ਦੀਆਂ ਸੰਗਤਾਂ ਆਪ ਦੀ ਨੌਜਵਾਨ ਉਮਰ ਵਿੱਚ ਹੀ ਸਿੱਖ ਇਤਿਹਾਸ ਤੇ ਗੁਰਬਾਣੀ ਸਬੰਧੀ ਵਿਚਾਰਾਂ ਤੋ ਬਹੁਤ ਪ੍ਰਭਾਵਿਤ ਹੋਈਆਂ। ਸੰਨ 1774 ਵਿੱਚ ਪਿਤਾ ਦੀ ਮੌਤ ਹੋ ਜਾਣ'ਤੇ ਆਪ ਨੇ ਗੁਰਮਤਿ-ਪ੍ਰਚਾਰ ਦੇ ਕਾਰਜ ਨੂੰ ਸੰਪੂਰਨ ਰੂਪ ਵਿੱਚ ਸੰਭਾਲ ਲਿਆ। ਆਪ ਆਪਣੇ ਠਰ੍ਹੰਮੇ ਸੁਭਾ ਸਦਕਾ ਇਲਾਕੇ ਦੇ ਰਜਵਾੜਿਆਂ, ਸਰਦਾਰਾਂ ਤੇ ਜਗੀਰਦਾਰਾਂ ਵਿੱਚ ਸਮਝੌਤੇ ਕਰਵਾਉਣ ਕਾਰਨ ਹਰਮਨਪਿਆਰੇ ਸਨ। ਬਾਬਾ ਜੀ ਦਾ ਪੰਥ ਵਿੱਚ ਬਹੁਤ ਸਤਿਕਾਰ ਸੀ। ਉਹ ਜਿੱਥੇ ਗੁਰੂ-ਪੁੱਤਰ ਸਨ ਉੱਥੇ ਮਹਾਂਪੁਰਸ਼ ਵੀ ਸਨ। ਉਨ੍ਹਾਂ ਨੇ ਸੋਢੀ ਬਾਬਿਆਂ ਵਾਂਗ ਕਦੇ ਸਖਸ਼ੀ ਪੂਜਾ ਨਹੀਂ ਸੀ ਕਰਵਾਈ। ਉਹ ਆਪਣੇ ਆਪ ਨੂੰ ਗੁਰੂ ਪੰਥ ਦਾ ਦਾਸ ਸਮਝਦਿਆਂ ਸੰਗਤ ਨੂੰ ਗੁਰੂ ਸ਼ਬਦ ਨਾਲ ਜੁੜਨ, ਅੰਮ੍ਰਿਤ ਛਕਣ ਅਤੇ ਸ਼ਸਤਰ ਵਿੱਦਿਆ ਲੈਣ ਦੀ ਪ੍ਰੇਰਨਾ ਦਿੰਦੇ ਸਨ।

ਆਪ ਦੇ ਸਮੇਂ ਭਾਵੇਂ ਸਿੱਖ ਮਿਸਲਾਂ ਦਾ ਰਾਜ ਸੀ ਪਰ ਇਹ ਆਪਸੀ ਫੁੱਟ ਦਾ ਸ਼ਿਕਾਰ ਹੋ ਕੇ ਇੱਕ-ਦੂਜੇ ਵਿਰੁੱਧ ਸਾਜ਼ਿਸ਼ਾਂ ਕਰਦੇ ਅਤੇ ਆਪੋ ਵਿੱਚ ਲੜਦੇ ਰਹਿੰਦੇ ਸਨ। ਇਨ੍ਹਾਂ ਦੀ ਫੁੱਟ ਦਾ ਲਾਭ ਉਠਾ ਕੇ ਅਫਗਾਨ, ਮਰਹੱਟੇ, ਗੋਰਖੇ ਅਤੇ ਅੰਗ੍ਰੇਜ਼ ਪੰਜਾਬ ਉੱਤੇ ਕਬਜ਼ਾ ਕਰਨ ਲਈ ਤਰਲੋਮੱਛੀ ਸਨ। ਬਾਬਾ ਸਾਹਿਬ ਸਿੰਘ ਜੀ ਸਾਰੀਆਂ ਮਿਸਲਾਂ ਦੇ ਸਰਦਾਰਾਂ ਨੂੰ ਸਿੱਖੀ-ਸਿਧਾਂਤਾਂ ਰਾਹੀਂ ਏਕਤਾ ਵਿੱਚ ਪਰੋ ਕੇ ਵਿਸ਼ਾਲ ਖਾਲਸਾ ਰਾਜ ਸਥਾਪਿਤ ਕਰਨ ਦੀ ਤਾਂਘ ਰਖਦੇ ਸਨ। ਇਸ ਲਈ ਬਾਬਾ ਜੀ ਨੇ ਖਾਲਸਾ ਫੌਜ ਤਿਆਰ ਕੀਤੀ ਜਿਸ ਦੀ ਨਫਰੀ 7000 ਦੇ ਕਰੀਬ ਸੀ। ਉਹ ਆਪਣੀ ਫੌਜ ਵਿੱਚ ਕੇਵਲ ਅੰਮ੍ਰਿਤਧਾਰੀ ਤੇ ਪੂਰੇ ਨਿੱਤਨੇਮੀ ਜਵਾਨ ਹੀ ਭਰਤੀ ਕਰਦੇ ਸਨ। ਆਪ ਭਰਵੇਂ ਸਰੀਰ, ਚੌੜੀ ਛਾਤੀ ਤੇ ਲੰਮੀਆਂ ਬਾਹਾਂ ਵਾਲੇ ਸੋਹਣੇ ਤੇ ਸੁਡੌਲ ਸਨ। ਆਪ ਤਲਵਾਰ, ਤੀਰ, ਤੋੜੇਦਾਰ ਬੰਦੂਕ ਚਲਾਉਣ ਵਿੱਚ ਨਿਪੁੰਨ ਸਨ। ਯੁੱਧ ਦੇ ਮੈਦਾਨ ਵਿੱਚ ਆਪਣੀਆਂ ਫੌਜਾਂ ਤੋਂ ਮੂਹਰੇ ਹੋ ਕੇ ਲੜਦੇ ਸਨ।



ਬਾਬਾ ਜੀ ਨੂੰ ਗਿਆਨ ਸੀ ਕਿ ਆਉਣ ਵਾਲੇ ਸਮੇਂ ਵਿੱਚ ਸਿੱਖ ਮਿਸਲਾਂ ਦੇ ਸਰਦਾਰਾਂ ਵਿੱਚੋਂ ਸਿਰਫ ਸਰਦਾਰ ਰਣਜੀਤ ਸਿੰਘ ਅਜਿਹਾ ਨੌਜਵਾਨ ਹੈ ਜੋ ਕਿ ਖਾਲਸਾ ਰਾਜ ਦੇ ਤਖਤ 'ਤੇ ਬੈਠਣ ਦੇ ਯੋਗ ਹੈ। ਇਸ ਲਈ ਉਹ ਉਸ ਦੀ ਲੋੜ ਪੈਣ 'ਤੇ ਸਹਾਇਤਾ ਕਰਿਆ ਕਰਦੇ ਸਨ। ਜਦੋਂ 15 ਸਤੰਬਰ, 1794 ਨੂੰ ਸਰਦਾਰ ਜੋਧ ਸਿੰਘ ਵਜ਼ੀਰਾਬਾਦੀਆ ਵਲੋਂ ਰਣਜੀਤ ਸਿੰਘ 'ਤੇ ਹਮਲਾ ਕੀਤਾ ਤਾਂ ਬਾਬਾ ਸਾਹਿਬ ਸਿੰਘ ਜੀ ਰਣਜੀਤ ਸਿੰਘ ਦੀ ਮਦਦ ਲਈ ਪਹੁੰਚ ਗਏ ਅਤੇ ਲੜਾਈ ਟਲ ਗਈ। ਮਾਰਚ 1795 ਵਿੱਚ ਰਣਜੀਤ ਸਿੰਘ ਦੇ ਪਿਤਾ ਸ. ਮਹਾਂ ਸਿੰਘ ਦੇ ਦਿਹਾਂਤ ਹੋ ਗਿਆ ਤਾਂ ਬਾਬਾ ਸਾਹਿਬ ਸਿੰਘ ਉਨ੍ਹਾਂ ਦੇ ਭੋਗ 'ਤੇ ਪਹੁੰਚੇ। ਆਪ ਨੇ ਅੰਤਿਮ ਅਰਦਾਸ ਉਪਰੰਤ ਸਰਦਾਰ ਰਣਜੀਤ ਸਿੰਘ ਦੇ ਸਿਰ 'ਤੇ ਦਸਤਾਰ ਸਜਾ ਕੇ ਅਸ਼ੀਰਵਾਦ ਦਿੱਤੀ। ਇਸ ਮੌਕੇ ਸਰਦਾਰ ਜੋਧ ਸਿੰਘ ਭੰਗੀ ਅਤੇ ਸਰਦਾਰ ਦਲ ਸਿੰਘ ਭੰਗੀ ਰਣਜੀਤ ਸਿੰਘ ਦਾ ਕਤਲ ਕਰਨਾ ਚਾਹੁੰਦੇ ਸਨ। ਇਸ ਦਾ ਪਤਾ ਲੱਗਣ 'ਤੇ ਬਾਬਾ ਜੀ ਨੇ ਫੈਸਲਾ ਕੀਤਾ ਕਿ

ਉਹ ਰਣਜੀਤ ਸਿੰਘ ਨੂੰ ਉਨ੍ਹਾਂ ਚਿਰ ਆਪਣੀ ਛਤਰਛਾਇਆ ਹੇਠ ਰੱਖਣਗੇ ਜਿਨ੍ਹਾਂ ਚਿਰ ਤੱਕ ਉਹ ਵਿਰੋਧੀਆਂ ਦਾ ਮੁਕਾਬਲਾ ਕਰਨ ਦੇ ਸਮਰੱਥ ਨਹੀਂ ਹੋ ਜਾਂਦਾ। ਬਾਬਾ ਜੀ ਚਾਹੁੰਦੇ ਸਨ ਕਿ ਸਭ ਮਿਸਲਾਂ ਦੇ ਸਰਦਾਰ ਆਪਸ ਵਿੱਚ ਮਿਲਜੁਲ ਕੇ ਰਹਿਣ ਅਤੇ ਵੈਰੀਆਂ ਦਾ ਇਕੱਠਿਆਂ ਮੁਕਾਬਲਾ ਕਰਨ। ਇਸ ਲਈ ਸਰਦਾਰਾਂ ਦੇ ਛੋਟੇ ਮੋਟੇ ਮਸਲੇ ਸਹਿਮਤੀ ਨਾਲ ਨਿਪਟਾ ਦਿੰਦੇ ਸਨ। ਜਦੋਂ 1796 ਵਿੱਚ ਰਣਜੀਤ ਸਿੰਘ ਦੀਆਂ ਫੌਜਾਂ ਨੇ ਜੱਸਾ ਸਿੰਘ ਆਹਲੂਵਾਲੀਆਂ ਨੂੰ ਮਿਆਣੀ ਦੇ ਕਿਲੇ ਵਿੱਚ ਘੇਰ ਲਿਆ ਤਾਂ ਬਾਬਾ ਜੀ ਨੇ ਨਿਜੀ ਦਖਲ ਦੇ ਕੇ ਸਮਝੌਤਾ ਕਰਵਾ ਕੇ ਭਰਾਮਾਰ ਲੜਾਈ ਤੋਂ ਬਚਾ ਕਰ ਦਿੱਤਾ।

1798 ਵਿੱਚ ਕਾਬਲ ਦੇ ਬਾਦਸ਼ਾਹ ਸ਼ਾਹ ਜ਼ਮਾਨ ਨੇ ਪਠਾਣਾਂ ਦੀ ਭਾਰੀ ਫੌਜ ਨਾਲ ਪੰਜਾਬ 'ਤੇ ਹਮਲਾ ਕਰ ਦਿੱਤਾ। ਇਸ ਸਮੇ ਬਾਬਾ ਸਾਹਿਬ ਸਿੰਘ ਜੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਨ। ਆਪ ਨੇ ਇਸ ਸੰਕਟ ਦਾ ਹਲ ਲੱਭਣ ਲਈ ਸਰਬੱਤ ਖਾਲਸਾ ਬੁਲਾਇਆ ਜਿਸ ਵਿੱਚ ਸਾਰੀਆਂ ਮਿਸਲਾਂ ਦੇ ਸਰਦਾਰਾਂ ਨੂੰ ਸ਼ਾਮਿਲ ਕੀਤਾ ਗਿਆ ਅਤੇ ਇਕੱਠੇ ਹੋ ਕੇ ਲੜਨ ਦੀ ਵਿਉਂਬੰਦੀ ਕੀਤੀ ਗਈ। ਜਦੋਂ ਸ਼ਾਹ ਜ਼ਮਾਨ ਖਾਲਸਾ ਫੌਜ ਦਾ ਮਕਾਬਲਾ ਨਾ ਕਰ ਸਕਿਆ ਤਾਂ ਉਸ ਨੇ ਸਿੱਖ ਸਰਦਾਰਾਂ ਵਿੱਚ ਫੁੱਟ ਪਾਉਣ ਲਈ ਆਪਣਾ ਏਲਚੀ ਵੱਖ ਵੱਖ ਸਰਦਾਰਾਂ ਕੋਲ ਭੇਜਿਆ ਕਿ ਉਹ ਲਾਹੌਰ ਦੀ ਸਰਦਾਰੀ ਸਿੰਘਾਂ ਨੂੰ ਦੇਣਾ ਚਾਹੁੰਦਾ ਹੈ। ਬਹੁਤੇ ਸਿੱਖ ਸਰਦਾਰ ਉਸ ਦੀ ਚਾਲ ਵਿੱਚ ਫਸਣ ਲਈ ਤਿਆਰ ਹੋ ਗਏ। ਜਦੋਂ ਬਾਬਾ ਸਾਹਿਬ ਸਿੰਘ ਜੀ ਨੂੰ ਇਸ ਦਾ ਪਤਾ ਲੱਗਾ ਤਾਂ ਆਪ ਨੇ ਸਿੱਖ ਸਰਦਾਰਾਂ ਨੂੰ ਝਾੜਾਂ ਪਾਈਆਂ ਅਤੇ ਸ਼ਾਹ ਜ਼ਮਾਨ ਨੂੰ ਸੁਨੇਹਾ ਭੇਜਿਆ ਕਿ ਉਹ ਆਪਣੇ ਦੇਸ਼ ਪਰਤ ਜਾਵੇ ਨਹੀਂ ਤਾਂ ਖਾਲਸਾ ਪੰਥ ਆਪਣੀ ਸ਼ਮਸ਼ੀਰ ਦੇ ਜ਼ੋਰ ਨਾਲ ਉਸ ਨੂੰ ਵਾਪਿਸ ਭੇਜਣ ਦਾ ਪ੍ਰਬੰਧ ਕਰੇਗਾ। ਇਸ ਨਾਲ ਸ਼ਾਹ ਜ਼ਮਾਨ ਵਾਪਿਸ ਮੁੜ ਗਿਆ।

ਪੰਜਾਬ ਅਤੇ ਖਾਲਸਾ ਪੰਥ ਦੇ ਬਚਾਉ ਹਿਤ ਬਾਬਾ ਸਾਹਿਬ ਸਿੰਘ ਨੇ 12 ਅਪ੍ਰੈਲ, 1801 ਨੂੰ ਵਿਸਾਖੀ ਵਾਲੇ ਦਿਨ ਲਾਹੌਰ ਵਿੱਚ ਵੱਡੇ ਵੱਡੇ ਸਰਦਾਰਾਂ ਅਤੇ ਸਿਰਕੱਢ ਨਾਗਰਿਕਾਂ ਦਾ ਇਕੱਠ ਕਰ ਕੇ ਸਰਦਾਰ ਰਣਜੀਤ ਸਿੰਘ ਦੇ ਮੱਥੇ 'ਤੇ ਤਿਲਕ ਲਗਾ ਕੇ ਉਸ ਨੂੰ ਖਾਲਸਾ ਰਾਜ ਦਾ ਮੁੱਖ ਸੇਵਾਦਾਰ ਥਾਪਿਆ ਅਤੇ ਫਜ਼ਲੇ ਅਕਾਲ, ਖਾਦਮੇ ਕੌਮ, ਵਾਲੀਏ ਖਾਲਸਾ ਸਰਕਾਰ ਸ਼ੇਰੇ ਪੰਜਾਬ ਖਿਤਾਬਾਂ ਨਾ ਨਿਵਾਜਿਆ। ਇਸ ਸਮੇਂ ਬਾਬਾ ਜੀ ਨੇ ਰਣਜੀਤ ਸਿੰਘ ਨੂੰ ਆਸ਼ੀਰਵਾਦ ਦੇ ਕੇ ਸਿੱਖੀ ਵਿੱਚ ਪਰਿਪੱਕ ਰਹਿਣ ਅਤੇ ਹੰਕਾਰ ਤੇ ਨਸ਼ਿਆਂ ਤੋਂ ਦੂਰ ਰਹਿਣ ਦੀ ਨਸੀਹਤ ਦਿੱਤੀ। ਭਾਵੇਂ ਬਾਅਦ ਵਿੱਚ ਮਹਾਰਾਜਾ ਰਣਜੀਤ ਸਿੰਘ ਡੋਗਰਿਆਂ ਦੇ ਢਹੇ ਚੜ੍ਹ ਕੇ ਖਾਲਸਾ ਰਾਜ ਲਈ ਮੁਸੀਬਤਾਂ ਸਹੇੜਦੇ ਰਹੇ ਪਰ ਬਾਬਾ ਜੀ ਨੇ ਪਰ ਔਖੇ ਸਮੇ ਉਨ੍ਹਾਂ ਦਾ ਸਾਥ ਦਿੱਤਾ। ਜਦੋਂ ਡੋਗਰਿਆਂ ਨੇ ਰਣਜੀਤ ਸਿੰਘ ਨੂੰ ਗੁੰਮਰਾਹ ਕਰ ਕੇ ਉਸ ਨੂੰ ਅਕਾਲ ਤਖਤ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਦੇ ਵਿਰੁੱਧ ਕਰ ਦਿੱਤਾ ਤਾਂ ਬਾਬਾ ਜੀ ਨੇ ਆਪਣਾ ਦਖਲ ਦੇ ਕੇ ਰਣਜੀਤ ਸਿੰਘ ਨੂੰ ਸਮਝਾਇਆ ਅਤੇ ਮਹਾਰਾਜੇ ਨੇ ਜਥੇਦਾਰ ਤੋਂ ਮੁਆਫੀ ਮੰਗੀ। ਖਾਲਸਾ ਰਾਜ ਨੂੰ ਪੱਕੇ ਪੈਰੀਂ ਕਰਨ ਲਈ 1802 ਈ. ਵਿੱਚ ਬਾਬਾ ਜੀ ਨੇ ਆਪਣੇ ਅਸਰ ਰਸੂਖ ਨਾਲ ਆਹਲੂਵਾਲੀਆ ਮਿਸਲ ਦੇ ਸਰਦਾਰ ਫਤਿਹ ਸਿੰਘ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਪੱਗ ਵਟਾ ਕੇ ਦੋਵਾਂ ਨੂੰ ਭਰਾਤਰੀ ਪਿਆਰ ਵਿੱਚ ਬੰਨ੍ਹ ਦਿੱਤਾ। ਬਾਬਾ ਜੀ ਨੂੰ ਖਾਲਸਾ ਪੰਥ ਅਤੇ ਉਸ ਦੀ ਫੌਜ ਦੀ ਸ਼ਕਤੀ 'ਤੇ ਪੂਰਨ ਭਰੋਸਾ ਸੀ। ਇਸ ਲਈ ਆਪ ਮਹਾਰਾਜਾ ਰਣਜੀਤ ਸਿੰਘ ਵਲੋਂ 1809 ਵਿੱਚ ਅੰਗ੍ਰੇਜ਼ਾਂ ਨਾਲ ਸਤਲੁਜ ਦਰਿਆ ਕੀਤੀ ਸੰਧੀ ਨਾਲ ਸਹਿਮਤ ਨਹੀਂ ਸਨ। ਉਹ ਤਾਂ ਅੰਗ੍ਰੇਜ਼ੀ ਫੌਜ ਨਾਲ ਟੱਕਰ ਲੈ ਕੇ ਖਾਲਸਾ ਰਾਜ ਦਾ ਵਿਸਤਾਰ ਕਰਨਾ ਚਾਹੁੰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੀ ਇਸ ਰਾਜਨੀਤਿਕ ਕਮਜ਼ੋਰੀ ਅਤੇ ਡੰਗ-ਟਪਾਊ ਨੀਤੀ ਕਾਰਨ ਖੁਦਗਰਜ਼ ਡੋਗਰੇ ਖਾਲਸਾ ਰਾਜ 'ਤੇ ਹਾਵੀ ਹੋ ਗਏ ਅਤੇ ਮਹਾਰਾਜੇ ਦੀ ਮੌਤ ਤੋਂ ਬਾਅਦ ਇਨ੍ਹਾਂ ਨੇ ਫੌਜ ਵਿੱਚ ਫੁੱਟ ਪਾ ਕੇ ਖਾਲਸਾ ਰਾਜ ਨੂੰ ਅੰਗ੍ਰੇਜ਼ ਦੀ ਝੋਲੀ ਪਾ ਦਿੱਤਾ।

ਖਾਲਸਾ ਰਾਜ ਦੀ ਸ਼ਕਤੀ ਵਧਾਉਣ ਲਈ ਬਾਬਾ ਜੀ ਨੇ 1786 ਵਿੱਚ ਊਨਾ ਵਿਖੇ ਇਕ ਕਿਲੇ ਦੀ ਉਸਾਰੀ ਕਰਵਾਈ ਸੀ। ਇੱਥੇ ਹੀ ਸਿੱਖ ਰਾਜ ਦੇ ਮਸਲੇ ਹੱਲ ਕੀਤੇ ਜਾਂਦੇ ਸਨ।ਇਸ ਕਾਰਨ ਮਹਾਰਾਜਾ ਰਣਜੀਤ ਸਿੰਘ ਸਮੇਤ ਜਰਨੈਲ ਹਰੀ ਸਿੰਘ ਨਲੂਆ, ਸਿੰਘ ਸਾਹਿਬ ਅਕਾਲੀ ਫੂਲਾ ਸਿੰਘ, ਸ਼ਾਮ ਸਿੰਘ ਅਟਾਰੀ, ਬਾਬਾ ਬਘੇਲ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਕੰਵਰ ਨੌਨਿਹਾਲ ਸਿੰਘ, ਸਰਦਾਰ ਫਤਿਹ ਸਿੰਘ ਅਹਲੂਵਾਲੀਆ, ਸਰਦਾਰ ਅਮੀਰ ਸਿੰਘ ਸੰਧਾਵਾਲੀਆ, ਸਰਦਾਰਨੀ ਸਦਾ ਕੌਰ ਕਨ੍ਹਈਆ, ਸਰਦਾਰ ਬੁੱਧ ਸਿੰਘ ਸਿੰਘਪੁਰੀਆ, ਸਰਦਾਰ ਮੰਗਲ ਸਿੰਘ ਰਾਮਗੜ੍ਹੀਆ ਤੇ ਬਾਬਾ ਬੀਰ ਸਿੰਘ ਨੌਰੰਗਾਬਾਦ ਇੱਥੇ ਆਏ ਸਨ।

ਆਪ 1834 ਵਿੱਚ 78 ਸਾਲ ਦੀ ਉਮਰ ਵਿੱਚ ਅਕਾਲਚਲਾਣਾ ਕਰ ਗਏ। ਆਪ ਤੋਂ ਬਾਅਦ ਸੰਨ 1848 ਵਿੱਚ ਇਸ ਕਿਲੇ ਤੋਂ ਹੀ ਬਾਬਾ ਸਾਹਿਬ ਸਿੰਘ ਦੇ ਸਪੁੱਤਰ ਬਾਬਾ ਬਿਕਰਮਾ ਸਿੰਘ ਨੇ ਅੰਗ੍ਰੇਜ਼ਾਂ ਦੇ ਖਿਲਾਫ ਧਰਮ-ਯੁੱਧ ਦਾ ਆਰੰਭ ਕੀਤਾ ਸੀ। ਸਿੱਟੇ ਵਜੋਂ ਅੰਗ੍ਰੇਜ਼ਾਂ ਨੇ ਇਸ ਕਿਲੇ ਨੂੰ ਢਹਿਢੇਰੀ ਕਰ ਦਿੱਤਾ ਸੀ ਅਤੇ ਬਾਬਾ ਬਿਕਰਮਾ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਸੀ। ਇਸ ਸਮੇ ਬਾਬਾ ਸਾਹਿਬ ਸਿੰਘ ਜੀ ਦੇ ਸੱਤਵੇਂ ਵਾਰਸ ਬਾਬਾ ਸਰਬਜੋਤ ਸਿੰਘ ਬੇਦੀ ਇੱਥੇ ਰਹਿੰਦੇ ਹਨ।

(ਇਸ ਲੇਖ ਵਿੱਚ ਦਿੱਤੇ ਵੇਰਵੇ ਅਤੇ ਤੱਥ ਬਾਬਾ ਸਰਬਜੋਤ ਸਿੰਘ ਬੇਦੀ ਦੀ ਲਿਖੀ ਪੁਸਤਕ- 'ਇਤਿਹਾਸ, ਬਾਬਾ ਸਾਹਿਬ ਸਿੰਘ ਜੀ ਬੇਦੀ' ਵਿੱਚੋਂ ਧੰਨਵਾਦ ਸਹਿਤ ਲਏ ਗਏ ਹਨ। -ਸੰਪਾਦਕ)

* * * * *



## ਵਿਥਿਆ ਚੋਲਾ ਸਾਹਿਬ ਦੀ

**ਦਵਿੰਦਰ ਸਿੰਘ ਗਿੱਲ**
ਜੀਆ ਨੱਥਾ

ਸਾਹਿਬ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਇਤਿਹਾਸਕ ਵਸਤਾਂ ਵਿੱਚ ਇੱਕ ਉਨ੍ਹਾਂ ਦਾ **ਪਾਵਨ ਚੋਲਾ** ਹੈ ਜੋ ਕਿ ਬੇਦੀ ਬਾਬਿਆਂ ਕੋਲ ਡੇਰਾ ਬਾਬਾ ਨਾਨਕ (ਜ਼ਿਲ੍ਹਾ ਗੁਰਦਾਸਪੁਰ) ਵਿਚ ਸੁਰੱਖਿਅਤ ਹੈ। ਇਸ ਉੱਪਰ ਮੁਕੱਦਸ ਕੁਰਾਨ ਦੀਆਂ ਆਇਤਾਂ ਲਿਖੀਆਂ ਹੋਈਆਂ ਹਨ। ਇਹ ਚੋਲਾ ਇੱਕ ਸ਼ੀਸ਼ੇ ਦੇ ਬਕਸੇ ਵਿੱਚ ਸਾਂਭਿਆ ਪਿਆ ਹੈ ਜਿਸ ਦੇ ਲੇਖਕ ਨੇ ਖੁਦ ਦਰਸ਼ਨ ਕੀਤੇ ਹਨ।

ਇਸ ਚੋਲੇ ਬਾਰੇ ਵਿਦਵਾਨਾਂ ਦੇ ਵਿਚਾਰ ਵੱਖਰੇ ਵੱਖਰੇ ਹਨ। ਸ. ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ, ਇਹ ਚੋਲਾ ਗੁਰੂ ਜੀ ਨੂੰ ਪੱਛਮ ਦੀ ਉਦਾਸੀ ਸਮੇਂ ਇੱਕ ਖਲੀਫੇ ਨੇ ਭੇਂਟ ਕੀਤਾ ਸੀ। ਇਸ ਖਲੀਫੇ ਦੇ ਕੋਈ ਔਲਾਦ ਨਹੀਂ ਸੀ ਅਤੇ ਗੁਰੂ ਜੀ ਦੀ ਬਖਸ਼ਿਸ਼ ਨਾਲ ਉਸ ਦੇ ਘਰ ਪੁੱਤਰ ਨੇ ਜਨਮ ਲਿਆ ਸੀ। ਉਦਾਸੀ ਤੋਂ ਬਾਅਦ ਗੁਰੂ ਜੀ ਇਹ ਚੋਲਾ ਕਰਤਾਰਪੁਰ ਲੈ ਆਏ ਸਨ।

ਚੋਲਾ ਸਾਹਿਬ ਬਾਰੇ ਸਭ ਤੋਂ ਪੁਰਾਤਨ ਹਵਾਲਾ ਫਾਰਸੀ ਦੀ ਲਿਖਤ, 'ਕਯੂਫਾਤਿ ਗੁਰੂ ਨਾਨਕ ਸਾਹਿਬ' ਵਿੱਚ ਵਿਸਥਾਰਸਹਿਤ ਮਿਲਦਾ ਹੈ। ਇਸ ਅਨੁਸਾਰ ਕਾਜ਼ੀ ਰੁਕਨਦੀਨ ਨੇ ਇਹ ਚੋਲਾ ਗੁਰੂ ਜੀ ਨੂੰ ਮੱਕਾ ਵਿਖੇ ਪੱਛਮ ਦੀ ਉਦਾਸੀ ਸਮੇਂ ਭੇਂਟ ਕੀਤਾ ਸੀ। ਗੁਰੂ ਜੀ ਇਹ ਚੋਲਾ ਪਹਿਨ ਕੇ ਪੰਜਾਬ ਆਏ ਸਨ ਅਤੇ ਇਹ ਪੰਚਮ ਪਾਤਸ਼ਾਹ ਤੱਕ ਸੀਨਾ ਬਸੀਨਾ ਗੁਰ ਗੱਦੀ ਨਸ਼ੀਨੀ ਸਮੇਂ ਗੁਰੂ ਸਾਹਿਬਾਨ ਤੱਕ ਪਹੁੰਚਦਾ ਰਿਹਾ ਸੀ। ਫਿਰ ਪੰਚਮ ਪਾਤਸ਼ਾਹ ਦੇ ਇੱਕ ਸਿੱਖ, ਭਾਈ ਤੋਤਾ ਜੀ ਪੱਛਮ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਲਈ ਇਸ ਚੋਲੇ ਨੂੰ ਨਾਲ ਲੈ ਗਏ ਸਨ। ਉੱਥੋਂ ਗੁਰੂ ਨਾਨਕ ਦੇਵ ਜੀ ਦੇ 8ਵੇਂ, ਵੰਸ਼ਜ ਬਾਬਾ ਕਾਬਲੀ ਮੱਲ ਚੋਲਾ ਸਾਹਿਬ ਨੂੰ ਡੇਰਾ ਬਾਬਾ ਨਾਨਕ ਲੈ ਕੇ ਆਏ ਸਨ।

ਪੰਜਾਬੀ ਯੂਨੀਵਰਸਿਟੀ ਦੇ ਮੈਗਜ਼ੀਨ 'ਨਾਨਕ ਪ੍ਰਕਾਸ਼' ਅਤੇ 'ਸਪੋਕਸਮੈਨ' ਅਖਬਾਰ ਵਿੱਚ ਛਪੇ ਲੇਖਾਂ ਅਨੁਸਾਰ ਕਾਜ਼ੀ ਰੁਕਨਦੀਨ ਦੇ ਵੰਸ਼ਜ ਸਈਦ ਮੁਸ਼ਤਾਕ ਹੁਸੈਨ ਨੂੰ ਮਦੀਨੇ ਤੋਂ ਗੁਰੂ ਨਾਨਕ ਦੇਵ ਜੀ ਦੀ ਪੱਛਮ ਦੀ ਉਦਾਸੀ ਸਬੰਧੀ ਦੋ ਪੁਸਤਕਾਂ ਪ੍ਰਾਪਤ ਹੋਈਆਂ। ਇਕ ਹੈ- ਖਵਾਜ਼ਾ ਜੈਨ ਲਉ ਅਬਾਦੀਨ ਦੀ ਲਿਖੀ, ' ਤਾਰੀਖੇ ਅਰਬ' ਅਤੇ ਦੂਜੀ- ਤਾਜਦੀਨ ਦੀ ' ਸਿਯਾਹਤੋ ਬਾਬਾ ਨਾਨਕ ਫਕੀਰ' ਭਾਵ ਸਫ਼ਰਨਾਮਾ ਸ਼੍ਰੀ ਗੁਰੂ ਨਾਨਕ ਦੇਵ ਜੀ। ਵਿਦਵਾਨਾਂ ਦਾ ਵਿਚਾਰ ਹੈ ਕਿ ਜਦੋਂ ਕਾਜ਼ੀ ਰੁਕਨਦੀਨ ਨੇ ਮੱਕਾ ਵਿਖੇ ਗੁਰੂ ਜੀ ਨਾਲ ਗੋਸ਼ਟੀ ਕੀਤੀ ਸੀ ਤਾਂ ਉਸ ਸਮੇਂ ਖਵਾਜ਼ਾ ਜੈਨ ਲਉ ਅਬਾਦੀਨ ਉੱਥੇ ਹਾਜ਼ਰ ਸਨ। 'ਤਾਰੀਖੇ ਅਰਬ' ਪੁਸਤਕ ਵਿਚ ਲਿਖਿਆ ਹੈ ਕਿ ਕਾਜ਼ੀ ਰੁਕਨਦੀਨ ਗੁਰੂ ਜੀ ਦੀ ਅਦਭੁੱਤ ਸ਼ਖ਼ਸ਼ੀਅਤ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦਾ ਸਿੱਖ ਬਣ ਗਿਆ ਸੀ। ਇਨ੍ਹਾਂ ਪੁਸਤਕਾਂ ਦਾ ਮੁਤਾਲਬਾ ਕਰਨ ਤੋਂ ਬਾਅਦ 1935 ਈ. ਵਿੱਚ ਸਯਦ ਮੁਸ਼ਤਾਕ ਹੁਸੈਨ ਗੁਰੂ ਘਰ ਨਾਲ ਜੁੜ ਗਿਆ। ਉਸ ਨੇ ਪਰਿਵਾਰ ਸਮੇਤ ਗੁਰਸਿੱਖੀ ਧਾਰਨ ਕਰ ਲਈ ਅਤੇ ਉਹ ਖੁਦ ਸਈਦ ਪ੍ਰਿਥੀਪਾਲ ਸਿੰਘ, ਉਸ ਦੀ ਬੇਗਮ ਗੁਲਜ਼ਾਰ ਬੇਗਮ, ਇੰਦਰਜੀਤ ਕੌਰ ਅਤੇ ਬੇਟਾ ਮਹਿਮੂਦ ਨਜ਼ੀਰ, ਭਗਤ ਸਿੰਘ ਬਣ ਗਿਆ।

ਇਨ੍ਹਾਂ ਲਿਖਤਾਂ ਅਨੁਸਾਰ ਜਦੋਂ ਗੁਰੂ ਜੀ ਮੱਕਾ ਤੋਂ ਅੱਗੇ ਜਾਣ ਲਈ ਤਿਆਰ ਹੋ ਗਏ ਤਾਂ ਰੁਕਨਦੀਨ ਨੇ ਇਹ ਚੋਲਾ ਉਨ੍ਹਾਂ ਨੂੰ ਪਹਿਨਾ ਦਿੱਤਾ ਅਤੇ ਆਪ ਕੰਦਰਾਂ ਵਿੱਚ ਤਪੱਸਿਆ ਕਰਨ ਚਲੇ ਗਿਆ। ਬਾਅਦ ਵਿੱਚ ਮੱਕੇ ਦੇ ਮੌਲਾਣਿਆਂ ਨੇ ਕਾਜ਼ੀ ਰੁਕਨਦੀਨ ਨੂੰ ਕੰਦਰਾਂ ਵਿੱਚੋਂ ਘਸੀਟ ਕੇ ਬਾਹਰ ਕੱਢਿਆ ਅਤੇ ਉਸ ਦਾ ਮੂੰਹ ਕਾਲਾ ਕਰ ਕੇ ਮੱਕੇ ਦੁਆਲੇ ਘੁਮਾਇਆ। ਫਿਰ ਉਸ ਨੂੰ ਜ਼ਮੀਨ ਵਿੱਚ ਗਰਦਨ ਤੱਕ ਗੱਡ ਕੇ ਉਸ ਤੋਂ ਪੁੱਛਪ੍ਰਤੀਤ ਕੀਤੀ। ਅੱਗੋਂ ਕਾਜ਼ੀ ਨੇ ਕਿਹਾ ਕਿ ਹੁਣ ਉਹ ਗੁਰੂ ਨਾਨਕ ਦਾ ਸਿੱਖ ਬਣ ਚੁੱਕਾ ਹੈ ਅਤੇ ਆਖਰੀ ਸਾਹ ਤੱਕ ਸਿੱਖ ਰਹੇਗਾ।



ਅੰਤ ਕਾਜ਼ੀ ਰੁਕਨਦੀਨ ਨੂੰ ਸੰਗਸਾਰ ਕੀਤਾ ਗਿਆ ਭਾਵ ਪੱਥਰ ਮਾਰ ਮਾਰ ਕੇ ਸ਼ਹੀਦ ਕੀਤਾ ਗਿਆ। ਉਸ ਦੇ ਕਬੀਲੇ ਦੇ ਲੋਕਾਂ ਨੂੰ ਮੱਕੇ ਵਿੱਚੋਂ ਕੱਢ ਦਿੱਤਾ ਗਿਆ। ਹੁਣ ਵੀ ਇਸ ਕਬੀਲੇ ਦੇ ਲੋਕ ਬੈਤੂਲ ਦੇ ਇਲਾਕੇ ਅਤੇ ਅਫ਼ਗਾਨਿਸਤਾਨ ਵਿੱਚ ਰਹਿ ਰਹੇ ਹਨ। ਉਹ ਅੱਜ ਵੀ ਕੇਸ ਰਖਦੇ ਹਨ ਅਤੇ ਗੁਰੂ ਨਾਨਕ ਨੂੰ ਆਪਣਾ ਰਹਿਬਰ ਮੰਨਦੇ ਹਨ। ਇਸੇ ਤਰ੍ਹਾਂ ਇਰਾਕ ਵਿੱਚ ' ਅਲਸਬੀਆ' ਜਾਂ 'ਸੂਬੀ' ਲੋਕ ਵਸਦੇ ਹਨ ਜੋ ਆਪਣੇ ਆਪ ਨੂੰ ਗੁਰੂ ਨਾਨਕ ਦੇ ਸਿੱਖ ਕਹਾਉਂਦੇ ਹਨ।

ਇੱਕ ਲਿਖਤ ਅਨੁਸਾਰ ਜਦੋਂ ਇਹ ਚੋਲਾ ਕਿਸੇ ਤਰ੍ਹਾਂ ਪੱਛਮ ਦੇ ਇਲਾਕੇ ਵਿੱਚ ਮੁਸਲਮਾਨਾਂ ਦੇ ਹੱਥ ਆ ਗਿਆ ਤਾਂ ਉਨ੍ਹਾਂ ਨੇ ਇਸ ਨੂੰ ਕਿਸੇ ਕੰਦਰ ਵਿੱਚ ਛੁਪਾ ਕੇ ਉੱਪਰ ਭਾਰੀ ਪੱਥਰ ਰੱਖ ਦਿੱਤਾ। ਜਦੋਂ 1740 ਈ. ਵਿੱਚ ਬਾਬਾ ਕਾਬਲੀ ਮੱਲ ਜੀ ਇਸ ਮੁਕੱਦਸ ਚੋਲੇ ਨੂੰ ਲੈਣ ਗਏ ਤਾਂ ਪਹਿਲਾਂ ਤਾਂ ਮੁਸਲਮਾਨਾਂ ਨੇ ਇਸ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ ਪਰ ਫਿਰ ਬਾਬਾ ਜੀ ਦੀਆਂ ਅਜ਼ਮਤਾਂ ਤੋਂ ਡਰ ਕੇ ਕੰਦਰ ਵਿੱਚੋਂ ਕੱਢ ਕੇ ਉਨ੍ਹਾਂ ਨੂੰ ਸੌਂਪ ਦਿੱਤਾ। ਬਾਬਾ ਕਾਬਲੀ ਮੱਲ ਜੀ ਇਸ ਪਵਿੱਤਰ ਚੋਲੇ ਨੂੰ ਡੇਰਾ ਬਾਬਾ ਨਾਨਕ ਲੈ ਆਏ। ਹਰ ਸਾਲ

-ਬਾਕੀ ਸਫਾ 37 ਤੇ'....



ਕਵਿਤਾ

## ਨਾਨਕ ਝੀਰਾ-ਬਿਦਰ

ਭਾਗ ਸਿੰਘ ਰਾਹੀ ਮਹਿਤਪੁਰੀ

ਪੰਜ ਸਦੀਆਂ ਪਹਿਲਾਂ ਦੀ ਇੱਕ ਗੱਲ ਸੁਣਾਵਾਂ ਜੀ,
ਤੇ ਸੋਹਣੇ ਬਾਬੇ ਦੇ ਕੁੱਝ ਚੋਜ ਅਲਾਵਾਂ ਜੀ।
ਇੱਕ ਮਸਤ ਦਿਹਾੜਾ ਸੀ ਤੇ ਅਜਬ ਨਜ਼ਾਰਾ ਸੀ,
ਜਗ ਤਾਰਕ ਬਾਬਾ ਜੀ ਬਿਦਰ ਵਿੱਚ ਆ ਬੈਠੇ।
ਤੇ ਬਾਹਰ ਬਸਤੀ ਤੋਂ ਸੀ ਆਸਣ ਲਾ ਬੈਠੇ।
ਸੁਣੋ ਸੋਹਣੇ ਬਾਲਾ ਜੀ, ਚੰਗੇ ਮਰਦਾਨਾ ਜੀ,
ਕਿਆ ਨੂਰ ਅਲਾਹੀ ਏ, ਤੇ ਬਾਣੀ ਆਈ ਏ।
ਹੁਣ ਸਾਜ਼ ਬਜਾ ਲਈਏ, ਮਾਲਕ ਨੂੰ ਧਿਆ ਲਈਏ,
ਤਦ ਤਾਨਾਂ ਸੂੰਗ ਪਈਆਂ, ਤੇ ਜੂਹਾਂ ਗੂੰਜ ਪਈਆਂ।
ਕੁੱਝ ਪੰਛੀ ਆ ਬੈਠੇ ਤੇ ਹਿਰਨ ਚੁਪਾਏ ਜੀ,
ਕੁੱਝ ਬੁੱਢੇ ਬੱਚੇ ਜੀ, ਮਾਵਾਂ ਦੇ ਜਾਏ ਜੀ।
ਜਦ ਬਿਰਤੀ ਖੁਲ੍ਹੀ ਤਾਂ ਬਾਬੇ ਮੁਸਕਾਏ ਜੀ,
ਕੁੱਝ ਸੇਵਾ ਦੱਸੋ ਜੀ ਮੁੱਖੋਂ ਫੁਰਮਾਏ ਜੀ।
ਇੱਕ ਬੁੱਢਾ ਕਹਿਣ ਲਗਾ, ਦੁਖੀਆਂ ਦਾ ਧਿਆਨ ਕਰੋ,
ਨਹੀਂ ਮਿਲਦਾ ਪਾਣੀ ਜੀ, ਚਸ਼ਮੇ ਦਾ ਦਾਨ ਕਰੋ।
ਮਿਹਰਾਂ ਦਾ ਸਾਈਂ ਜੀ, ਮੇਹਰਾਂ ਵਿੱਚ ਆਇਆ ਏ,
ਝੱਟ ਉਠਿਆ ਆਸਣ ਤੋਂ, ਪਰਬਤ ਵੱਲ ਧਾਇਆ ਏ।
ਔਹ ਬਾਬਾ ਜਾਂਦਾ ਏ, ਤੇ ਸੰਗ ਮਰਦਾਨਾ ਏ
ਬਾਲੇ ਨੇ ਚੌਰ ਲਈ ਤੇ ਮਗਰ ਜ਼ਮਾਨਾ ਏ
ਸਤਨਾਮ ਗਜਾ ਦਿੱਤਾ, ਤੇ ਸੀਸ ਝੁਕਾ ਦਿੱਤਾ,
ਪਰਬਤ ਦੇ ਦਾਮਨ 'ਤੇ ਜਾ ਚਰਨ ਛੁਆ ਦਿੱਤਾ।
ਤਦ ਨਿਰਮਲ ਅੰਮ੍ਰਿਤ ਦੇ ਫੁੱਟ ਪਏ ਫੁਆਰੇ ਜੀ,
ਧੰਨ ਧੰਨ ਗੁਰੂ ਨਾਨਕ ਦੇ ਗੱਜ ਪਏ ਜੈਕਾਰੇ ਜੀ।
ਅੱਜ ਮੇਲੇ ਲਗਦੇ ਨੇ ਤੇ ਲੋਕੀਂ ਨ੍ਹਾਂਦੇ ਨੇ,
ਕਈ ਫੁੱਲ ਚੜ੍ਹਾਂਦੇ ਨੇ ਤੇ ਜਸ ਪਏ ਗਾਂਦੇ ਨੇ।
ਕਿਤੇ ਕੋਲਾਂ ਕੂਕ ਰਹੀਆਂ ਕਿਤੇ ਪੰਛੀ ਗਾਂਦੇ ਨੇ,
ਚੜ੍ਹ ਰੇਲਾਂ ਬੱਸਾਂ 'ਤੇ ਸ਼ਰਧਾਲੂ ਆਉਂਦੇ ਨੇ।
ਮੈਨੂੰ ਦਿਓ ਵਧਾਈਆਂ ਜੀ, ਮੈਂ ਦਰਸ਼ਨ ਕਰ ਆਇਆਂ,
ਦੁੱਧ ਚਿੱਟਿਆਂ ਚਰਨਾਂ 'ਤੇ ਮੈਂ ਮਸਤਕ ਧਰ ਆਇਆਂ।

* * * * *

......ਸਫਾ 36 ਦਾ ਬਾਕੀ

ਮਾਰਚ ਦੇ ਮਹੀਨੇ ਡੇਰਾ ਬਾਬਾ ਨਾਨਕ ਵਿਖੇ ਭਾਰੀ ਮੇਲਾ ਲਗਦਾ ਹੈ ਜਿਸ ਸਮੇਂ ਹਜ਼ਾਰਾਂ ਸੰਗਤਾਂ ਸੈਕੜੇ ਕਿਲੋਮੀਟਰ ਪੈਦਲ ਯਾਤਰਾ ਕਰ ਕੇ ਚੋਲਾ ਸਾਹਿਬ ਦੇ ਦਰਸ਼ਣ ਕਰਨ ਲਈ ਆਉਂਦੀਆਂ ਹਨ।

(ਲੇਖਕ, ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਜੀਆ ਨੱਥਾ ਦੇ ਸੈਣੀ ਪਰਿਵਾਰ ਨਾਲ ਸਬੰਧਿਤ ਪ੍ਰਤਿਬੱਧ ਇਤਿਹਾਸ-ਖੋਜੀ ਹੈ।)

## ਸੈਣੀ ਭਵਨ ਰੂਪਨਗਰ ਵਿਖੇ ਚੱਲਦੇ ਕਿੱਤਾ-ਸਿਖਲਾਈ ਕੋਰਸ ਲੜਕੀਆਂ ਲਈ ਬਣੇ ਆਮਦਨ ਦਾ ਸਾਧਨ

ਸੈਣੀ ਭਵਨ ਵਿਖੇ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਅਤੇ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਵੱਲੋਂ ਲੜਕੀਆਂ ਨੂੰ ਹੁਨਰਬੰਦ ਬਣਾਉਣ ਲਈ ਸਿਲਾਈ-ਕਢਾਈ, ਫੈਸ਼ਨ ਡਿਜ਼ਾਇਨਿੰਗ, ਬਿਉਟੀਸ਼ਨ ਆਰਟ ਅਤੇ ਕੰਪਿਊਟਰ ਦੀ ਸਿੱਖਲਾਈ ਦੇ ਚਾਰ ਸੈਂਟਰ ਚਲਾਏ ਜਾ ਰਹੇ ਹਨ। ਇਨ੍ਹਾਂ 'ਚੋਂ ਸਿੱਖਲਾਈ ਪ੍ਰਾਪਤ ਕਰ ਕੇ ਲੜਕੀਆਂ ਆਪਣੀ ਅਤੇ ਪਰਿਵਾਰ ਦੀ ਆਮਦਨ ਦਾ ਸਾਧਨ ਬਣਾ ਰਹੀਆਂ ਹਨ। ਸੰਸਥਾ ਦੇ ਫੈਸ਼ਨ ਡਿਜ਼ਾਈਨ ਸੈਂਟਰ ਦੀ ਟੀਚਰ ਕਿਰਨਜੀਤ ਕੌਰ ਨੇ ਦੱਸਿਆ ਕਿ ਉਹ ਪਿੰਡ ਚੰਦਪੁਰ ਦੀ ਰਹਿਣ ਵਾਲੀ ਹੈ ਅਤੇ ਉਸ ਨੇ ਸਿਲਾਈ ਕਢਾਈ ਤੇ ਫੈਸ਼ਨ ਡਿਜ਼ਾਈਨ ਦੀ ਸਿੱਖਲਾਈ ਸੈਣੀ ਭਵਨ ਤੋਂ ਹੀ ਕੀਤੀ ਹੈ ਅਤੇ ਹੁਣ ਉਹ ਸੈਣੀ ਭਵਨ ਵਿਖੇ ਹੀ ਇੱਕ ਸਾਲ ਤੋਂ ਜਿੱਥੇ ਬਤੌਰ ਫੈਸ਼ਨ ਡਿਜ਼ਾਈਨ ਟੀਚਰ ਹੋਰ ਲੜਕੀਆਂ ਨੂੰ ਟਰੈਨਿੰਗ ਦੇ ਰਹੀ ਹੈ, ਉੱਥੇ ਆਪਣੇ ਘਰ ਅੰਦਰ ਹੀ ਇਸ ਕੰਮ ਰਾਹੀ ਹਰ ਮਹੀਨੇ ਕੋਈ 6-7 ਹਜ਼ਾਰ ਰੁਪਏ ਦੀ ਕਮਾਈ ਕਰ ਲੈਂਦੀ ਹੈ। ਉਸ ਕੋਲ ਇਸ ਸਮੇਂ ਸੈਣੀ ਭਵਨ ਦੇ ਸੈਂਟਰ 'ਚ 18 ਲੜਕੀਆਂ ਫੈਸ਼ਨ ਡਿਜ਼ਾਈਨ ਦਾ ਕੋਰਸ ਕਰ ਰਹੀਆਂ ਹਨ। ਉਨ੍ਹਾਂ ਦੱਸਿਆ ਇੱਥੋ ਸਿੱਖਲਾਈ ਪ੍ਰਾਪਤ ਬਹੁਤ ਸਾਰੀਆ ਲੜਕੀਆਂ ਜਾ ਤਾ ਆਪਣੇ ਘਰਾਂ 'ਚ ਕੰਮ ਕਰਕੇ ਜਾ ਫਿਰ ਕਿਸੇ ਨਾ ਕਿਸੇ ਸੈਂਟਰ 'ਚ ਨੌਕਰੀ ਕਰਕੇ ਧਨ ਕਮਾ ਰਹੀਆਂ ਹਨ। ਪਿੰਡ ਮਲਕਪੁਰ ਦੀ ਲਲਿਤਾ ਨੇ ਦੱਸਿਆ ਕਿ ਉਹ ਸੈਣੀ ਭਵਨ ਤੋਂ ਸਿੱਖਲਾਈ ਪ੍ਰਾਪਤ ਕਰਕੇ ਆਪਣੇ ਨਿੱਜੀ ਕੰਮ ਤੋਂ ਇਲਾਵਾ ਇੱਕ ਸੈਟਰ 'ਚ ਪਾਰਟਟਾਇਮ ਕੰਮ ਕਰਕੇ ਪੈਸੇ ਕਮਾ ਰਹੀ ਹੈ। ਅਮਰ ਕਾਲੋਨੀ ਰੂਪਨਗਰ ਦੀ ਸ਼ਰਦਾ ਦੇਵੀ ਅਤੇ ਗਰੀਨ ਐਵਨਿਓ ਦੀ ਵਸਨੀਕ ਸੁਦੇਸ਼ ਕੁਮਾਰੀ ਨੇ ਦੱਸਿਆ ਕਿ ਉਹ ਆਪਣੇ ਘਰਾਂ ਵਿੱਚ ਹੀ ਇਸ ਕੰਮ ਨਾਲ 3 - 4 ਹਜ਼ਾਰ ਰੁਪਏ ਮਹੀਨਾ ਕਮਾ ਰਹੀਆਂ ਹਨ।



ਜ਼ਿਕਰਯੋਗ ਹੈ ਕਿ ਇਨ੍ਹਾਂ ਸਿਖਲਾਈ ਸੈਂਟਰਾਂ ਵਿੱਚ ਵਧੇਰੇ ਕਰਕੇ ਪੇਂਡੂ ਖੇਤਰਾਂ ਤੋਂ ਆਰਥਿਕ ਤੌਰ ਤੇ ਕਮਜ਼ੋਰ ਘਰਾਂ ਦੀਆਂ ਲੜਕੀਆਂ ਵੱਖ ਵੱਖ ਕੋਰਸ ਕਰਨ ਲਈਆਂ ਆਉਂਦੀਆਂ ਹਨ। ਸੰਸਥਾ ਵੱਲੋਂ ਸਿੱਖਿਆਰਥਣਾਂ ਨੂੰ ਬਹੁਤ ਹੀ ਨਾਮਾਤਰ ਫੀਸਾਂ 'ਤੇ ਵਧੀਆ ਮਹੌਲ 'ਚ ਮਾਹਿਰ ਟੀਚਰਾਂ ਵੱਲੋਂ ਟ੍ਰੈਨਿੰਗ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਸਿੱਖਿਆਰਥਣਾਂ ਦੇ ਮਾਂਬਾਪ ਦੀ ਆਰਥਿਕ ਹਾਲਤ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਨੂੰ ਫੀਸ ਵਿੱਚ ਛੋਟ ਵੀ ਦਿੱਤੀ ਜਾਂਦੀ ਹੈ। ਹਰ ਰੋਜ਼ ਕਰੀਬ 80-90 ਸਿੱਖਿਆਰਥਣਾਂ ਇੱਥੇ ਵੱਖ ਵੱਖ ਕੋਰਸ ਕਰਨ ਲਈ ਆਉਂਦੀਆਂ ਹਨ।

ਸਮੇਂ ਦੀ ਲੋੜ



# ਗੁਰੂ ਨਾਨਕ ਦੇ ਸਿੱਖੀ ਸਿਧਾਂਤਾਂ 'ਤੇ ਅਮਲ

**ਗੁਰਬਖਸ਼ ਸਿੰਘ ਸੈਣੀ**
ਪੰਚਕੂਲਾ

ਪੰਦਰਵੀਂ ਸਦੀ ਦੇ ਭਾਰਤ ਦੇ ਮਾੜੇ ਹਾਲਾਤਾਂ ਨੂੰ ਭਾਈ ਗੁਰਦਾਸ ਜੀ ਨੇ ਇਸ ਪ੍ਰਕਾਰ ਬਿਆਨ ਕੀਤਾ ਹੈ-

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।

ਅਜਿਹੇ ਭਿਆਨਕ ਸਮੇਂ ਸੰਨ 1469 ਵਿੱਚ ਗੁਰੂ ਨਾਨਕ ਦੇਵ ਜੀ ਦਾ ਆਗਮਨ ਹੋਇਆ। ਬਾਲ ਵਰੇਸ ਤੋਂ ਹੀ ਪ੍ਰਭੂ ਜੀ ਦੀ ਭਗਤੀ ਵਿੱਚ ਲੀਨ ਰਹਿਣ ਵਾਲੇ ਗੁਰੂ ਜੀ ਹਰ ਰੋਜ਼ ਵਾਂਗ ਇੱਕ ਦਿਨ ਸਵੇਰੇ ਅੰਮ੍ਰਿਤ ਵੇਲੇ ਵੇਈਂ ਨਦੀ ਵਿੱਚੋਂ ਜਿਸ ਸਮੇਂ ਇਸ਼ਨਾਨ ਕਰ ਕੇ ਤਿੰਨ ਦਿਨ ਬਾਅਦ ਬਾਹਰ ਆਏ ਤਾਂ ਉਨ੍ਹਾਂ ਨੇ ਪਰਮਾਤਮਾ ਦਾ ਇਲਾਹੀ ਪੈਗਾਮ ਸੁਣਾ ਦਿੱਤਾ, ' ਨਾ ਕੋਈ ਹਿੰਦੂ ਨਾ ਮੁਸਲਮਾਨ'। ਸਮੁੱਚੀ ਮਾਨਵਤਾ ਨੂੰ ਸਰਬ-ਸਾਂਝੀਵਾਲਤਾ ਦੇ ਇੱਕ ਸੂਤਰ ਵਿੱਚ ਪ੍ਰੋਣ ਲਈ; ਪਾਪ, ਅਧਰਮ ਤੇ ਅਨਿਆਂ ਵਿਰੁੱਧ ਖੜ੍ਹੇ ਹੋਣ ਲਈ; ਵਿਸ਼ਵਭਾਈਚਾਰਾ ਤੇ ਵਿਸ਼ਵਸ਼ਾਂਤੀ ਸਥਾਪਿਤ ਕਰਨ ਦਾ ਪ੍ਰਣ ਲੈ ਕੇ ਘਰਬਾਰ ਤਿਆਗ ਕੇ ਗੁਰੂ ਜੀ ਚਾਰੇ ਦਿਸ਼ਾਵਾਂ ਵਿੱਚ ਉਦਾਸੀਆਂ ਲਈ ਚੱਲ ਪਏ। ਇਨ੍ਹਾਂ ਲੰਮੀਆਂ ਉਦਾਸੀਆਂ ਵਿੱਚ ਤਕਰੀਬਨ ਤੀਹ ਕੁ ਹਜ਼ਾਰ ਕਿਲੋਮੀਟਰ ਦੇ ਪੈਦਲ ਸਫ਼ਰ ਦੌਰਾਨ ਵੱਖ ਵੱਖ ਦੇਸ਼ਾਂ ਦਾ ਭ੍ਰਮਣ ਕਰਦਿਆਂ ਵੱਖ ਵੱਖ ਧਰਮਾਂ, ਅਕੀਦਿਆਂ ਤੇ ਫ਼ਿਲਾਸਫ਼ੀਆਂ ਦੇ ਮਾਹਰਾਂ, ਪੀਰ-ਪੈਗੰਬਰਾਂ, ਸਾਧੂ-ਸੰਤਾਂ, ਬੋਧੀਆਂ ਤੇ ਨਾਥਾਂ-ਜੋਗੀਆਂ ਨਾਲ ਵਿਚਾਰ-ਵਟਾਂਦਰੇ ਕਰ ਕੇ ਉਨ੍ਹਾਂ ਨੂੰ 'ਸੱਚ' ਤੋਂ ਜਾਣੂ ਕਰਵਾਇਆ। ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਨੂੰ ਚਿੱਤ ਵਿੱਚ ਰੱਖਦਿਆਂ ਉੱਚੇ ਇਖਲਾਕ ਵਾਲਾ ਸੱਚਾ-ਸੁੱਚਾ ਜੀਵਨ ਜੀਂਵਦਿਆਂ, ਇਨਸਾਨੀਅਤ ਦੀ ਪਾਹੁਲ ਵਾਲੀ ਭਾਈਚਾਰਕ ਸਾਂਝ, ਰੂਹਾਨੀਅਤ ਦੇ ਰੰਗ ਵਿੱਚ ਰੰਗੀ ਸਿਆਸਤ, ਦਸਾਂ ਨਹੁੰਆਂ ਦੀ ਕਿਰਤ ਤੇ ਹੱਕ ਦੀ ਕਮਾਈ, ਵੰਡ ਛਕਣ, ਸਰਬੱਤ ਦਾ ਭਲਾ ਮੰਗਣ ਤੇ ਸੱਚੇ ਧਰਮ ਨੂੰ ਅਪਨਾਉਣ ਦਾ ਉਪਦੇਸ਼ ਦਿੱਤਾ।

ਉਦਾਸੀਆਂ ਉਪਰੰਤ ਗੁਰੂ ਜੀ ਨੇ ਆਪਣੀ ਪ੍ਰਚਾਰੀ ਗਈ ਸਿੱਖ ਫਿਲਾਸਫੀ ਤੇ ਸਿੱਖੀ ਸਿਧਾਂਤਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਕਰਤਾਰਪੁਰ ਵਿਖੇ ਨਿਵਾਸ ਕਰ ਲਿਆ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਅਜੋਕੇ ਡੇਰਿਆਂ ਤੇ ਆਸ਼ਰਮਾਂ ਦੇ ਆਪੂੰ ਬਣੇ ਸੰਤਾਂ-ਮਹੰਤਾਂ ਵਾਂਗ ਆਪਣੀ ਕਿਧਰੇ ਵੀ ਕੋਈ ਜਾਇਦਾਦ ਨਹੀਂ ਬਣਾਈ। ਆਪ ਨੇ 14 ਸਤੰਬਰ 1539 ਨੂੰ ਭਾਈ ਲਹਿਣਾ ਜੀ ਨੂੰ ਆਪਣੀ ਗੱਦੀ ਦੇ ਯੋਗ ਸਮਝ ਕੇ ਸਿੱਖਾਂ ਦੇ ਦੂਸਰੇ ਗੁਰੂ ਬਣਾ ਕੇ ਤੇ ਉਨ੍ਹਾਂ ਦਾ ਨਵਾਂ ਨਾਮ, ਸ਼੍ਰੀ ਗੁਰੂ ਅੰਗਦ ਦੇਵ ਰੱਖ ਕੇ ਗੁਰਗੱਦੀ ਸੌਂਪ ਦਿੱਤੀ। ਆਪਣੇ ਵਾਰਸਾਂ ਨੂੰ ਗੱਦੀ ਦੇ ਯੋਗ ਨਾ ਹੋਣ ਕਰ ਕੇ ਇਸ ਦੇ ਸਹੀ ਵਾਰਸ ਭਾਈ ਲਹਿਣਾ ਨੂੰ ਸੌਂਪਣਾ ਇਕ ਕ੍ਰਾਂਤੀਕਾਰੀ ਕਦਮ ਸੀ ਜਿਸ ਨੇ ਇਤਿਹਾਸ ਸਿਰਜ ਦਿੱਤਾ।



ਕਰਤਾਰਪੁਰ ਵਿਖੇ ਗੁਰੂ ਜੀ ਆਪ ਹਲ ਚਲਾ ਕੇ ਖੇਤੀ ਕਰਦੇ ਅਤੇ ਸਾਰੀ ਸੰਗਤ ਉਨ੍ਹਾਂ ਨਾਲ ਕੰਮ ਕਰਦੀ। ਸਾਰੇ ਸ਼ਰਧਾਲੂ ਕਿਸੇ ਜਾਤਪਾਤ ਦੇ ਭਿੰਨ-ਭੇਦ ਤੋਂ ਬਿਨਾ ਰਲਮਿਲ ਕੇ ਦਸਾਂ ਨਹੁੰਆਂ ਦੀ ਸੱਚੀ ਸੁੱਚੀ ਕਿਰਤ ਦੀ ਕਮਾਈ ਵਿੱਚੋਂ ਲੰਗਰ ਤਿਆਰ ਕਰਦੇ ਤੇ ਵੰਡ ਕੇ ਛਕਦੇ। ਕੀਰਤਨ ਦਾ ਪ੍ਰਵਾਹ ਨਿਰੰਤਰ ਚੱਲਦਾ ਰਹਿੰਦਾ। ਇੱਥੇ ਹੀ ਆਪ ਨੇ ਅਜਿਹੇ ਸਮਾਜ ਨੂੰ ਜਨਮ ਦਿੱਤਾ ਜਿਸ ਦੀਆਂ ਨੀਹਾਂ 'ਤੇ 'ਨਿਰਮਲ ਪੰਥ' ਦਾ ਖਾਲਸ ਰਾਜ ਉੱਸਰਿਆ। ਆਪ ਨੇ ' ਨਾਨਕਿ ਰਾਜੁ ਚਲਾਇਆ' ਅਤੇ ਪ੍ਰਭੂ ਜੀ ਦੀ ਪਾਤਿਸ਼ਾਹੀ ਕਾਇਮ ਕਰਕੇ ਸੱਚ ਦੇ ਕਿਲ੍ਹੇ ਦੀ ਮਜ਼ਬੂਤ ਨੀਂਹ ਰੱਖੀ, ਜਿਸ ਨੂੰ ਸਮੁੱਚੀ ਮਾਨਵਤਾ ਨਮਸਕਾਰ ਕਰਦੀ ਹੈ।

ਕਿੰਨੇ ਦੁਖ ਦੀ ਗੱਲ ਹੈ ਕਿ ਸਾਡੀਆਂ ਅਜੋਕੀਆਂ ਅਖਬਾਰਾਂ, ਟੀ.ਵੀ. ਚੈਨਲਜ਼ ਅਤੇ ਸਾਡੇ ਰਾਜਸੀ ਤੇ ਧਾਰਮਿਕ ਪ੍ਰਚਾਰਕ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਸਿਰਫ ਸਿੱਖਾਂ ਦਾ ਹੀ ਗੁਰੂ ਕਹੀ ਜਾਂਦੇ ਹਨ ਜਦੋਂ ਕਿ ਉਹ ਤਾਂ ਸਮੁੱਚੇ ਜਗਤ ਦੇ ਗੁਰੂ ਸਨ। ਆਪ ਨੇ ਜਗਤ ਦੇ ਕਲਿਆਣ ਤੇ ਮਨੁੱਖੀ ਭਲਾਈ ਲਈ ਅਨੇਕ ਕੌਤਕ ਕਰ ਕੇ ਸਮੁੱਚੇ ਜਗਤ ਨੂੰ ਸਰਬ-ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦਾ ਸੰਦੇਸ਼ ਦਿੱਤਾ ਅਤੇ ਕਲਜੁਗੀ ਜੀਵਾਂ ਦਾ ਉਧਾਰ ਕੀਤਾ। ਆਪ ਨੇ ਗਤੀਹੀਨ, ਕੂੜੀਆਂ, ਫੋਕੀਆਂ ਤੇ ਕਰਮਕਾਂਡੀ ਰਵਾਇਤਾਂ ਨੂੰ ਨਕਾਰ ਕੇ ਮਨੁੱਖ ਨੂੰ ਨਵੀ ਦਿਸ਼ਾ ਪ੍ਰਦਾਨ ਕੀਤੀ।

ਅੱਜ ਸਮੁੱਚਾ ਵਿਸ਼ਵ ਭਾਈਚਾਰਾ ਘੋਰ ਸੰਕਟ ਵਿੱਚੋਂ ਲੰਘ ਰਿਹਾ ਹੈ। ਇਹ ਤਬਾਹੀ ਵੱਲ ਵਧ ਰਿਹਾ ਹੈ। ਮਨੁੱਖ ਦੀ ਆਧੁਨਿਕ ਯੰਤਰਾਂ ਕਾਰਨ ਉਚ-ਨੀਚ, ਜਾਤ-ਪਾਤ ਤੇ ਰੰਗਭੇਦ ਦੇ ਵਿਤਕਰਿਆਂ ਅਧੀਨ ਆਪੋ ਵਿੱਚ ਲੜਾਈ ਹੋ ਰਹੀ ਹੈ। ਆਪਣੇ ਸੁਆਰਥੀ ਮਨੋਰਥਾਂ ਤੇ ਹਿਤਾਂ ਦੀ ਪੂਰਤੀ ਅਤੇ ਰਾਜਸੀ ਤਾਕਤ ਹਥਿਆਉਣ ਲਈ ਝਗੜੇ ਹੋ ਰਹੇ ਹਨ। ਧਰਮ-ਸਥਾਨਾਂ 'ਤੇ ਜੱਦੀ-ਪੁਸ਼ਤੀ ਕਬਜ਼ੇ ਕਰ ਕੇ ਇਨ੍ਹਾਂ ਨੂੰ ਆਪਣੀ ਨਿਜੀ ਜਾਇਦਾਦ ਬਣਾਇਆ ਜਾ ਰਿਹਾ

ਹੈ। ਡੇਰਾਵਾਦ ਦਾ ਪ੍ਰਭਾਵ ਵਧ ਰਿਹਾ ਹੈ ਅਤੇ ਇਨ੍ਹਾਂ ਵਿੱਚ ਆਪਸੀ ਟਕਰਾ ਨਾਲ ਖ਼ੂਨ-ਖਰਾਬੇ ਹੋ ਰਹੇ ਹਨ। ਅੱਜ ਦਾ ਧਰਮ ਮੁੜ ਤੋਂ ਮਹੰਤਪੁਣੇ ਦਾ ਸ਼ਿਕਾਰ ਹੋ ਰਿਹਾ ਹੈ। ਮਨੁੱਖ ਵਿੱਚ ਸਹਿਨਸ਼ੀਲਤਾ ਤੇ ਮੁਹੱਬਤ-ਪਿਆਰ ਘਟ ਰਿਹਾ ਹੈ ਜਦੋਂ ਕਿ ਨਫਰਤ ਵਧ ਰਹੀ ਹੈ। ਧਾਰਮਿਕ ਜਨੂੰਨ, ਫਿਰਕਾਪ੍ਰਸਤੀ ਤੇ ਅਤੰਕਵਾਦ ਪਨਪ ਰਿਹਾ ਹੈ। ਹਰ ਇੱਕ ਦੇ ਅੰਦਰ ਹਉਮੈ ਤੇ ਹੰਕਾਰ ਘਰ ਕਰ ਚੁੱਕੇ ਹਨ। ਅਮੀਰ ਦੇਸ਼ ਆਪਣੇ ਸੈਨਿਕ ਬਲਾਂ ਦੀ ਤਾਕਤ ਤੇ ਆਧੁਨਿਕ ਹਥਿਆਰਾਂ ਨਾਲ ਦੂਜੇ ਦੇਸ਼ਾਂ ਨੂੰ ਤਬਾਹ ਕਰਨ ਦੀ ਤਿਆਰੀ ਕਰ ਰਹੇ ਹਨ। ਇਸ ਨਾਲ ਸਾਰਾ ਵਿਸ਼ਵ, ਜਵਾਲਾਮੁਖੀ ਤੇ ਬਾਰੂਦ ਦੇ ਢੇਰ'ਤੇ ਖੜ੍ਹਾ ਤਬਾਹੀ ਵੱਲ ਵਧ ਰਿਹਾ ਹੈ।

ਅਜਿਹੇ ਸਮੇਂ ਸਮੁੱਚੇ ਵਿਸ਼ਵ ਲਈ ਸਾਂਝੀਵਾਲਤਾ, ਕਿਰਤ-ਕਮਾਈ, ਵੰਡ-ਛਕਣ, ਪ੍ਰੇਮ-ਭਾਵ, ਆਪਸੀ ਭਾਈਚਾਰੇ ਦੀਆਂ ਭਾਵਨਾਵਾਂ ਦੀ ਸਖਤ ਜ਼ਰੂਰਤ ਹੈ। ਇਹ ਆਰਥਿਕ ਸਮਾਨਤਾ, ਰਾਜਨੀਤਿਕ ਆਜ਼ਾਦੀ ਦੇ ਸਰਬੱਤ ਦੇ ਭਲੇ ਜਿਹੇ ਸਿੱਖੀ ਸਿਧਾਂਤਾਂ ਨੂੰ ਅਪਨਾ ਕੇ ਕੀ ਗ੍ਰਹਿਣ ਕੀਤੀਆਂ ਜਾ ਸਕਦੀਆਂ ਹਨ। ਗੁਰੂ ਨਾਨਕ ਦਾ ਧਰਮ ਪੂਰੀ ਮਾਨਵ ਜਾਤੀ ਦਾ ਧਰਮ ਹੈ ਜੋ ਮਨੁੱਖੀ ਕਲਿਆਣ ਕਰਨ ਦੇ ਸਮਰਥ ਹੈ।

ਦਸਤੋਵਕੀ ਅਨੁਸਾਰ ਜੇ ਮਨੁੱਖ ਦੂਸਰੇ ਮਨੁੱਖ ਨੂੰ ਭਰਾ ਬਣਾਉਣਾ ਠਾਨ ਲਵੇ ਤਾਂ ਵਿਸ਼ਵ ਪੱਧਰ 'ਤੇ ਇੱਕ ਭਾਈਚਾਰਾ ਸਥਾਪਿਤ ਕੀਤਾ ਜਾ ਸਕੇਗਾ। ਇਹ ਹੀ ਸਦੀਆਂ ਪਹਿਲਾਂ ਗੁਰੂ ਨਾਨਕ ਦੇਵ ਜੀ ਦਾ ਦਿੱਤਾ ਸੰਦੇਸ਼ ਹੈ। ਇਸ ਵਿੱਚ ਮਨੁੱਖ ਦੇ ਹਰ ਰੋਗ, ਪ੍ਰੇਸ਼ਾਨੀ, ਖਿੱਚੋਤਾਣ ਤੇ ਫਿਕਰਾਂ ਦਾ ਹਲ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਫਿਲਾਸਫੀ ਦੀ ਇਹੀ ਵਿਸ਼ੈਸ਼ਤਾ ਹੈ ਕਿ ਇਸ ਨੇ ਮਾਨਵਹਿਤੂ ਸਿਧਾਂਤਾਂ ਦੀ ਸਿਰਜਨਾ ਕਰ ਕੇ ਜਨ-ਸਾਧਾਰਣ ਦੇ ਦੁੱਖਾਂ-ਦਰਦਾਂ ਨੂੰ ਜਾਣਿਆਂ ਅਤੇ ਇਨ੍ਹਾਂ ਦਾ ਵਿਸ਼ਲੇਸ਼ਣ ਕਰ ਕੇ ਯੋਗ ਇਲਾਜ ਦੱਸਿਆ। ਇਸ ਫਿਲਾਸਫੀ ਨੂੰ ਅਮਲੀ ਜਾਮਾਂ ਪਹਿਨਾ ਕੇ ਮਾਨਵਤਾ ਲਈ ਖਤਰਾ ਬਣੇ ਵਿਸ਼ਵ-ਯੁੱਧਾਂ ਨੂੰ ਟਾਲਿਆ ਜਾ ਸਕਦਾ ਹੈ ਅਤੇ ਸੰਸਾਰ ਨੂੰ ਇਨ੍ਹਾਂ ਨਾਲ ਹੋਣ ਵਾਲੀ ਤਬਾਹੀ ਤੋਂ ਬਚਾਇਆ ਜਾ ਸਕਦਾ ਹੈ।


ਅੱਜ ਜਦੋਂ ਸਾਰੇ ਵਿਸ਼ਵ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਉਤਸਵ ਵੱਡੀ ਪੱਧਰ 'ਤੇ ਮਨਾਇਆ ਜਾ ਰਿਹਾ ਹੈ ਤਾਂ ਸੁਆਰਥੀ ਤੇ ਨਿਜੀ ਹਿਤਾਂ ਵਾਲੀ ਰਾਜਸੀ ਤੇ ਧਾਰਮਿਕ ਲੀਡਰਾਂ ਕੋਲੋਂ ਇਸ ਦਾ ਸਿਆਸੀਕਰਨ ਹੋਣ ਤੋਂ ਬਚਾਇਆ ਜਾਵੇ। ਉਨ੍ਹਾਂ ਨੂੰ ਆਪਣੀ ਚੌਧਰ ਤੇ ਕੁਰਸੀ ਕਾਇਮ ਰੱਖਣ ਵਾਸਤੇ ਸਰਕਾਰੀ ਤੇ ਸੰਗਤਾਂ ਦੇ ਦਾਨ ਦੀ ਦੁਰਵਰਤੋਂ ਨਾ ਕਰਨ ਦਿੱਤੀ ਜਾਵੇ। ਸਿਆਸੀ ਬਿਆਨਬਾਜ਼ੀ ਤੇ ਦੂਸ਼ਣਬਾਜ਼ੀ ਤਕਰੀਰਾਂ ਤੋਂ ਰੋਕਿਆ ਜਾਵੇ। ਇਸ ਪਵਿੱਤਰ ਦਿਹਾੜੇ 'ਤੇ 'ਧੁਰ ਕੀ ਬਾਣੀ' ਦੇ ਇਲਾਹੀ ਰਸ-ਭਿੰਨੇ ਕੀਰਤਨ ਸਿੱਖ-ਇਤਿਹਾਸ ਦੀਆਂ ਵਾਰਾਂ ਤੇ ਸ਼੍ਰੀ ਗੁਰੂ ਜੀ ਦੀ ਫ਼ਿਲਾਸਫ਼ੀ ਤੇ ਕਥਾਵਾਚਕਾਂ ਵਲੋਂ ਪ੍ਰਚਾਰ ਕੀਤੇ ਜਾਣੇ ਹਨ ਤੇ ਧਾਰਮਿਕ ਵਿਚਾਰਾਂ ਕੀਤੀਆਂ ਜਾਣੀਆਂ ਹਨ। ਇਸ ਸਮੇਂ ਗੁਰੂ ਜੀ ਦੀ ਫ਼ਿਲਾਸਫ਼ੀ ਦੀ ਡੂੰਘਾਈ ਨਾਲ ਖੋਜ ਕਰ ਕੇ ਉਸ ਦੀ ਮਹੱਤਤਾ ਤੇ ਪ੍ਰਭਾਵ ਤੇ ਇਸ ਸਬੰਧੀ ਇਤਿਹਾਸ ਵੱਡੀ ਮਾਤਰਾ ਵਿੱਚ ਛਪਵਾ ਕੇ ਵਿਸ਼ਵ ਵਿੱਚ ਮੁਫ਼ਤ ਵੰਡਿਆ ਜਾਵੇ ਤੇ ਲੋਕਾਈ ਨੂੰ ਇਸ ਤੋਂ ਜਾਣੂ ਕਰਵਾਇਆ ਜਾਵੇ।

ਇਸ ਪਾਵਨ ਦਿਹਾੜੇ ਨੂੰ ਮਨਾਉਣ ਦਾ ਮਨਸੂਬਾ ਤਾਂ ਹੀ ਸਫ਼ਲ ਹੋਵੇਗਾ ਜੇਕਰ ਇਸ ਨੂੰ ਅਮਲੀ ਜਾਮਾ ਪਹਿਨਾਇਆ ਜਾਵੇ। ਇਸ ਨੂੰ ਸਿਰਫ ਪੜ੍ਹਨ ਤੇ ਸੁਣਨ ਤੱਕ ਹੀ ਸੀਮਿਤ ਨਾ ਰੱਖਿਆ ਜਾਵੇ। ਇਸ ਦੇ ਨਾਲ ਹੀ ਸਭ ਤੋਂ ਵਿਸ਼ੇਸ਼ ਤੇ ਮਹੱਤਵਪੂਰਨ ਕਦਮ ਇਹ ਹੋਵੇਗਾ ਕਿ ਧਾਰਮਿਕ ਤੇ ਰਾਜਸੀ ਨੇਤਾ ਸਮਾਗਮਾਂ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸੰਗਤਾਂ ਦੇ ਸਾਹਮਣੇ ਸਹੁੰ ਚੁੱਕਣ ਕਿ ਉਹ ਆਪਣੀਆਂ ਗੱਦੀਆਂ ਦੀ ਲਾਲਸਾ ਦੀ ਭੁੱਖ ਲਈ ਝੂਠ, ਲੁੱਟ ਤੇ ਨਫ਼ਰਤ ਦੀ ਨੀਤੀ ਤਿਆਗਣਗੇ। ਉਹ ਇਹ ਵੀ ਪ੍ਰਣ ਕਰਨ ਕਿ ਸ਼੍ਰੀ ਗੁਰੂ ਜੀ ਵਲੋਂ ਦਰਸਾਏ ਸਿੱਖੀ ਸਿਧਾਂਤਾਂ ਤੇ ਫ਼ਿਲਾਸਫ਼ੀ ਨੂੰ ਜਰ ਹਾਲਤ ਵਿੱਚ ਖ਼ੁਦ ਅਮਲੀ ਜਾਮਾਂ ਪਹਿਨਾਉਣਗੇ ਤੇ ਸਦਾ ਅਮਲ ਕਰਨਗੇ।

ਜੇਕਰ ਅਸੀਂ ਅਜਿਹਾ ਕਰਨ ਵਿੱਚ ਸਫ਼ਲ ਹੋ ਜਾਂਦੇ ਹਾਂ ਤਾਂ ਵਿਸ਼ਵ ਦਾ ਸਮੁੱਚਾ ਭਾਈਚਾਰਾ ਘੋਰ ਸੰਕਟ ਤੇ ਤਬਾਹੀ ਤੋਂ ਬਚ ਸਕਦਾ ਹੈ। ਇਸ ਨਾਲ ਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਨੂੰ ਮਨਾਉਣ ਦਾ ਮੰਤਵ ਪੂਰਾ ਹੋ ਸਕਦਾ ਹੈ।

(* ਲੇਖਕ, ਦਰਜਣਾ ਪੁਸਤਕਾਂ ਦਾ ਲਿਖਾਰੀ ਅਤੇ ਹਰਿਆਣਾ ਸਾਹਿਤ ਅਕੈਡਮੀ ਵਲੋਂ ਸਨਮਾਨਿਤ ਸਾਹਿਤਕਾਰ ਹੈ। ਇਹ ਲੇਖ ਆਪ ਦੀ ਛਪਾਈ ਅਧੀਨ ਧਾਰਮਿਕ ਪੁਸਤਕ, "ਨਾਨਕਿ ਰਾਜੁ ਚਲਾਇਆ" ਵਿੱਚੋਂ ਧੰਨਵਾਦ ਸਹਿਤ ਲਿਆ ਗਿਆ ਹੈ।)

## ਵਧਾਈਆਂ



**ਸ. ਸੁਖਵਿੰਦਰ ਸਿੰਘ ਵਿਸਕੀ, ਰੂਪਨਗਰ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ** ਬਣਾਏ ਗਏ ਹਨ। ਆਪ ਸਾਬਕਾ ਜ਼ਿਲ੍ਹਾ ਕਾਂਗਰਸ ਪ੍ਰਧਾਨ ਸ. ਹਰਮਿੰਦਰ ਸਿੰਘ ਦੇ ਸਪੁੱਤਰ ਅਤੇ ਸਾਬਕਾ ਐਮ.ਐਲ.ਏ. ਸ. ਗੁਰਬਚਨ ਸਿੰਘ, ਕੋਟਲਾ ਨਿਹੰਗ ਦੇ ਪੋਤਰੇ ਹਨ। ਆਪ ਰੂਪਨਗਰ ਦੇ ਕਸਬਾ ਬੇਲਾ ਵਿਖੇ ਸਥਿਤ ਸਿੱਖਿਆ ਸੰਸਥਾਵਾਂ ਦੇ ਮੋਹਰੀ ਪ੍ਰਬੰਧਕ ਹਨ। ਕਾਰਜਕਰਤਾ ਹਨ।

ਸੋ ਕਿਉ ਮੰਦਾ ਆਖੀਐ ਜਿਤੁ ਜਮਹਿ ਰਾਜਾਨ

# ਨਾਰੀ-ਸ਼ਕਤੀ ਦੀਆਂ ਪ੍ਰਤੀਕ-ਅੰਤਰਰਾਸ਼ਟਰੀ ਖਿਡਾਰਨਾਂ

ਰਾਜਿੰਦਰ ਸਿੰਘ
ਸੈਣੀ ਭਵਨ ਰੂਪਨਗਰ



ਸਦੀਆਂ ਤੱਕ ਔਰਤਾਂ ਨੂੰ ਅਬਲਾ, ਕਮਜ਼ੋਰ ਗਰਦਾਨ ਕੇ ਉਨ੍ਹਾਂ ਨੂੰ 'ਤਰਸ ਦਾ ਪਾਤਰ' ਬਣਾਇਆ ਜਾਂਦਾ ਰਿਹਾ ਹੈ। ਗੁਰੂ ਨਾਨਕ ਦੇਵ ਜੀ ਨੇ ਔਰਤ 'ਤੇ ਸਮਾਜ ਦੁਆਰਾ ਲਗਾਏ ਇਸ ਲੇਬਲ ਨੂੰ ਉਤਾਰ ਕੇ ਉਸ ਨੂੰ ਮਹਾਨਤਾ ਬਖਸ਼ੀ। ਆਧੁਨਿਕ ਔਰਤਾਂ ਨੇ ਆਪਣੀ ਸ਼ਕਤੀ ਅਤੇ ਯੋਗਤਾ ਦਾ ਪ੍ਰਦਰਸ਼ਨ ਕਰਕੇ ਗੁਰੂ ਜੀ ਦੀ ਵਿਚਾਰਧਾਰਾ ਨੂੰ ਠੀਕ ਸਿੱਧ ਕੀਤਾ ਹੈ। ਇਨ੍ਹਾਂ ਵਿੱਚ ਦੋ ਖਿਡਾਰਨਾ ਸ਼ਾਮਿਲ ਹਨ ਜਿਨ੍ਹਾਂ ਨੇ ਕਠਿਨ ਪ੍ਰਸਥਿਤੀਆਂ ਦੇ ਬਾਵਜੂਦ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦਾ ਨਾਮ ਉਚਾ ਕੀਤਾ ਹੈ।

## ਬੈਡਮਿੰਟਨ ਖਿਡਾਰਨ- ਪੀ.ਵੀ.ਸਿੰਧੂ



ਹੈਦਰਾਬਾਦ ਵਿਖੇ ਪਿਤਾ, ਪੀ.ਵੀ ਰਮੰਨਾ ਅਤੇ ਮਾਤਾ, ਪੀ.ਵਿਜਯਾ ਦੇ ਘਰ 5 ਜੁਲਾਈ, 1995 ਨੂੰ ਜਨਮੀ ਪੁਸਾਰਲਾ ਵੈਂਕਟਾ ਸਿੰਧੂ ਨੇ ਸਵਿਟਜ਼ਰਲੈਂਡ ਵਿੱਚ ਹੋਈ **ਵਿਸ਼ਵ ਬੈਡਮਿੰਟਨ ਚੈਂਪੀਅਨਸ਼ਿਪ ਵਿੱਚ ਮਹਿਲਾ ਸਿੰਗਲਜ਼ ਦਾ ਸੋਨ ਤਮਗਾ** ਜਿੱਤ ਕੇ ਭਾਰਤੀ ਖੇਡ ਇਤਿਹਾਸ ਵਿੱਚ ਨਵਾਂ ਇਤਿਹਾਸ ਸਿਰਜ ਦਿੱਤਾ ਹੈ। ਵਿਸ਼ਵ ਚੈਂਪੀਅਨਸ਼ਿਪ ਵਿੱਚ ਇਹ ਉਸ ਦਾ ਪੰਜਵਾਂ ਤਮਗਾ ਹੈ। ਤਮਗਿਆਂ ਦੀ ਗਿਣਤੀ ਦੇ ਪੱਖੋਂ ਸਿੰਧੂ ਨੇ ਚੀਨ ਦੀ ਸਾਬਕਾ ਓਲੰਪਿਕ ਚੈਂਪੀਅਨ ਝਾਂਗ ਨਿੰਗ ਦੇ ਰਿਕਾਰਡ ਪੰਜ ਵਿਸ਼ਵ ਤਮਗਿਆਂ ਦੀ ਬਰਾਬਰੀ ਹਾਸਲ ਕਰ ਲਈ ਹੈ। ਉਹ ਅਜਿਹੇ ਕੁੱਝ ਕੁ ਖਿਡਾਰੀਆਂ ਵਿੱਚ ਸ਼ਾਮਿਲ ਹੋ ਗਈ ਹੈ ਜਿਨ੍ਹਾਂ ਨੇ ਹਰ ਵਿਸ਼ਵ ਚੈਪੀਅਨਸ਼ਿਪ ਵਿੱਚ ਤਮਗਾ ਜਿੱਤਿਆ। ਸਿੰਧੂ ਨੇ 2016 ਦੀਆਂ ਓਲੰਪਿਕਸ ਵਿੱਚ ਚਾਂਦੀ ਦਾ ਤਮਗਾ ਜਿੱਤ ਕੇ **ਓਲੰਪਿਕਸ ਦੇ ਮੁਕਾਬਲੇ ਵਿੱਚ ਪੁੱਜਣ ਵਾਲੀ ਅਤੇ ਤਮਗਾ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ** ਬਣਨ ਦਾ ਮਾਣ ਹਾਸਲ ਕੀਤਾ।

ਪੀ.ਵੀ.ਸਿੰਧੂ ਨੂੰ ਖੇਡਾਂ ਵਿਰਾਸਤ ਵਿੱਚੋਂ ਮਿਲੀਆਂ। ਉਸ ਦੇ ਪਿਤਾ ਅੰਤਰਰਾਸ਼ਟਰੀ ਅਤੇ ਮਾਤਾ ਰਾਸ਼ਟਰੀ ਪੱਧਰ ਦੇ ਵਾਲੀਬਾਲ ਖਿਡਾਰੀ ਰਹੇ ਹਨ। ਉਸ ਦੀ ਵੱਡੀ ਭੈਣ ਡਾ. ਪੀ.ਵੀ. ਦਿਵਯਾ ਵੀ ਹੈਂਡਬਾਲ ਦੀ ਰਾਸ਼ਟਰੀ ਖਿਡਾਰਨ ਸੀ। ਸਿੰਧੂ ਨੇ ਅੱਠ ਸਾਲ ਦੀ ਉਮਰ ਤੋਂ ਹੀ ਬੈਡਮਿੰਟਨ ਖੇਡਣੀ ਸ਼ੁਰੂ ਕਰ ਦਿੱਤੀ ਅਤੇ ਰਾਸ਼ਟਰੀ ਪੱਧਰ ਦੇ ਭਿੰਨ ਭਿੰਨ ਜੂਨੀਅਰ ਕੈਟਾਗਰੀਆਂ ਮੁਕਾਬਲਿਆਂ ਵਿੱਚ ਦਰਜਣਾਂ ਤਮਗੇ ਜਿੱਤੇ। ਉਸ ਨੇ 2018 ਦੀਆਂ ਕਾਮਨਵੈਲਥ ਖੇਡਾਂ ਅਤੇ ਏਸ਼ੀਅਨ ਖੇਡਾਂ ਵਿੱਚ ਚਾਂਦੀ ਦੇ ਤਮਗੇ ਜਿੱਤੇ। ਸੰਨ 2018 ਵਿੱਚ ਸਿੰਧੂ, ਵਰਲਡ ਟੂਰ ਫਾਈਨਲ ਜਿੱਤਣ ਵਾਲੀ ਪਹਿਲੀ ਭਾਰਤੀ ਔਰਤ ਬਣੀ।

ਸਿੰਧੂ ਨੇ 2018 ਵਿੱਚ 8.5 ਮਿਲੀਅਨ ਡਾਲਰ ਅਤੇ 2019 ਵਿੱਚ ਹੁਣ ਤੱਕ 5.5 ਮਿਲੀਅਨ ਡਾਲਰ ਜਿੱਤ ਕੇ ਫੋਰਬਜ਼ ਲਿਸਟ ਵਿੱਚ ਸਭ ਤੋਂ ਵੱਧ ਕਮਾਈ ਕਰਨ ਵਾਲੀ ਮਹਿਲਾ ਵਜੋਂ ਨਾਮ ਦਰਜ ਕਰਵਾਉਣ ਦਾ ਮਾਣ ਹਾਸਲ ਕੀਤਾ ਹੈ। ਉਸ ਦੀਆਂ ਖੇਡ-ਪ੍ਰਾਪਤੀਆਂ ਦਾ ਮਾਣ ਕਰਦਿਆਂ ਭਾਰਤ ਸਰਕਾਰ ਨੇ ਉਸ ਨੂੰ ਰਾਜੀਵ ਗਾਂਧੀ ਖੇਡ ਰਤਨ ਅਤੇ ਪਦਮ ਸ਼੍ਰੀ ਐਵਾਰਡਾਂ ਨਾਲ ਸਨਮਾਨਿਤ ਕੀਤਾ ਹੈ।

ਉਸ ਦੇ ਕੋਚ ਪੁਲੇਲਾ ਗੋਪੀਚੰਦ ਦੇ ਕਥਨ ਅਨੁਸਾਰ ਪੀ.ਵੀ. ਸਿੰਧੂ ਦੀ ਸਫ਼ਲਤਾ ਦਾ ਰਾਜ਼ ਹੈ ਉਸ ਦੀ ਖੇਡ ਪ੍ਰਤਿ ਨਿਹਚਾ, ਮਿਹਨਤ ਤੇ ਪ੍ਰਤਿਬੱਧਤਾ।

## ਸੋਨ ਪਰੀ-ਹਿਮਾ ਦਾਸ




ਭਾਰਤ ਦੇ ਪਿਛੜੇ ਪਹਾੜੀ ਇਲਾਕੇ ਦੇ ਇੱਕ ਪਿੰਡ ਵਿੱਚ ਗਰੀਬ ਕਿਸਾਨ ਦੀ 19 ਸਾਲਾ ਬੇਟੀ ਨੇ ਜੁਲਾਈ, 2019 ਵਿੱਚ ਮਹਿਜ਼ ਤਿੰਨ ਹਫ਼ਤਿਆਂ ਦੇ ਸਮੇਂ ਦੌਰਾਨ ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਵਿੱਚ ਪੰਜ ਸੋਨ ਤਮਗੇ ਜਿੱਤ ਕੇ ਤਹਿਲਕਾ ਮਚਾ ਦਿੱਤਾ। ਉਹ ਹੁਣ **ਏਸ਼ੀਆ ਦੀ ਦੂਜੀ ਸਭ ਤੋਂ ਤੇਜ਼ ਦੌੜਾਕ** ਬਣ ਗਈ ਹੈ। ਇੰਨਾ ਹੀ ਨਹੀਂ ਉਸ ਨੇ ਫਿਨਲੈਂਡ ਵਿੱਚ ਅੰਡਰ-20 ਚੈਂਪੀਅਨਸ਼ਿਪ ਵਿੱਚ 400 ਮੀਟਰ ਦੌੜ ਦਾ ਸੋਨ ਤਮਗਾ ਜਿੱਤ ਕੇ ਮਿਲਖਾ ਸਿੰਘ ਅਤੇ ਪੀ.ਟੀ.ਊਸ਼ਾ ਦਾ ਰਿਕਾਰਡ ਤੋੜ ਦਿੱਤਾ ਹੈ। ਉਸ ਨੂੰ 2018 ਵਿੱਚ ਯੂਨੀਸਫ ਦੀ **ਪਹਿਲੀ ਯੂਥ ਐਂਬੈਸੇਡਰ** ਚੁਣਿਆਂ ਗਿਆ ਹੈ। ਇਹ ਮਾਣ ਪ੍ਰਾਪਤ ਕਰਨ ਵਾਲੀ ਉਹ ਪਹਿਲੀ ਭਾਰਤੀ ਮਹਿਲਾ ਖਿਡਾਰਨ ਹੈ।

ਆਸਾਮ ਦੇ ਢਿੰਗ ਕਸਬੇ ਤੋਂ ਪੰਜ ਕਿਲੋਮੀਟਰ ਦੂਰ ਕੰਧੂਲੀਮਾਰੀ ਪਿੰਡ ਵਿਚ 9 ਜਨਵਰੀ, 2000 ਵਿੱਚ ਸ਼੍ਰੀ ਰੋਨਜੀਤ ਤੇ ਸ਼੍ਰੀਮਤੀ ਜੋਨਾਲੀ ਦਾਸ ਦੇ ਘਰ ਜਨਮੀ ਹਿਮਾ ਦਾਸ ਆਪਣੇ ਬਾਪ ਨਾਲ ਖੇਤਾਂ ਵਿੱਚ ਕੰਮ ਕਰਦੀ ਹੀ ਦੌੜ ਦਾ ਅਭਿਆਸ ਕਰਦੀ ਰਹਿੰਦੀ। ਉਹ 17 ਮੈਂਬਰਾਂ ਦੇ ਸਾਂਝੇ ਪਰਿਵਾਰ ਵਿੱਚ ਇੰਨੀ ਗਰੀਬੀ ਵਿੱਚ ਪਲੀ ਕਿ ਦੌੜਾਕ ਲਈ ਲਾਜ਼ਮੀ ਪੌਸ਼ਟਿਕ ਖੁਰਾਕ ਤੋਂ ਵੀ ਵਾਂਝੀ ਰਹੀ। ਉਹ ਸਕੂਲ ਵਿੱਚ ਮੁੰਡਿਆਂ ਨਾਲ ਨੰਗੇ ਪੈਰੀਂ ਫੁੱਟਬਾਲ ਖੇਡਦੀ। ਉਸ ਨੇ

ਬਾਕੀ ਸਫਾ 48 'ਤੇ .......



# ਮੈਂ ਧਰਤੀ ਪੰਜਾਬ ਦੀ

**ਜਸਪ੍ਰੀਤ ਕੌਰ ਸੈਣੀ**
ਨੂੰਹੋ

ਗੁਰੂਆਂ-ਪੀਰਾਂ ਤੇ ਪੈਗੰਬਰਾਂ ਦੀ ਧਰਤੀ- ਪੰਜਾਬ ਜਿਥੇ ਵਿਸ਼ਵ ਨੂੰ ਸੇਧ ਦੇਣ ਵਾਲੇ ਪਵਿੱਤਰ ਗ੍ਰੰਥਾਂ ਦੀ ਰਚਨਾ ਹੋਈ, ਅੱਜ ਕੁਰਲਾ ਰਹੀ ਹੈ। ਆਖਰੀ ਸਾਹ ਲੈ ਰਹੀ ਹੈ। ਬਾਜ਼ਾਰ ਵਿੱਚ ਮਿਲਾਵਟੀ ਚੀਜਾਂ ਜੋਰ ਸ਼ੋਰ ਨਾਲ ਵਿਕ ਰਹੀਆਂ ਹਨ। ਪਾਣੀ ਜ਼ਹਿਰੀਲਾ ਹੋ ਰਿਹਾ ਹੈ। ਸਿਹਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਦੁੱਧ ਵੀ ਸੁੱਧ ਨਹੀ ਰਿਹਾ ਕਿਉਕਿ ਕਿਸਾਨ ਆਪਣੇ ਖੇਤ ਚ ਜਿਹੜਾ ਚਾਰਾ ਪਸ਼ੂਆਂ ਲਈ ਬੀਜਦਾ ਹੈ ਉਸ ਚ ਕਈ ਕੀਟਨਾਸ਼ਕਾਂ ਦਾ ਛਿੜਕਾਅ ਕਰਦਾ ਹੈ। ਜਿਸ ਨਾਲ ਹਰੇ ਚਾਰੇ ਚ ਨਾਈਟਰੇਟ ਦੀ ਮਾਤਰਾ ਵਧ ਜਾਂਦੀ ਹੈ, ਜੋ ਜ਼ਹਿਰ ਦੇ ਸਾਮਾਨ ਹੈ। ਹਵਾ ਵੀ ਗੰਧਲੀ ਹੋ ਚੁੱਕੀ ਹੈ। ਇਸ ਚ ਸਾਹ ਲੈਣਾ ਔਖਾ ਹੋ ਗਿਆ ਹੈ। ਲੋਕ ਬੱਚਿਆਂ ਲਈ ਮਹਿੰਗੀਆਂ ਕੋਠੀਆਂ, ਜਾਇਦਾਦਾਂ ਬਣਾਉਣ ਦੀ ਦੌੜ ਚ ਹਨ। ਜੇਕਰ ਭਵਿਖ 'ਚ ਉਨ੍ਹਾਂ ਨੂੰ ਸ਼ੁੱਧ ਹਵਾ, ਪਾਣੀ ਨਾ ਮਿਲੇ ਤਾਂ ਉਹ ਕਾਹਦੇ ਆਸਰੇ ਜਿਊਣਗੇ?

ਪੰਜਾਬੀ ਸਭਿਆਚਾਰ ਅਲੋਪ ਹੋ ਰਿਹਾ ਹੈ। ਆਪਸੀ ਭਾਈਚਾਰਾ ਟੁੱਟ ਰਿਹਾ ਹੈ। ਪੁਰਾਣੇ ਸਮੇ ਵਿੱਚ ਮਨੋਰੰਜਨ ਦਾ ਸਾਧਨ ਪਿੰਡ ਦੀਆਂ ਸੱਥਾਂ ਹੁੰਦੀਆਂ ਸਨ ਜਿਥੇ ਲੋਕ ਇਕੱਠੇ ਬੈਠਦੇ ਸਨ। ਦੁੱਖ-ਸੁੱਖ ਸਾਂਝੇ ਕਰਦੇ ਸਨ। ਪਿੰਡ ਦੇ ਬਜੁਰਗ ਸੱਥਾਂ ਦੀ ਰੌਣਕ ਹੁੰਦੇ ਸਨ। ਕਿਸੇ ਨੂੰ ਇੱਕ ਗੱਲ ਸੱਚ ਹੀ ਕਹੀ ਹੈ ਕਿ ਉਦੋਂ ਘਰ ਕੱਚੇ ਸਨ ਪਰ ਦਿਲ ਸੱਚੇ ਸਨ। ਲੋਕਾਂ ਵਿੱਚ ਜ਼ਿੰਦਗੀ ਜਿਊਣ ਦੀ ਤਾਂਘ ਸੀ ਤੇ ਇੱਕ ਦੂਜੇ 'ਤੇ ਵਿਸ਼ਵਾਸ ਸੀ। ਅੱਜ ਕਲ੍ਹ ਸੱਥਾਂ ਦੀ ਬਜਾਏ, ਇਕੱਲੇ ਬੈਠ ਕੇ ਮੋਬਾਇਲਾਂ ਤੇ ਸਮਾਂ ਬਤੀਤ ਕੀਤਾ ਰਿਹਾ ਹੈ। ਅੱਜ ਦੀ ਦੌੜ ਭੱਜ ਵਾਲੀ ਜ਼ਿੰਦਗੀ ਵਿੱਚ ਕਿਸੇ ਕੋਲ ਗੱਲ ਕਰਨ ਦਾ ਸਮਾ ਨਹੀ ਹੈ। ਇਸੇ ਕਰਕੇ ਲੋਕ ਆਪਣੀਆਂ ਗੱਲਾਂ ਦਿਲ ਵਿੱਚ ਹੀ ਦੱਬ ਲੈਂਦੇ ਹਨ ਜਿਸ ਕਾਰਨ ਮਾਨਸਿਕ ਬਿਮਾਰੀਆਂ ਉਤਪੰਨ ਹੋ ਰਹੀਆਂ ਹਨ। ਪਰਿਵਾਰ ਇੱਕਠੇ ਰਹਿਣ ਦੀ ਬਜਾਏ ਅਲੱਗ ਰਹਿਣਾ ਪਸੰਦ ਕਰਦੇ ਹਨ। ਇਸ ਕਾਰਨ ਬੱਚਿਆਂ ਵਿੱਚ ਬਜ਼ੁਰਗਾਂ ਪ੍ਰਤਿ ਆਦਰ ਸਤਿਕਾਰ ਦੀ ਭਾਵਨਾ ਪੈਦਾ ਨਹੀਂ ਹੁੰਦੀ।

ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਪੜ੍ਹੇ ਲਿਖੇ ਨੋਜਵਾਨ ਰੁਜਗਾਰ ਲਈ ਵਿਦੇਸ਼ਾਂ ਵਿੱਚ ਰੁਲ ਰਹੇ ਹਨ। ਸਮੇ ਦੀਆਂ ਸਰਕਾਰਾ ਕੋਲ ਲਾਰੇ ਲੱਪਿਆਂ ਤੋਂ ਸਿਵਾਏ ਕੁਝ ਨਹੀ ਹੈ। ਪੰਜਾਬ ਵਿੱਚ ਚੱਲਦੇ ਕਾਰਖਾਨੇ ਵੀ ਸਿਆਸਤ ਦੀ ਭੇਟ ਚੜ੍ਹ ਕੇ ਦੂਸਰੇ ਸੂਬਿਆਂ ਵਿੱਚ ਚਲੇ ਗਏ ਹਨ। ਲੋਕ, ਸਮੇ ਦੀਆਂ ਸਰਕਾਰਾਂ ਤੋ ਤੰਗ ਆ ਕੇ ਆਪਣੇ ਬੱਚਿਆਂ ਦੇ ਸੁਨਹਿਰੇ ਭਵਿਖ ਲਈ ਆਪਣਾ ਘਰ ਬਾਹਰ ਗਹਿਣੇ ਰੱਖ ਕੇ, ਜ਼ਮੀਨਾ ਵੇਚ ਕੇ ਬੱਚਿਆ ਨੂੰ ਬਾਹਰਲੇ ਦੇਸ਼ਾਂ ਵੱਲ ਤੋਰਨ ਲਈ ਮਜਬੂਰ ਹੋ ਗਏ ਹਨ। ਕਈ ਨੌਜਵਾਨ ਗੈਰਕਾਨੂੰਨੀ ਇਮੀਗ੍ਰੇਸ਼ਨ-ਕਾਰੋਬਾਰੀਆ ਦੇ ਧੱਕੇ ਚੜ੍ਹ ਕੇ ਬਰਬਾਦ ਹੋ ਰਹੇ ਹਨ ਅਤੇ ਬਾਹਰਲੀਆਂ ਜੇਲ੍ਹਾਂ ਵਿੱਚ ਰੁਲ ਰਹੇ ਹਨ।

ਸਰਕਾਰ 978 ਕਰੋੜ ਰੁਪਏ ਖਰਚ ਕੇ ਚੰਦ 'ਤੇ ਜਾਣ ਲਈ ਕਾਹਲੀ ਹੈ ਜਦੋ ਮੇਰੇ ਦੇਸ਼ ਦੇ 40 ਕਰੋੜ ਲੋਕ ਭੁਖੇ ਸੌਂਦੇ ਹਨ। ਜਿਸ ਵੇਲੇ ਚੰਦਰਯਾਨ ਉਡਾਰੀ ਭਰ ਰਿਹਾ ਸੀ ਉਦੋ ਮੇਰੇ ਪੰਜਾਬ ਦੇ ਲੋਕ ਦਰਿਆਵਾਂ ਦੇ ਬੰਨ੍ਹਾਂ 'ਚ ਪਏ ਪਾੜਾਂ ਨੂੰ ਪੂਰਨ ਲਈ ਜੂਝ ਰਹੇ ਸਨ। ਕੀ ਚੰਦ ਤੇ ਪਹੁੰਚ ਕੇ ਦੇਸ਼ ਦੀ ਕੰਗਾਲੀ, ਗਰੀਬੀ, ਬਿਮਾਰੀ ਤੇ ਬੇਰੁਜ਼ਗਾਰੀ 'ਤੇ ਕਾਬੂ ਪਾ ਲਿਆ ਜਾਵੇਗਾ? ਕੀ ਕੂੜਾ ਇਕੱਠਾ ਕਰਦੇ ਬੱਚਿਆਂ ਅਤੇ ਝੁੱਗੀ ਝੋਪੜੀਆਂ 'ਚ ਰਹਿੰਦੇ ਮੇਰੇ ਭਾਰਤ ਮਹਾਨ ਦੇ ਭੁਖੇ ਨੰਗੇ ਵਾਸੀਆਂ ਨੂੰ ਚੰਦਰਯਾਨ ਬਾਰੇ ਕੁੱਝ ਪਤਾ ਹੈ? ਕਰੋੜਾਂ ਰੁਪਏ ਬਰਬਾਦ ਕਰਕੇ ਦੇਸ਼ ਭਗਤਾਂ ਦੀਆਂ ਉਚੀਆਂ-ਉਚੀਆਂ ਮੂਰਤੀਆਂ ਸਥਾਪਤ ਕਰਕੇ ਢਿੱਡਾਂ 'ਚ ਵਸਦੀ ਭੁੱਖ ਨੂੰ ਦੂਰ ਕਰ ਸਕੇਗਾ?

ਪੰਜਾਬ ਦੇ ਹਾਲਾਤ ਇਹ ਹੋ ਗਏ ਹਨ ਕਿ ਦੇਸ਼ ਦੇ ਕੁਝ ਅਜਿਹੇ ਸੂਬਿਆਂ ਤੋਂ ਜੋ ਵਿਕਾਸ ਦਰ ਵਿੱਚ ਪੰਜਾਬ ਤੋਂ ਕਿਤੇ ਪਿਛੇ ਹੁੰਦੇ ਸਨ। ਜੇਕਰ ਪੰਜਾਬ ਨੂੰ ਤਰੱਕੀ ਦੇ ਰਾਹ ਤੋਰਨਾ ਹੈ ਤਾਂ ਸਰਕਾਰ ਨੂੰ ਇਕ ਪਾਸੇ ਜਿਥੇ ਆਮਦਨ ਦੇ ਸਰੋਤ ਨੂੰ ਵਧਾ ਕੇ ਮਾਲੀਏ ਵਿੱਚ ਵਾਧਾ ਕਰਨਾ ਪਵੇਗਾ ਉਥੇ ਹੀ ਆਪਣੇ ਖਰਚਿਆਂ ਨੂੰ ਘੱਟ ਕਰਨਾ ਪਵੇਗਾ।

ਪੰਜਾਬ ਦੀ ਐਸੀ ਹਾਲਾਤ ਲਈ ਸੂਬਾ ਸਰਕਾਰ, ਕੇਂਦਰ ਸਰਕਾਰ ਅਤੇ ਲੋਕ ਸਾਰੇ ਜ਼ਿੰਮੇਵਾਰ ਹਨ ਪੰਜਾਬ ਵਿੱਚ ਅੰਨ੍ਹੇਵਾਹ ਨਸ਼ਿਆ ਦੀ ਵਰਤੋਂ ਨੇ ਪਰਿਵਾਰਾਂ ਦੇ ਪਰਿਵਾਰ ਹੀ ਖਤਮ ਕਰ ਦਿੱਤੇ ਹਨ। ਚਿੱਟੇ ਦੇ ਕੋਹੜ ਨੇ ਜਿਥੇ ਪੰਜਾਬੀ ਗੱਭਰੂਆਂ ਦੀ ਜਵਾਨੀ ਖਾ ਲਈ ਓੱਥੇ ਹੀ ਪੰਜਾਬਣਾਂ ਨੂੰ ਵੀ ਨਹੀ ਬਖਸ਼ਿਆ। ਉਹ ਪੰਜਾਬਣਾਂ ਜੋ ਆਪਣੇ ਸਿਦਕ ਤੇ ਸਾਦਗੀ ਲਈ ਪੂਰੀ ਦੁਨੀਆਂ ਵਿੱਚ ਜਾਣੀਆਂ ਜਾਂਦੀਆ ਸਨ ਅੱਜ ਨਸ਼ਿਆਂ ਦੀ ਓਵਰਡੋਜ਼ ਨਾਲ ਮਰ ਰਹੀਆਂ ਹਨ। ਮਾਈ ਭਾਗੋ ਦੀਆਂ ਵਾਰਿਸ ਇਹ ਪੰਜਾਬਣਾਂ ਜੀਵਨ ਜਾਚ ਭੁੱਲ ਚੁੱਕੀਆਂ ਹਨ। ਜੋ ਔਰਤ ਖੁਦ ਨਸ਼ਿਆਂ ਦੀ ਦਲਦਲ ਵਿੱਚ ਫਸੀ ਹੋਵੇਗੀ ਉਹ ਹਰੀ ਸਿੰਘ ਨਲਵਾ ਅਤੇ ਮਹਾਰਾਜਾ ਰਣਜੀਤ ਸਿੰਘ ਜਿਹੇ ਸੂਰਬੀਰ ਯੋਧਿਆਂ ਨੂੰ ਜਨਮ ਕਿਥੋਂ ਦੇਵੇਗੀ? ਜੇ ਅੱਜ ਇਸ ਵਿਸ਼ੇ 'ਤੇ ਚਿੰਤਨ ਨਾ ਕੀਤਾ ਗਿਆ ਤਾਂ ਪੰਜਾਬ ਦਾ ਵਿਨਾਸ਼ ਨਿਸ਼ਚਿਤ ਹੈ।

ਅੱਜ ਲੋੜ ਹੈ ਉਜੜ ਰਹੇ ਪੰਜਾਬ ਨੂੰ ਮੁੜ ਹਰਿਆ-ਭਰਿਆ ਬਣਾਉਣ ਦੀ। ਇਹ ਕੰਮ ਸਰਕਾਰ, ਪੁਲਿਸ, ਪ੍ਰਸ਼ਾਸਨ ਅਤੇ ਸੋਸਾਇਟੀ ਦੁਆਰਾ ਇਕੱਠੇ ਹੋ ਕੇ ਕੀਤਾ ਜਾ ਸਕਦਾ ਹੈ। ਤਾਂ ਹੀ ਪੰਜਾਬ ਦੀ ਕਿਸਾਨੀ ਤੇ ਜਵਾਨੀ ਨੂੰ ਬਚਾ ਕੇ ਪੰਜਾਬ ਦਾ ਪੁਨਰਨਿਰਮਾਣ ਕੀਤਾ ਜਾ ਸਕਦਾ ਹੈ।

ਏਕਲੀਨ ਕੌਰ
ਪੁੱਤਰੀ ਸ. ਰਾਜਵਿੰਦਰ ਸਿੰਘ (ਯੂ.ਕੇ.)






ਵਿਰਾਜ
ਪੁੱਤਰ ਸ. ਨਵਤੇਜ ਸਿੰਘ ਸੈਣੀ (ਯੂ.ਐੱਸ.ਏ.)

ਆਰਜਾ ਸਿੰਘ
ਪੁੱਤਰੀ ਸ. ਸੰਦੀਪ ਸਿੰਘ (ਯੂ.ਐੱਸ.ਏ.)








ਜੈ ਦੀਪ ਕੌਰ
ਪੁੱਤਰੀ ਸ. ਭੁਪਿੰਦਰ ਸਿੰਘ ਲੱਕੀ (ਰੂਪਨਗਰ)






ਗੁਰਪ੍ਰੀਤ ਕੌਰ
ਪੁੱਤਰੀ ਸ. ਰਣਜੀਤ ਸਿੰਘ ਸੈਣੀ



ਏਕਮਪ੍ਰੀਤ ਕੌਰ
ਪੁੱਤਰੀ ਸ. ਰਣਜੀਤ ਸਿੰਘ ਸੈਣੀ (ਰੂਪਨਗਰ)



ਅਰਸ਼ਜੋਤ ਸਿੰਘ
ਪੁੱਤਰ ਸ. ਗੁਰਜੀਤ ਸਿੰਘ
ਮੋਹਾਲੀ

# ਸੈਣੀ ਭਵਨ - ਤਸਵੀਰਾਂ ਬੋਲਦੀਆਂ




ਮੈਗਜ਼ੀਨ "ਸੈਣੀ ਸੰਸਾਰ" ਦਾ 34ਵਾਂ ਅੰਕ ਰਿਲੀਜ਼ ਕਰਦੇ ਹੋਏ ਮਾਨਯੋਗ ਤੇਜਦੀਪ ਸਿੰਘ ਸੈਣੀ PCS ਡਾਇਰੈਕਟਰ ਸਪੋਰਟਸ ਯੂ.ਟੀ. ਚੰਡੀਗੜ੍ਹ



ਖੂਨਦਾਨੀਆਂ ਨੂੰ ਸਨਮਾਨਿਤ ਕਰਦੇ ਹੋਏ ਸ. ਤੇਜਦੀਪ ਸਿੰਘ ਸੈਣੀ PCS
ਅਤੇ ਡਾ. ਆਰ.ਐੱਸ. ਪਰਮਾਰ




ਵਿਸ਼ੇਸ਼ ਮਹਿਮਾਨ ਡਾ. ਮਾਨਵਪ੍ਰੀਤ ਕੌਰ (ਯੂ.ਐੱਸ.ਏ.) ਦਾ ਸਨਮਾਨ ਕਰਦੇ
ਹੋਏ ਸੈਣੀ ਭਵਨ ਦੇ ਪ੍ਰਬੰਧਕ



ਸੈਣੀ ਭਵਨ ਵਿਖੇ ਤੀਆਂ ਦੇ ਤਿਉਹਾਰ ਦੀਆਂ ਰੌਣਕਾਂ



ਮਹਾਦਾਨੀ ਕਰਨਲ ਜੀ.ਆਰ.ਸੈਣੀ ਨੂੰ 102ਵੇਂ ਜਨਮ ਦਿਨ 'ਤੇ ਵਧਾਈ
ਦਿੰਦੇ ਹੋਏ ਸੈਣੀ ਭਵਨ ਦੇ ਪ੍ਰਬੰਧਕ

# ਸੈਣੀ ਸੰਸਾਰ
# Saini Sansar

PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

35

October - December 2019

ਮੁੱਲ : 30 ਰੁਪਏ